# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 6 | Issue 28 | 12 July to 18 July 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


## ਅਮਰਨਾਥ ਯਾਤਰਾ 'ਤੇ ਕੀਤੇ ਦਹਿਸ਼ਤੀ ਹਮਲੇ ਦੌਰਾਨ 7 ਮੌਤਾਂ, 15 ਜ਼ਖ਼ਮੀ



ਹਮਲੇ ਵਿਚ ਜ਼ਖ਼ਮੀ ਹੋਏ ਸ਼ਰਧਾਲੂ

**ਅਨੰਤਨਾਗ/ਬਿਊਰੋ ਨਿਊਜ਼** :ਜੰਮੂ ਕਸ਼ਮੀਰ ਦੇ ਜ਼ਿਲ੍ਹੇ ਅਨੰਤਨਾਗ ਵਿੱਚ ਅਤਿਵਾਦੀਆਂ ਤੇ ਪੁਲੀਸ ਵਿਚਾਲੇ ਚੱਲ ਰਹੇ ਮੁਕਾਬਲੇ ਦੀ ਲਪੇਟ ਵਿਚ ਅਮਰਨਾਥ ਯਾਤਰੀਆਂ ਦੀ ਬੱਸ ਆ ਜਾਣ ਕਾਰਨ ਸੱਤ ਸ਼ਰਧਾਲੂ ਮਾਰੇ ਗਏ ਅਤੇ 15 ਹੋਰ ਜ਼ਖ਼ਮੀ ਹੋ ਗਏ। ਮਰਨ ਵਾਲਿਆਂ ਵਿੱਚ ਪੰਜ ਔਰਤਾਂ ਸ਼ਾਮਲ ਹਨ। ਕੁਝ ਟੀਵੀ ਚੈਨਲਾਂ ਮੁਤਾਬਕ ਕਸ਼ਮੀਰ ਵਿੱਚ ਤਿੰਨ ਥਾਈਂ ਹਮਲੇ ਹੋਏ। ਪੁਲੀਸ ਦੇ ਇੰਸਪੈਕਟਰ ਜਨਰਲ ਮੁਨੀਰ ਖ਼ਾਨ ਨੇ 7 ਮੌਤਾਂ ਤੇ 15 ਜਣਿਆਂ ਦੇ ਜ਼ਖ਼ਮੀ ਹੋਣ ਦੀ ਪੁਸ਼ਟੀ ਕੀਤੀ ਹੈ। ਜ਼ਖ਼ਮੀਆਂ ਵਿੱਚ ਇਕ ਪੁਲੀਸ ਮੁਲਾਜ਼ਮ ਸ਼ਾਮਲ ਹੈ। ਇਸ ਬੱਸ ਵਿੱਚ ਸਵਾਰ ਯਾਤਰੀ ਅਮਰਨਾਥ ਗੁਫਾ ਦੇ ਦਰਸ਼ਨ ਕਰਨ ਮਗਰੋਂ ਬਾਲਟਾਲ ਤੋਂ ਪਰਤ ਰਹੇ ਸਨ। ਸੀਆਰਪੀਐਫ ਨੇ ਇਕ ਬਿਆਨ ਵਿੱਚ ਕਿਹਾ ਕਿ ਇਹ ਬੱਸ ਇਸ ਅਧਿਕਾਰਤ ਯਾਤਰਾ ਦਾ ਹਿੱਸਾ ਨਹੀਂ ਸੀ ਅਤੇ ਨਾ ਹੀ ਇਹ ਅਮਰਨਾਥ ਧਾਮ ਬੋਰਡ ਕੋਲ ਰਜਿਸਟਰਡ ਸੀ।

**ਬਾਕੀ ਸਫ਼ਾ 31 'ਤੇ**

### *ਨਹਿਰੀ ਪਾਣੀਆਂ ਦਾ 'ਸੇਕ'*

# ਸੁਪਰੀਮ ਕੋਰਟ ਪੰਜਾਬ ਦੇ ਰਵੱਈਏ ਤੋਂ ਨਾਰਾਜ਼

- ਕਿਹਾ-ਪਾਣੀ ਦੀ ਸਮੱਸਿਆ ਬਾਅਦ ਵਿਚ, ਪਹਿਲਾਂ ਨਹਿਰ ਉਸਾਰੋ
- ਕੇਂਦਰ ਨੂੰ ਪੰਜਾਬ-ਹਰਿਆਣਾ ਵਿਚਾਲੇ ਸੁਲਾਹ ਕਰਾਉਣ ਦੀਆਂ ਹਦਾਇਤਾਂ
- ਇਸ ਮੁੱਦੇ 'ਤੇ ਕਿਸੇ ਤਰ੍ਹਾਂ ਦਾ ਅੰਦੋਲਨ ਨਾ ਹੋਵੇ



**ਨਵੀਂ ਦਿੱਲੀ/ਬਿਊਰੋ ਨਿਊਜ਼** : ਪੰਜਾਬ-ਹਰਿਆਣਾ ਵਿਚਾਲੇ ਚੱਲ ਰਹੇ ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਵਿਵਾਦ ਵਿਚ ਸੁਪਰੀਮ ਕੋਰਟ ਨੇ ਅਹਿਮ ਫ਼ੈਸਲਾ ਸੁਣਾਇਆ ਹੈ। ਪੰਜਾਬ ਦੇ ਰਵੱਈਏ ਨਾਲ ਨਾਰਾਜ਼ਗੀ ਜ਼ਾਹਰ ਕਰਦਿਆਂ ਅਦਾਲਤ ਨੇ ਪੰਜਾਬ ਸਰਕਾਰ ਨੂੰ ਪੁਛਿਆ ਹੈ ਕਿ ਜੇਕਰ ਹਰਿਆਣਾ ਆਪਣੇ ਹਿੱਸੇ ਦੀ ਐਸ.ਵਾਈ.ਐਲ. ਨਹਿਰ ਦਾ ਕੰਮ ਲਗਭਗ ਪੂਰਾ ਕਰ ਚੁੱਕਾ ਹੈ ਤਾਂ ਪੰਜਾਬ ਕਿਉਂ ਨਹੀਂ? ਜੇਕਰ ਨਹਿਰ ਲਈ ਪਾਣੀ ਦੀ ਸਮੱਸਿਆ ਹੈ ਤਾਂ ਇਸ ਨੂੰ ਬਾਅਦ ਵਿਚ ਦੇਖਾਂਗੇ। ਜਸਟਿਸ ਦੀਪਕ ਮਿਸ਼ਰਾ ਦੇ ਬੈਂਚ ਨੇ ਕਿਹਾ ਕਿ ਦੋਵੇਂ ਸੂਬੇ ਨਹਿਰ ਦਾ ਕੰਮ ਪੂਰਾ ਕਰਨ, ਉਸ ਮਗਰੋਂ ਪਾਣੀ ਦੇ ਝਗੜੇ ਨੂੰ ਤੈਅ ਕਰਾਂਗੇ। ਅਦਾਲਤ ਨੇ ਕੇਂਦਰ ਨੂੰ ਨਿਰਦੇਸ਼ ਦਿੱਤਾ ਕਿ ਉਹ ਦੋ ਮਹੀਨਿਆਂ ਦੇ ਅੰਦਰ-ਅੰਦਰ ਦੋਹਾਂ ਸੂਬਿਆਂ ਵਿਚਾਲੇ ਸੁਲਾਹ ਕਰਵਾਏ। ਅਗਲੀ ਸੁਣਵਾਈ 7 ਸਤੰਬਰ ਨੂੰ ਹੋਵੇਗੀ।

**ਬਾਕੀ ਸਫ਼ਾ 31 'ਤੇ**

### ਕੈਪਟਨ ਸਰਕਾਰ ਦੀਆਂ ਵੱਧ ਸਕਦੀਆਂ ਹਨ ਮੁਸ਼ਕਲਾਂ

**ਚੰਡੀਗੜ੍ਹ/ਬਿਊਰੋ ਨਿਊਜ਼** : ਸੁਪਰੀਮ ਕੋਰਟ ਵੱਲੋਂ ਸਤਲੁਜ-ਯਮੁਨਾ ਲਿੰਕ (ਐਸਵਾਈਐਲ) ਨਹਿਰ ਦੇ ਨਿਰਮਾਣ ਦਾ ਫੈਸਲਾ ਲਾਗੂ ਕਰਾਉਣ ਲਈ ਕੀਤੀ ਜਾ ਰਹੀ ਸਖ਼ਤੀ ਕਾਰਨ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਮੁੱਖ ਮੰਤਰੀ ਵਜੋਂ ਕੈਪਟਨ ਨੇ ਆਪਣੀ ਪਹਿਲੀ ਪਾਰੀ ਦੌਰਾਨ ਪਾਣੀ ਬਾਰੇ ਸਾਰੇ ਸਮਝੌਤੇ ਰੱਦ ਕਰਨ ਸਬੰਧੀ ਕਾਨੂੰਨ-2004 ਪਾਸ ਕੀਤਾ ਸੀ, ਜਿਸ ਕਾਰਨ ਲਗਭਗ 13 ਸਾਲ ਤਕ

**ਬਾਕੀ ਸਫ਼ਾ 31 'ਤੇ**

# ਸਿੱਖ ਤਵਾਰੀਖ ਦਾ ਅਹਿਮ ਦਸਤਾਵੇਜ਼ ਹੋਵੇਗੀ 'ਦਿ ਬਲੈਕ ਪ੍ਰਿੰਸ' : ਸਤਿੰਦਰ ਸਰਤਾਜ

### *ਸਿੱਖ ਰਾਜ ਸਬੰਧੀ ਅੰਗਰੇਜ਼ਾਂ ਵਲੋਂ ਚੱਲੀਆਂ ਕੂਟ ਚਾਲਾਂ ਦਾ ਪਰਦਾਫਾਸ਼ ਕਰੇਗੀ ਮਹਾਰਾਜਾ ਦਲੀਪ ਸਿੰਘ 'ਤੇ ਆਧਾਰਤ ਹਾਲੀਵੁੱਡ ਦੀ ਫ਼ਿਲਮ*

**ਚੰਡੀਗੜ੍ਹ/ਬਿਊਰੋ ਨਿਊਜ਼:** ਸਿੱਖ ਰਾਜ ਦੇ ਬਾਨੀ ਮਹਾਰਾਜਾ ਰਣਜੀਤ ਸਿੰਘ ਦੇ ਵਾਰਸ ਅਤੇ ਪੰਜਬ ਦੇ ਆਖ਼ਰੀ ਰਾਜੇ ਮਹਾਰਾਜਾ ਦਲੀਪ ਸਿੰਘ ਦੇ ਜੀਵਨ 'ਤੇ ਆਧਾਰਤ ਹਾਲੀਵੁੱਡ ਫ਼ਿਲਮ 'ਚ ਮੁੱਖ ਕਿਰਦਾਰ (ਦਲੀਪ ਸਿੰਘ) ਦੀ ਭੂਮਿਕਾ ਨਿਭਾਉਣ ਵਾਲੇ ਉੱਘੇ ਪੰਜਾਬੀ ਸੂਫੀ ਗਾਇਕ ਸਤਿੰਦਰ ਸਰਤਾਜ ਦਾ ਕਹਿਣਾ ਹੈ ਕਿ 'ਦ ਬਲੈਕ ਪ੍ਰਿੰਸ' ਦੁਨੀਆ ਭਰ ਦੇ ਲੋਕਾਂ ਨੂੰ ਨਾ ਕੇਵਲ ਸਿੱਖ ਕੌਮ ਦੇ ਗੌਰਵਮਈ ਇਤਿਹਾਸ ਤੇ ਵਿਰਸੇ ਤੋਂ ਜਾਣੂ ਕਰਵਾਏਗੀ ਬਲਕਿ ਮਹਾਰਾਜਾ ਦਲੀਪ ਸਿੰਘ ਦੀ ਜ਼ਿੰਦਗੀ ਦੇ ਕਈ ਅਣਛੂਹੇ ਪਹਿਲੂਆਂ ਨੂੰ ਵੀ ਦਰਸ਼ਕਾਂ ਦੇ ਸਾਹਮਣੇ ਰੱਖੇਗੀ। ਇਹ ਫਿਲਮ ਸਿੱਖ ਰਾਜ ਸਬੰਧੀ ਬਹੁਤ ਸਾਰੇ ਇਤਿਹਾਸਕਾਰਾਂ ਦੀਆਂ ਗਲਤ-ਬਿਆਨੀਆਂ, ਅੰਗਰੇਜ਼ਾਂ ਵਲੋਂ ਕੀਤੇ ਕੂੜ ਪ੍ਰਚਾਰ ਅਤੇ ਮਹਾਰਾਜਾ ਦਲੀਪ ਸਿੰਘ ਨਾਲ ਚੱਲੀਆਂ ਕੂਟ ਚਾਲਾਂ ਦਾ ਪਰਦਾਫਾਸ਼ ਵੀ ਕਰੇਗੀ। ਚੰਡੀਗੜ੍ਹ ਪ੍ਰੈੱਸ ਕਲੱਬ ਵਲੋਂ ਸਤਿੰਦਰ ਸਰਤਾਜ ਨਾਲ ਮੰਗਲਵਾਰ ਨੂੰ ਰੱਖੇ ਵਿਸ਼ੇਸ਼ "ਰੂ-ਬ-ਰੂ" ਪ੍ਰੋਗਰਮ ਦੌਰਾਨ ਮੀਡੀਆ ਨਾਲ ਗੱਲਬਾਤ ਦੌਰਾਨ ਸਰਤਾਜ ਨੇ ਕਿਹਾ ਕਿ ਫ਼ਿਲਮ 'ਦ ਬਲੈਕ ਪ੍ਰਿੰਸ' ਸਿੱਖ ਤਵਾਰੀਖ ਦਾ ਅਜਿਹਾ ਇਤਿਹਾਸਕ ਦਸਤਾਵੇਜ਼ ਹੋਵੇਗੀ, ਜਿਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਂਭਿਆ ਜਾ ਸਕੇਗਾ। ਉਨ੍ਹਾਂ ਕਿਹਾ ਕਿ ਮਹਾਰਾਜਾ ਦਲੀਪ ਸਿੰਘ ਦੀ ਜ਼ਿੰਦਗੀ ਦੇ ਬਹੁਤ ਸਾਰੇ ਅਜਿਹੇ ਪਹਿਲੂ ਹਨ, ਜਿਨ੍ਹਾਂ ਨੂੰ ਕਦੇ ਛੋਹਿਆ ਹੀ ਨਹੀਂ ਗਿਆ ਤੇ ਆਮ ਲੋਕਾਂ ਨੂੰ ਉਨ੍ਹਾਂ ਬਾਰੇ

**ਬਾਕੀ ਸਫ਼ਾ 32 'ਤੇ**




### ਦੁਨੀਆ ਭਰ ਦੇ ਸਿਨੇਮਾ ਘਰਾਂ 'ਚ 21 ਜੁਲਾਈ ਨੂੰ ਰਿਲੀਜ਼ ਹੋਵੇਗੀ

ਸਤਿੰਦਰ ਸਰਤਾਜ ਨੇ ਦੱਸਿਆ ਕਿ 'ਦ ਬਲੈਕ ਪ੍ਰਿੰਸ' 21 ਜੁਲਾਈ ਨੂੰ ਦੁਨੀਆ ਭਰ ਦੇ ਸਿਨੇਮਾ ਘਰਾਂ 'ਚ ਰਿਲੀਜ਼ ਹੋਣ ਜਾ ਰਹੀ ਇਸ ਫ਼ਿਲਮ ਨੂੰ ਅੰਗਰੇਜ਼ੀ ਤੋਂ ਇਲਾਵਾ ਹਿੰਦੀ ਤੇ ਪੰਜਾਬੀ 'ਚ ਵੀ ਡੱਬ ਕੀਤਾ ਗਿਆ ਹੈ। ਫ਼ਿਲਮ ਦੇ ਗੀਤ ਪਹਿਲਾਂ ਹੀ ਕਾਫੀ ਮਕਬੂਲ ਹੋ ਰਹੇ ਹਨ। ਕਵੀ ਰਾਜ਼, ਜੈ ਖੰਨਾ ਤੇ ਜਸਜੀਤ ਸਿੰਘ ਵਲੋਂ ਬਣਾਈ ਇਸ ਫ਼ਿਲਮ ਨੂੰ ਕਵੀ ਰਾਜ਼ ਵੱਲੋਂ ਨਿਰਦੇਸ਼ਿਤ ਕੀਤਾ ਗਿਆ ਹੈ, ਜਦਕਿ ਸੰਗੀਤ ਦੀਆਂ ਧੁਨਾਂ ਨਾਲ ਜੌਰਜ ਕੈਲਿਸ ਵੱਲੋਂ ਸ਼ਿੰਗਾਰਿਆ ਗਿਆ ਹੈ।

### 'ਦੀ ਬਲੈਕ ਪ੍ਰਿੰਸ'- ਨਵੀਂ ਪੀੜ੍ਹੀ ਲਈ ਆਪਣੇ ਵਿਰਸੇ ਨੂੰ ਜਾਣਨਾ ਬਹੁਤ ਜ਼ਰੂਰੀ : ਸ਼ਬਾਨਾ

**ਚੰਡੀਗੜ੍ਹ/ਬਿਊਰੋ ਨਿਊਜ਼** : ਪੰਜਾਬ ਦੇ ਆਖਰੀ ਰਾਜਾ ਮਹਾਰਾਜਾ ਦਲੀਪ ਸਿੰਘ ਦੀ ਜ਼ਿੰਦਗੀ 'ਤੇ ਆਧਾਰਤ ਨਵੀਂ ਫ਼ਿਲਮ 'ਦੀ ਬਲੈਕ ਪ੍ਰਿੰਸ' ਬਾਰੇ ਆਪਣਾ ਤਜਰਬਾ ਸਾਂਝਾ ਕਰਦਿਆਂ ਬਾਲੀਵੁੱਡ ਦੀ ਮਸ਼ਹੂਰ ਅਦਾਕਾਰਾ ਸ਼ਬਾਨਾ



ਆਜ਼ਮੀ ਨੇ ਕਿਹਾ ਕਿ ਇਸ ਨੇ ਫ਼ਿਲਮਸਾਜ਼ੀ ਦਾ ਨਵਾਂ ਮੁਹਾਂਦਰਾ ਪੇਸ਼ ਕੀਤਾ ਹੈ। ਸ਼ਬਾਨਾ ਨੇ ਇਸ ਫ਼ਿਲਮ ਵਿਚ ਮਹਾਰਾਜਾ ਦਲੀਪ ਸਿੰਘ ਦੀ ਮਾਂ ਮਹਾਰਾਣਾ ਜਿੰਦਾਂ ਦਾ ਕਿਰਦਾਰ ਨਿਭਾਇਆ ਹੈ। ਮਹਾਰਾਣੀ ਜਿੰਦਾਂ ਬਰਤਾਨਵੀ ਸਾਮਰਾਜ ਨਾਲ ਟੱਕਰ ਲੈਂਦਿਆਂ ਆਪਣੇ ਪੁੱਤ ਦਾ ਅਧਿਕਾਰ ਵਾਪਸ ਹਾਸਲ ਕਰਨ ਲਈ ਲੜਦੀ ਹੈ। ਇਸ ਦੇ ਮੁੱਖ ਕਿਰਦਾਰਾਂ ਵਿਚ ਸਤਿੰਦਰ ਸਰਤਾਜ ਤੇ ਜੈਸਨ ਫਲੈਮਿੰਗ ਹਨ। ਇਹ ਫ਼ਿਲਮ ਦੁਨੀਆ ਭਰ ਦੇ ਸਿਨੇਮਾ ਘਰਾਂ ਵਿਚ 21 ਜੁਲਾਈ ਨੂੰ ਰਿਲੀਜ਼ ਹੋਣ ਜਾ ਰਹੀ ਹੈ। ਸ਼ਬਾਨਾ ਦਾ ਆਪਣੇ ਕਿਰਦਾਰ ਬਾਰੇ ਕਹਿਣਾ ਹੈ

**ਬਾਕੀ ਸਫ਼ਾ 32 'ਤੇ**


For Advertisements in Quomantry Amritsar Times Please Call :

Jai Singh

510-677-2777
















IN CINEMAS
JULY 21st
ENGLISH | PUNJABI | HINDI
BASED ON THE TRUE STORY OF
MAHARAJA DULEEP SINGH
THE BLACK PRINCE
A FILM BY KAVI RAZ
A FILM BY KAVI RAZ "THE BLACK PRINCE" STARRING SATINDER SARTAAJ JASON FLEMYNG AMANDA ROOT SOPHIE STEVENS RUP MAGON AND SHABANA AZMI MUSIC BY GEORGE KALLIS
SONGS MUSIC BY PREM & HARDEEP EDITED BY HEIDI SCHARFE JULY 21ST DIRECTOR OF PHOTOGRAPHY AARON C. SMITH WRITTEN AND DIRECTED BY KAVI RAZ
PG-13 PARENTS STRONGLY CAUTIONED
Some Material May Be Inappropriate for Children Under 13
CROSSOVER
brillstein entertainment partners
FAITH. BETRAYAL. HOPE.
ACI
UNISYS
STERLING MEDIA

# ਗੁਰਦੁਆਰਾ ਸਾਹਿਬ ਖਾਲਸਾ ਕੇਅਰ ਫਾਊਂਡੇਸ਼ਨ

## GURDWARA SAHIB KHALSA CARE FOUNDATION

9989 Laurel Canyon Blvd, Pacoima CA 91331

# ਧੰਨ ਧੰਨ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਸਮਾਗਮ



ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ

**ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ**
**ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਜੀ**

**ਐਤਵਾਰ 16 ਜੁਲਾਈ**
ਸਵੇਰੇ 11:00 ਵਜੇ ਤੋਂ ਬਾਅਦ ਦੁਪਹਿਰ 1:00 ਵਜੇ ਤੱਕ

ਸੋਮਵਾਰ 17 ਜੁਲਾਈ ਤੋਂ ਸ਼ਨਿਚਰਵਾਰ 22 ਜੁਲਾਈ ਤੱਕ
ਹਰ ਰੋਜ਼ ਸ਼ਾਮੀਂ 6:00 ਵਜੇ ਤੋਂ ਰਾਤੀਂ 9:00 ਵਜੇ ਤੱਕ

**ਐਤਵਾਰ 23 ਜੁਲਾਈ**
ਸਵੇਰੇ 11:00 ਵਜੇ ਤੋਂ ਬਾਅਦ ਦੁਪਹਿਰ 1:00 ਵਜੇ ਤੱਕ



ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਜੀ

*ਆਰੰਭ ਸ੍ਰੀ ਅਖੰਡ ਪਾਠ ਸਾਹਿਬ : 21 ਜੁਲਾਈ ਸ਼ੁਕਰਵਾਰ ਸਵੇਰੇ 9:00 ਵਜੇ ਅਤੇ ਭੋਗ ਸ੍ਰੀ ਅਖੰਡ ਪਾਠ ਸਾਹਿਬ : 23 ਜੁਲਾਈ ਐਤਵਾਰ ਸਵੇਰੇ 9:00 ਵਜੇ*



**ਹੋਰ ਜਾਣਕਾਰੀ ਲਈ ਭਾਈ ਕਨ੍ਹਈਆ ਜੀ ਸੇਵਾ ਦਲ ਨਾਲ ਸੰਪਰਕ ਕਰੋ :**
ਬਲਦੇਵ ਸਿੰਘ (818) 468-9595, ਬਲਵਿੰਦਰ ਸਿੰਘ (818) 404-0811
ਮੱਖਣ ਸਿੰਘ (661) 225-7157, ਪਰਮਜੀਤ ਸਿੰਘ (626) 354-6653





# CHAAT BHAVAN®

**Best Name for Indian Vegetarian Food**

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
**408.472.0229**

*Catering*
**FULL SERVICE CATERING FOR YOUR SPECIAL EVENT**
from 50 to upto 10,000 guests.
*Setup a Tasting Appointment Today!*

5355 MOWRY AVENUE • FREMONT
**510.795.1100**

976 E. EL CAMINO REAL • SUNNYVALE
**408.795.1100**

4112 GRAFTON ST • DUBLIN
**925.829.1700**

WWW.CHAATBHAVAN.COM


SAVE $2500
ON DIESEL PER TRUCK WITH
ONE CALL!
10¢
TRANS-ALLIANCE
KHALSA
FUEL CARD
1243 6756 7698 3421
TRANS EXPRESS
DISCOUNT PER GALLON
✓ No more Pre-Paid Cards
✓ Get Rid of Bank Wires
✓ Low Transaction Fee
MORE: SAVINGS.
SAVE $40
OIL CHANGE AND ANY SYNTHETIC BOX CHANGE SERVICE.
We Proudly Feature: Mobil Delvac
TA TRUCK SERVICE
MORE: BAYS. EXPERTISE. SOLUTIONS.
MORE: EXPERTISE.
To Get You Rolling.
Highly-trained ASE and TIA-certified technicians.
All major tire brands serviced roadside.
TA TRUCK SERVICE
ROADSQUAD
YOU BREAK DOWN. WE SHOW UP.
844-698-1923
NEW PHONE NUMBER JUST FOR TRANS-ALLIANCE MEMBERS!
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# ਭਾਈ ਸਤਵਿੰਦਰ ਸਿੰਘ ਭੋਲਾ ਦਾ ਬਰਸੀ ਸਮਾਗਮ 16 ਜੁਲਾਈ ਨੂੰ

**ਮਿਲਪੀਟਸ/ਬਿਊਰੋ ਨਿਊਜ਼:** ਖਾੜਕੂ ਲਹਿਰ ਵਿੱਚ ਸਰਗਰਮ ਰਹੇ ਭਾਈ ਸਤਵਿੰਦਰ ਸਿੰਘ ਭੋਲਾ ਦਾ ਬਰਸੀ ਸਮਾਗਮ 16 ਜੁਲਾਈ ਐਤਵਾਰ ਨੂੰ ਗੁਰਦੁਆਰਾ ਸਾਹਿਬ ਸਿੰਘ ਸਭਾ ਬੇਅ ਏਰੀਆ ਮਿਲਪੀਟਸ ਵਿਖੇ ਹੋਵੇਗਾ। ਪਰਿਵਾਰਕ ਸੂਤਰਾਂ ਦੇ ਦਸਣ ਅਨੁਸਾਰ ਭਾਈ ਭੋਲਾ ਨਮਿੱਤ ਸਹਿਜ ਪਾਠ ਦੇ ਭੋਗ ਸਵੇਰੇ 10:00 ਵਜੇ ਤੋਂ 10:30 ਵਜੇ ਦਰਮਿਆਨ ਪਾਏ ਜਾਣਗੇ। ਉਸਤੋਂ ਬਾਅਦ ਕੀਰਤਨ ਹੋਵੇਗਾ। ਗੁਰੂ ਕਾ ਲੰਗਰ ਬਾਅਦ ਦੁਪਹਿਰ 1:00 ਵਜੇ ਵਰਤੇਗਾ। ਸਿੱਖ ਸੰਘਰਸ਼ ਨਾਲ ਜੁੜੀਆਂ ਸਭਨਾਂ ਜਥੇਬੰਦੀਆਂ, ਪੰਥਕ ਧਿਰਾਂ, ਸਿੱਖ ਆਗੂਆਂ ਸਮੇਤ ਸਭਨਾਂ ਪੰਥ ਹਿਤੈਸ਼ੀਆਂ ਨੂੰ ਪੁੱਜਣ ਦੀ ਸਨਿਮਰ ਬੇਨਤੀ ਹੈ ਹੋਰ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਸਿੰਘ ਸਭਾ ਬੇਅ ਏਰੀਆ ਮਿਲਪੀਟਸ ਫੋਨ ਨੰਬਰ 408-618-5545 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।



ਵਰਨਣਯੋਗ ਹੈ ਕਿ ਭਾਈ ਸਤਵਿੰਦਰ ਸਿੰਘ ਸਿੱਖ ਸੰਘਰਸ਼ ਨਾਲ ਲੰਮੇ ਸਮੇਂ ਤੋਂ ਜੁੜੇ ਬਾਪੂ ਸੂਰਤ ਸਿੰਘ ਖਾਲਸਾ ਦੇ ਦਾਮਾਦ ਸਨ। ਪਿੱਛੇ ਪਰਿਵਾਰ ਵਿੱਚ ਭਾਈ ਭੋਲਾ ਦੀ ਪਤਨੀ ਬੀਬੀ ਸਰਵਿੰਦਰ ਕੌਰ, ਬੇਟੀ ਹਰਮਨ ਕੌਰ ਸਿੱਧੂ ਅਤੇ ਬੇਟਾ ਗੁਰਮਨ ਸਿੰਘ ਸਿੱਧੂ ਹਨ। ਭਾਈ ਭੋਲਾ ਦੀ ਇਲੀਨੋਇ ਸਟੇਟ ਦੇ ਅਨਾਵਨ ਨੇੜਲੇ ਸ਼ਹਿਰ ਪ੍ਰੀਓਰੀਆ ਦੇ ਰਿਹਾਇਸ਼ੀ ਇਲਾਕੇ 'ਚ 16 ਅਗਸਤ 2015 ਨੂੰ ਰਾਤੀਂ 11:45 ਵਜੇ ਦੇ ਕਰੀਬ ਅਣਪਛਾਤੇ ਵਿਅਕਤੀਆਂ ਨੇ ਹਤਿਆ ਕਰ ਦਿੱਤੀ ਸੀ। ਪੁਲੀਸ ਨੇ ਮੌਕੇ ਉੱਤੇ ਪੁੱਜ ਕੇ ਵੇਖਿਆ ਸੀ ਕਿ 52 ਸਾਲਾ ਭਾਈ ਭੋਲਾ ਦੇ ਸਰੀਰਅਤੇ ਧੌਣ ਉੱਤੇ ਡੂੰਘੇ ਜ਼ਖ਼ਮ ਸਨ। ਪਰ ਕਾਤਲ ਵਾਰਦਾਤ ਬਾਅਦ ਫਰਾਰ ਹੋ ਗਏ ਸਨ। ਇੰਨਾ ਸਮਾਂ ਬੀਤ ਜਾਣ ਉੱਤੇ ਵੀ ਖੁਫ਼ੀਆ ਏਜੰਸੀਆਂ ਤੇ ਪੁਲੀਸ ਕਾਤਲਾਂ ਦੀ ਸੂਹ ਲਾਉਣ ਵਿੱਚ ਅਸਫ਼ਲ ਰਹੀਆਂ ਹਨ। ਇਸ ਹਤਿਆ ਵਿੱਚ ਭਾਰਤੀ ਏਜੰਸੀਆਂ ਦਾ ਹੱਥ ਸਮਝਿਆ ਜਾ ਰਿਹਾ ਸੀ ਜਿਹੜੀਆਂ ਪੰਥਕ ਮਸਲਿਆਂ ਦੇ ਹੱਲ ਲਈ ਅਣਮਿੱਥੇ ਸਮੇਂ ਦੀ ਭੁੱਖ ਹੜਤਾਲ ਉੱਤੇ ਬੈਠੇ ਬਾਪੂ ਖਾਲਸਾ ਦਾ ਮਨੋਬਲ ਡੇਗਣਾ ਚਾਹੁੰਦੀਆਂ ਸਨ। ਭਾਈ ਭੋਲਾ ਇੱਕ ਸਮੇਂ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਜੀਡੀਅਮ ਮੈਂਬਰ ਵੀ ਸਨ। ਸਿੱਖ ਜਥੇਬੰਦੀਆਂ ਭਾਈ ਸਤਵਿੰਦਰ ਸਿੰਘ ਭੋਲਾ ਦੇ ਕਾਤਲਾਂ ਨੂੰ ਕਾਬੂ ਕਰਨ ਲਈ ਲਗਾਤਾਰ ਅਮਰੀਕਾ ਸਰਕਾਰ ਤੋਂ ਮੰਗ ਕਰਦੀਆਂ ਆ ਰਹੀਆਂ ਹਨ।

### ਪੰਥਕ ਜਥੇਬੰਦੀਆਂ ਵਲੋਂ ਸ਼ਲਾਘਾ

ਇਸੇ ਦੌਰਾਨ ਸਿੱਖ ਪੰਚਾਇਤ ਬੇਅ ਏਰੀਆ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਯੂਥ ਆਫ਼ ਅਮਰੀਕਾ ਨੇ ਭਾਈ ਸਤਵਿੰਦਰ ਸਿੰਘ ਭੋਲਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਉਨ੍ਹਾਂ ਵਲੋਂ ਸਿੱਖ ਪੰਥ ਦੀ ਕੀਤੀ ਸੇਵਾ ਦੀ ਸ਼ਲਾਘਾ ਕਰਦਿਆਂ ਕਿਹਾ ਹੈ ਕਿ ਸਿੱਖ ਸੰਘਰਸ਼ ਵਿੱਚ ਭਾਈ ਸਤਵਿੰਦਰ ਸਿੰਘ ਭੋਲਾ ਦਾ ਅਹਿਮ ਯੋਗਦਾਨ ਰਿਹਾ। ਉਨ੍ਹਾਂ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਗਰਮ ਮੈਂਬਰ ਵਜੋਂ ਪੰਥ ਲਈ ਕਈ ਵਰ੍ਹੇ ਤਨਦੇਹੀ ਨਾਲ ਕੰਮ ਕੀਤਾ।

# ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿਲ ਵਿਖੇ ਡਾ. ਔਲਖ ਦੀ ਯਾਦ ਵਿਚ ਪੰਥਕ ਇਕੱਠ 16 ਜੁਲਾਈ ਨੂੰ

**ਨਿਊਯਾਰਕ/ਬਿਊਰੋ ਨਿਊਜ਼**

ਲੰਬੇ ਸਮੇਂ ਤੋਂ ਸਿੱਖਾਂ ਲਈ ਆਜ਼ਾਦ ਰਾਜ ਖਾਲਿਸਤਾਨ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਡਾ. ਗੁਰਮੀਤ ਸਿੰਘ ਔਲਖ ਦੀਆਂ ਪੰਥ ਪ੍ਰਤੀ ਸੇਵਾਵਾਂ ਨੂੰ ਸਜਦਾ ਕਰਨ ਲਈ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, 95-30, 118 ਸਟਰੀਟ, ਰਿਚਮੰਡ ਹਿੱਲ, ਨਿਊਯਾਰਕ 11419 ਵਿਖੇ ਉਹਨਾਂ ਦੀ ਯਾਦ ਵਿਚ 16 ਜੁਲਾਈ, 2017 ਦਿਨ ਐਤਵਾਰ ਨੂੰ ਵੱਡਾ ਪੰਥਕ ਇਕੱਠ



ਸੱਦਿਆ ਗਿਆ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤਾਂ ਨੂੰ ਇਸ ਪੰਥਕ ਇਕੱਠ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ। ਹੋਰ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ (ਫੋਨ 917-353-7265), ਗੁਰਦੇਵ ਸਿੰਘ ਕੰਗ (ਫੋਨ 718-974-4827) ਅਤੇ ਪ੍ਰਧਾਨ ਕੁਲਦੀਪ ਸਿੰਘ ਢਿਲੋਂ (ਫੋਨ 347-324-2405) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਮੁਲਜ਼ਮ ਨਹੀਂ ਚਾਹੁੰਦੇ '84 ਦੇ ਪੀੜਤਾਂ ਨੂੰ ਇਨਸਾਫ਼ ਮਿਲੇ : ਹਾਈ ਕੋਰਟ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਹਾਈ ਕੋਰਟ ਨੇ ਕਿਹਾ ਕਿ 1984 ਦੇ ਕਤਲੇਆਮ ਦੇ ਮੁਲਜ਼ਮ ਇਹ ਨਹੀਂ ਚਾਹੁੰਦੇ ਕਿ ਪੀੜਤ ਪਰਿਵਾਰਾਂ ਨੂੰ ਇਨਸਾਫ਼ ਮਿਲੇ। ਚੀਫ ਜਸਟਿਸ ਗੀਤਾ ਮਿੱਤਲ ਤੇ ਜਸਟਿਸ ਅਨੂ ਮਲਹੋਤਰਾ 'ਤੇ ਆਧਾਰਤ ਬੈਂਚ ਦੀ ਇਹ ਟਿੱਪਣੀ 1984 ਦੇ ਸਿੱਖ ਕਤਲੇਆਮ ਦੇ ਪੰਜ ਮੁਲਜ਼ਮਾਂ ਵੱਲੋਂ ਅਦਾਲਤੀ ਹੁਕਮਾਂ ਖ਼ਿਲਾਫ਼ ਸੁਪਰੀਮ ਕੋਰਟ ਚਲੇ ਜਾਣ ਬਾਰੇ ਸੂਚਿਤ ਕੀਤੇ ਜਾਣ ਮਗਰੋਂ ਸਾਹਮਣੇ ਆਈ ਹੈ। ਅਦਾਲਤ ਨੇ ਕਿਹਾ ਕਿ ਉਨ੍ਹਾਂ 11 ਮੁਲਜ਼ਮਾਂ ਨੂੰ ਸਿਰਫ਼ ਕਾਰਨ ਦੱਸੋ ਨੋਟਿਸ ਹੀ ਜਾਰੀ ਕੀਤਾ ਸੀ ਕਿ ਕਿਉਂਕਿ ਉਨ੍ਹਾਂ 'ਤੇ ਮਨੁੱਖਤਾਂ 'ਤੇ ਜ਼ੁਲਮ ਢਾਹੁਣ ਦੇ ਦੋਸ਼ ਲੱਗੇ ਹੋਏ ਹਨ। ਬੈਂਚ ਨੇ ਕਿਹਾ, 'ਉਹ ਸਿਰਫ਼ ਕੇਸ ਦੀ ਮੁੜ ਸੁਣਵਾਈ ਸ਼ੁਰੂ ਕਰਨ ਦਾ ਹੁਕਮ ਦੇਣ ਜਾ ਰਹੇ ਸਨ ਨਾ ਕਿ ਤੁਹਾਨੂੰ ਦੋਸ਼ੀ ਠਹਿਰਾਉਣ ਦਾ। 29 ਮਾਰਚ ਦੇ ਅਦਾਲਤੀ ਹੁਕਮਾਂ ਖ਼ਿਲਾਫ਼ ਤੁਹਾਡੀ ਵਿਸ਼ੇਸ਼ ਪਟੀਸ਼ਨ ਇਹ ਦੱਸਦੀ ਹੈ ਕਿ ਇਸ ਕੇਸ ਦੇ ਮੁਲਜ਼ਮ ਪੀੜਤ ਪਰਿਵਾਰਾਂ ਨੂੰ ਇਨਸਾਫ਼ ਨਹੀਂ ਮਿਲਣ ਦੇਣਾ ਚਾਹੁੰਦੇ।' ਉਨ੍ਹਾਂ ਕਿਹਾ ਕਿ ਅਦਾਲਤ ਨੇ ਮਹਿਸੂਸ ਕੀਤਾ ਸੀ ਕਿ ਹੇਠਲੀ ਅਦਾਲਤ ਵਿੱਚ ਮੁਲਜ਼ਮਾਂ ਤੇ ਦਾਅਵਿਆਂ ਦੇ ਗਵਾਹਾਂ ਦੇ ਬਿਆਨਾਂ ਨੂੰ ਸਹੀ ਢੰਗ ਨਾਲ ਨਿਰਖਿਆ ਪਰਖਿਆ ਨਹੀਂ ਗਿਆ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਤਾਂ ਇਹ ਹੈ ਕਿ 1984 ਦੇ ਦੰਗਿਆਂ ਵਿਚ ਤਿੰਨ ਹਜ਼ਾਰ ਤੋਂ ਵੱਧ ਲੋਕ ਮਾਰੇ ਗਏ ਸਨ ਜਦਕਿ ਮੁਲਜ਼ਮਾਂ ਦਾ ਕਹਿਣਾ ਹੈ ਕਿ ਇਨ੍ਹਾਂ ਘਟਨਾਵਾਂ ਵਿਚ ਕੋਈ ਵੀ ਮਾਰਿਆ ਨਹੀਂ ਸੀ ਗਿਆ।

# ਪੈਸੇ ਠੱਗ ਕੇ ਵਿਆਹ ਕਰਾਉਣ ਵਾਲਾ ਅਮਰੀਕਾ ਤੋਂ ਆਇਆ 'ਪ੍ਰਹੁਣਾ' ਕਾਬੂ

**ਜਲੰਧਰ/ਬਿਊਰੋ ਨਿਊਜ਼ :** ਵਿਦੇਸ਼ ਲਿਜਾਣ ਦਾ ਝਾਂਸਾ ਦੇ ਕੇ ਵਿਆਹ ਕਰਵਾਉਣ ਤੇ ਪੈਸੇ ਠੱਗਣ ਵਾਲੇ ਅਮਰੀਕਾ ਤੋਂ ਪਰਤੇ ਐਨ.ਆਰ.ਆਈ. ਨੂੰ ਪੁਲੀਸ ਨੇ ਦਿੱਲੀ ਹਵਾਈ ਅੱਡੇ ਤੋਂ ਕਾਬੂ ਕੀਤਾ ਹੈ। ਮੁਲਜ਼ਮ ਦੀ ਪਛਾਣ ਜਗਜੀਤ ਸਿੰਘ ਵਾਸੀ ਗਰੀਨ ਐਵੇਨਿਊ ਜਲੰਧਰ ਵਜੋਂ ਹੋਈ ਹੈ, ਜੋ ਦੋ ਸਾਲ ਅਮਰੀਕਾ ਰਹਿ ਚੁੱਕਾ ਹੈ। ਉਹ ਵਿਦੇਸ਼ ਲਿਜਾਣ ਦਾ ਝਾਂਸਾ ਦੇ ਕੇ ਹੁਣ ਤਕ ਚਾਰ ਵਿਆਹ ਕਰਵਾ ਚੁੱਕਾ ਹੈ। ਪੁਲੀਸ ਨੇ ਜਗਜੀਤ ਨੂੰ ਫੇਸਬੁੱਕ ਰਾਹੀਂ ਕੁੜੀ ਦੀ ਫ਼ਰਜ਼ੀ ਆਈ.ਡੀ. ਬਣਾ ਕੇ ਕਾਬੂ ਕੀਤਾ ਹੈ। ਉਸ ਕੋਲੋਂ ਦੋ ਪਾਸਪੋਰਟ ਬਰਾਮਦ ਹੋਏ ਹਨ, ਜਿਨ੍ਹਾਂ ਵਿਚ ਇੱਕ ਜਗਜੀਤ ਸਿੰਘ ਤੇ ਦੂਜਾ ਪਾਸਪੋਰਟ ਰਤਨ ਕੁਮਾਰ ਦੇ ਨਾਂ ਦਾ ਹੈ। ਜਗਜੀਤ ਦੇ ਚੌਥੇ ਵਿਆਹ ਦੀ ਸ਼ਿਕਾਰ ਹੋਈ ਨਵਜੋਤ ਕੌਰ ਪੁਲੀਸ ਕਮਿਸ਼ਨਰ ਪ੍ਰਵੀਨ ਸਿਨਹਾ ਨਾਲ ਮੀਡੀਆ ਅੱਗੇ ਪੇਸ਼ ਹੋਈ ਅਤੇ ਆਪਣੀ ਹੱਡਬੀਤੀ ਸੁਣਾਈ। ਨਵਜੋਤ ਨੇ ਦੱਸਿਆ ਕਿ ਜਗਜੀਤ ਸਿੰਘ ਉਸ ਨੂੰ ਵੈੱਬਸਾਈਟ ਸ਼ਾਦੀ.ਕਾਮ 'ਤੇ ਮਿਲਿਆ ਸੀ ਅਤੇ ਅਮਰੀਕਾ ਲਿਜਾਣ ਦਾ ਝਾਂਸਾ ਦੇ ਕੇ ਉਸ ਨਾਲ ਵਿਆਹ ਕਰਵਾ ਲਿਆ।



ਇਸ ਵਿਆਹ ਵਿਚ ਜਗਜੀਤ ਦੀ ਭੂਆ ਗੁਰਦੇਵ ਕੌਰ, ਭੂਆ ਦੀ ਧੀ ਬਲਜੀਤ ਕੌਰ ਅਤੇ ਜਵਾਈ ਕਮਲਜੀਤ ਸਿੰਘ ਵੀ ਸ਼ਾਮਲ ਸਨ। ਵਿਆਹ ਬਾਅਦ ਜਗਜੀਤ ਨੇ ਉਸ ਦੇ ਘਰਦਿਆਂ ਕੋਲੋਂ 6.28 ਲੱਖ ਰੁਪਏ ਲੈ ਲਏ ਅਤੇ ਉਸ ਵਿਚੋਂ 2 ਲੱਖ ਭੂਆ ਨੂੰ ਵਿਚੋਲਣ ਬਣਨ ਦੇ ਦਿੱਤੇ। ਵਿਆਹ ਤੋਂ 10 ਦਿਨ ਬਾਅਦ ਜਗਜੀਤ ਉਸ ਨੂੰ ਛੱਡ ਕੇ ਪੈਸੇ ਲੈ ਕੇ ਫਰਾਰ ਹੋ ਗਿਆ। ਪੁਲੀਸ ਕਮਿਸ਼ਨਰ ਨੇ ਦੱਸਿਆ ਕਿ ਜਗਜੀਤ ਪਹਿਲਾਂ ਵੀ ਤਿੰਨ ਵਿਆਹ ਕਰਵਾ ਚੁੱਕਾ ਹੈ ਅਤੇ ਵੱਖ ਵੱਖ ਥਾਣਿਆਂ ਵਿਚ ਉਸ ਖ਼ਿਲਾਫ਼ ਕੇਸ ਦਰਜ ਹਨ। ਪੁਲੀਸ ਨੇ ਉਸ ਦੀ ਭੂਆ ਗੁਰਦੇਵ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਜਦੋਂ ਕਿ ਉਸ ਦੀ ਧੀ ਤੇ ਜਵਾਈ ਹਾਲੇ ਫਰਾਰ ਹਨ।


CIS CALIFORNIA IMMIGRATION SERVICES
(Registered & Bonded)

> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> H-1 B VISA PETITION
> STUDENT VISA
> RELIGIOUS VISA
> LEGAL SERVICES





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office 4127 Bay Street, Suite 5
Tracy Office 95 W. 11th Street, Suite 205
www.caials.com rosy@caials.com

ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਅਮਰੀਕੀ ਆਜ਼ਾਦੀ ਦਿਹਾੜੇ 'ਤੇ ਸਿੱਖਾਂ ਦੀ ਫਲੋਟ ਰਹੀਂ ਖਿੱਚ ਦਾ ਕੇਂਦਰ









**ਕੈਪੀਟਲ ਹਿੱਲ/ਬਿਊਰੋ ਨਿਊਜ਼ :** ਅਮਰੀਕਾ ਦੇ 4 ਜੁਲਾਈ ਨੂੰ ਆਜ਼ਾਦੀ ਦਿਹਾੜੇ 'ਤੇ ਵਾਸ਼ਿੰਗਟਨ ਡੀ.ਸੀ. ਦੇ ਕੈਪੀਟਲ ਹਿੱਲ ਵਿਚ ਆਜ਼ਾਦੀ ਡੇ ਪਰੇਡ ਕੱਢੀ ਗਈ। ਇਸ ਸ਼ਮੂਲੀਅਤ ਨਾਲ ਸਿੱਖਾਂ ਦਾ ਫਲੋਟ ਅਠਵੇਂ ਸਾਲ ਵਿੱਚ ਦਾਖਲ ਹੋ ਗਿਆ ਹੈ। ਆਜ਼ਾਦੀ ਪਰੇਡ ਵਿਚ ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਅਤੇ ਸਾਥੀਆਂ ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ ਸਿੱਖ ਫਲੋਟ ਵੱਡੀ ਚਰਚਾ ਦਾ ਵਿਸ਼ਾ ਬਣ ਗਿਆ। ਇਸ ਨੇ ਸਿੱਖੀ ਦੀ ਪਹਿਚਾਣ ਨੂੰ ਅਥਾਹ ਹੁਲਾਰਾ ਦਿੱਤਾ ਹੈ। ਡਾਕਟਰ ਅਡਿੱਪਾ ਪ੍ਰਸ਼ਾਦ, ਬਲਜਿੰਦਰ ਸਿੰਘ ਸ਼ੰਮੀ, ਬਖਸ਼ੀਸ਼ ਸਿੰਘ, ਚਤਰ ਸਿੰਘ, ਸੁਰਿੰਦਰ ਸਿੰਘ ਇੰਜਨੀਅਰ, ਸੁਰਿੰਦਰ ਸਿੰਘ ਰਹੇਜਾ, ਬਖ਼ਸ਼ੀਸ਼ ਸਿੰਘ ,ਗੁਰਿੰਦਰ ਸਿੰਘ ਪੰਨੂ, ਚਤਰ ਸਿੰਘ ਸੈਣੀ , ਦਰਸ਼ਨ ਸਿੰਘ ਸਲੂਜਾ, ਹੇਮਾ ਸਿੱਧੂ, ਮਨਜੀਤ ਸਿੰਘ ਕੈਰੋਂ, ਦਵਿੰਦਰ ਸਿੰਘ ਦਿਉ, ਮਾਸਟਰ ਧਰਮਪਾਲ, ਭਾਰੀ ਸ਼ਵਿੰਦਰ ਸਿੰਘ, ਅਮਰੀਕਨ ਸਿੱਖ ਸਾਜਿਦ ਤਰਾਰ, ਮਨਪ੍ਰੀਤ ਸਿੰਘ ਮਠਾਰੂ, ਅਮਰ ਸਿੰਘ ਮਲੀ ਸਮੇਤ ਲਗਭਗ 322 ਸਿੱਖਾਂ ਨੇ ਸਿੱਖੀ ਪਹਿਚਾਣ ਨੂੰ ਉਭਾਰਨ ਲਈ ਫਲੋਟ ਦੇ ਨਾਲ ਹਿੱਸਾ ਲਿਆ। ਸਿੱਖ ਫਲੋਟ ਨੂੰ 60ਵੇਂ ਨੰਬਰ 'ਤੇ ਸ਼ਾਮਲ ਕੀਤਾ ਗਿਆ ਸੀ। ਅਮਰੀਕਨ ਆਰਮੀ ਵਲੋਂ ਅਫਗਾਨਿਸਤਾਨ ਵਿਚ ਜੁਝਾਰੂ ਸੇਵਾਵਾਂ ਨਿਭਾਉਣ ਵਾਲੇ ਫੌਜੀ ਸ੍ਰ. ਕਮਲਜੀਤ ਸਿੰਘ ਕਲਸੀ ਆਪਣੇ ਸਾਥੀਆਂ ਸਮੇਤ ਇਸ ਫਲੋਟ ਦੀ ਅਗਵਾਈ ਕਰ ਰਹੇ ਸਨ ਅਤੇ ਪਹਿਲੀ ਕਤਾਰ ਵਿਚ ਗੈਸਟ ਆਫ ਆਨਰ ਵਜੋਂ ਪੱਤਰਕਾਰ ਹਰਵਿੰਦਰ ਰਿਆੜ ਸ਼ਾਮਲ ਸੀ। ਪੁਲੀਸ ਵਿਭਾਗ ਦੇ ਪਰਮਜੀਤ ਸਿੰਘ ਬੇਦੀ ਅਤੇ ਉੱਘੇ ਬਿਜ਼ਨਸਮੈਨ ਦਲਜੀਤ ਸਿੰਘ ਸੰਧੂ ਕੈਲੀਫੋਰਨੀਆ ਵਿਸ਼ੇਸ਼ ਤੌਰ 'ਤੇ ਪਰੇਡ ਵਿਚ ਸ਼ਾਮਲ ਹੋਏ। ਫਲੋਟ ਦੇ ਪਿੱਛੇ ਪਿੱਛੇ ਗੱਭਰੂਆਂ ਅਤੇ ਮਟਿਆਰਾਂ ਨੇ ਭੰਗੜੇ ਨਾਲ ਅਮਰੀਕੀਆਂ ਦਾ ਮਨ ਮੋਹ ਲਿਆ। 'ਜਸ ਪੰਜਾਬੀ' ਵਲੋਂ ਹਰਵਿੰਦਰ ਸਿੰਘ ਰਿਆੜ ਅਤੇ ਦੀਪਕ ਧੀਮਾਨ ਵਲੋਂ ਸਮੁੱਚੀ ਪਰੇਡ ਦਾ ਲਾਈਵ ਟੈਲੀਕਾਸਟ ਕੀਤਾ ਗਿਆ। ਕੁਲਵਿਦੰਰ ਸਿੰਘ ਫਲੋਰਾ ਤੇ ਸੁਰਮੁਖ ਸਿੰਘ ਮਾਣਕੂ ਨੇ ਪੂਰੀ ਪਰੇਡ ਨੂੰ ਕੈਮਰੇ ਵਿੱਚ ਬੰਦ ਕੀਤਾ।

## ਸਿੱਖ ਰਿਲੀਜੀਅਸ ਸੁਸਾਇਟੀ ਨੇ ਅਮਰੀਕੀ ਆਜ਼ਾਦੀ ਦਿਹਾੜੇ ਮੌਕੇ ਕੱਢੀ ਪਰੇਡ ਵਿਚ ਹਿੱਸਾ ਲਿਆ

**ਸ਼ਿਕਾਗੋ/ਬਿਊਰੋ ਨਿਊਜ਼ :** ਸਿੱਖ ਰਿਲੀਜੀਅਸ ਸੁਸਾਇਟੀ ਪੈਲਾਟਾਈਨ, ਇਲੀਨੋਇਸ ਨੇ ਅਮਰੀਕੀ ਆਜ਼ਾਦੀ ਦਿਹਾੜੇ 'ਤੇ ਇੱਥੇ ਕੱਢੀ ਗਈ ਪਰੇਡ ਵਿਚ ਸ਼ਿਰਕਤ ਕੀਤੀ। ਇਸ ਸਾਲਾਨਾ ਪਰੇਡ ਵਿਚ ਪ੍ਰਬੰਧਕਾਂ ਵਲੋਂ 80 ਫਲੋਟ ਸ਼ਾਮਲ ਕੀਤੇ ਗਏ ਸਨ। ਪੈਲਾਟਾਈਨ ਪਿੰਡ ਵਿਚ ਇਹ 61ਵਾਂ ਸਾਲਾਨਾ ਉਤਸਵ ਸੀ। ਪਰੇਡ ਵਿਚ ਪ੍ਰੋਫੈਸ਼ਨਲ ਐਂਟਰਟੇਨਮੈਂਟ ਦੇ ਨਾਲ ਨਾਲ ਸਥਾਨਕ ਸੰਸਥਾਵਾਂ ਤੇ ਕਾਰੋਬਾਰੀਆਂ, ਸਥਾਨਕ ਪ੍ਰਸ਼ਾਸਨਿਕ ਅਧਿਕਾਰੀਆਂ, ਫਾਇਰ, ਪੁਲੀਸ ਤੇ ਹੋਰ ਪਤਵੰਤੇ ਸੱਜਣਾਂ ਨੇ ਸ਼ਿਰਕਤ ਕੀਤੀ। ਸਿੱਖ ਅਮਰੀਕੀਆਂ ਨੇ ਪੈਲਾਟਾਈਨ ਗੁਰਦੁਆਰਾ ਸਾਹਿਬ ਤੋਂ ਪਰੇਡ ਸ਼ੁਰੂ ਕੀਤੀ। ਇਹ ਫਲੋਟ ਕੌਮੀ ਰੰਗਾਂ ਨਾਲ ਸਜਾਈ ਗਈ ਸੀ। ਸਿੱਖਾਂ ਨੇ ਰਾਹ ਵਿਚ ਪਰੇਡ ਦੇਖ ਰਹੇ ਲੋਕਾਂ ਨੂੰ ਪਾਣੀ ਦੀਆਂ ਬੋਤਲਾਂ ਤੇ ਟਾਫ਼ੀਆਂ ਵੰਡੀਆਂ। ਇਹ ਪਰੇਡ ਕਮਿਊਨਿਟੀ ਪਾਰਕ ਨੇੜੇ ਜਾ ਕੇ ਖ਼ਤਮ ਹੋਈ, ਜਿੱਥੇ ਪੈਲਾਟਾਈਨ ਦੇ ਜਸ਼ਨ ਪੂਰੀ ਸ਼ਿਖ਼ਰ 'ਤੇ ਸਨ। ਹੋਰਨਾਂ ਮਨੋਰੰਜਕ ਪ੍ਰੋਗਰਾਮਾਂ ਦੇ ਨਾਲ ਨਾਲ ਪਟਾਕੇ ਵੀ ਚਲਾਏ ਗਏ। ਪ੍ਰੋਗਰਾਮ ਦੇ ਕੋਆਰਡੀਨੇਟਰ ਰਜਿੰਦਰ ਸਿੰਘ ਮਗੋ ਨੇ ਕਿਹਾ ਕਿ ਉਨ੍ਹਾਂ ਦਾ ਮਕਸਦ ਅਮਰੀਕਾ ਦੇ ਆਜ਼ਾਦੀ ਦਿਹਾੜੇ ਦੇ ਜਸ਼ਨਾਂ ਵਿਚ ਖ਼ੁਸ਼ੀਆਂ ਸਾਂਝੇ ਕਰਨਾ ਸੀ ਤੇ ਸਾਨੂੰ ਮਾਣ ਹੈ ਕਿ ਸਿੱਖ ਅਮਰੀਕੀ ਭਾਈਚਾਰੇ ਨੇ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ। ਭੰਗੜੇ ਦੀ ਥਾਪ ਨੇ ਲੋਕਾਂ ਨੂੰ ਨੱਚਣ ਲਈ ਮਜਬੂਰ ਕੀਤਾ। ਸਿੱਖ ਭਾਈਚਾਰੇ ਲਈ ਆਪਣੀ ਪਛਾਣ ਬਾਰੇ ਅਮਰੀਕੀਆਂ ਨੂੰ ਜਾਗਰੂਕ ਕਰਨ ਦਾ ਇਹ ਵਧੀਆ ਮੌਕਾ ਸੀ।

# ਸਿੱਖਾਂ ਨੇ ਕੀਤੀ 'ਫੋਰਥ ਜੁਲਾਈ ਪਰੇਡ' 'ਚ ਭਰਵੀਂ ਸ਼ਮੂਲੀਅਤ








**ਅਰਲਿੰਗਟਨ(ਟੈਕਸਸ)/ਹਰਜੀਤ ਸਿੰਘ ਢੇਸੀ:** ਇੱਥੇ ਹੁੰਦੀ ਸਾਲਾਨਾ ਅਮਰੀਕਨ ਆਜ਼ਾਦੀ ਦਿਵਸ ਪਰੇਡ ਵਿਚ ਇੱਥੇ ਵਸਦੇ ਸਿੱਖ ਭਾਈਚਾਰੇ ਨੇ ਦੂਜੀ ਵਾਰ ਸ਼ਮੂਲੀਅਤ ਕੀਤੀ। ਜ਼ਿਕਰਯੋਗ ਹੈ ਕਿ ਇਹ ਪਰੇਡ ਹਰ ਸਾਲ 4 ਜੁਲਾਈ ਨੂੰ ਕੀਤੀ ਜਾਂਦੀ ਹੈ ਜਿਸ ਵਿਚ ਆਜ਼ਾਦੀ ਦਿਵਸ ਜਸ਼ਨਾਂ ਨੂੰ ਬਹੁਤ ਹੀ ਜੋਸ਼ੋ ਖਰੋਸ਼ ਨਾਲ ਮਨਾਇਆ ਜਾਂਦਾ ਹੈ। ਇਸ ਸਾਲ ਸਿੱਖ ਭਾਈਚਾਰੇ ਤੋਂ ਇਲਾਵਾ ਸਥਾਨਕ ਫਾਇਰ ਡਿਪਾਰਟਮੈਂਟ, ਸੈਆਫਿਸ, ਅਰਲਿੰਗਟਨ ਪੁਲਿਸ, ਟੈਕਸਸ ਡਿਪਾਰਟਮੈਂਟ ਆਫ਼ ਸੇਫਟੀ, ਹਾਈ ਸਕੂਲ ਮਾਰਚਿੰਗ ਬੈਂਡ ਅਤੇ ਹੋਰ ਬਹੁਤ ਸਾਰੇ ਗਰੁੱਪਾਂ ਨੇ ਹਿੱਸਾ ਲਿਆ। ਇਸ ਪਰੇਡ ਵਿਚ ਅਮਰੀਕਨ ਭਾਈਚਾਰੇ ਦੇ ਹਜ਼ਾਰਾਂ ਲੋਕ ਸ਼ਾਮਲ ਹੋਏ ਭਾਰੀ ਗਰਮੀ ਦੇ ਬਾਵਜੂਦ ਭਰਵਾਂ ਉਤਸ਼ਾਹ ਸੀ। ਪਰੇਡ ਦੀ ਸ਼ੁਰੂਆਤ ਸਵੇਰੇ 8:00 ਵਜੇ ਹੋਈ। ਸਿੱਖ ਭਾਈਚਾਰੇ ਦੇ ਲੋਕ ਸੁੰਦਰ ਫਲੈਟ ਉਪਰ ਸਜੇ ਹੋਏ ਸਨ ਅਤੇ ਪੈਦਲ ਮਾਰਚ ਕਰ ਰਹੇ ਸਨ। ਵਰਨਣਯੋਗ ਹੈ ਕਿ ਸਿੱਖ ਟੈਂਪਲ ਗਾਰਲੈਂਡ ਦੇ ਪੰਜਾਬੀ ਸਕੂਲ ਦੇ ਬੱਚਿਆਂ ਵਿਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਉਨ੍ਹਾਂ ਦੇ ਹੱਥਾਂ ਵਿਚ ਅਮਰੀਕਨ ਫਲੈਗ ਅਤੇ ਬੈਨਰ ਫੜੇ ਹੋਏ ਸਨ ਅਤੇ ਉਹ ਮਾਰਚ ਕਰਦੇ ਹੋਏ ਅਮਰੀਕਨ ਲੋਕਾਂ ਨੂੰ "ਹੈਪੀ ਫੋਰਥ ਜੁਲਾਈ" ਕਹਿ ਰਹੇ ਸਨ। ਸਿੱਖੀ ਦੀ ਪਛਾਣ ਦਰਸਾਉਂਦੇ ਪੈਫਲਿੰਟ ਵੀ ਵੰਡੇ ਗਏ। ਪਰੇਡ ਦੇ ਮੁੱਖ ਪ੍ਰਬੰਧਕ ਕਰਮਜੀਤ ਸਿੰਘ ਨੇ ਦਸਿਆ ਕਿ ਇਸ ਤਰ੍ਹਾਂ ਦੇ ਅਮਰੀਕੀ ਜ਼ਸਨਾਂ ਵਿਚ ਸ਼ਮੂਲੀਅਤ ਨਾਲ ਸਿੱਖ ਭਾਈਚਾਰੇ ਦੀ ਪਛਾਣ ਬਣਦੀ ਅਤੇ ਅਮਰੀਕੀ ਭਾਈਚਾਰਿਆਂ ਵਿਚ ਸਾਂਝ ਵੀ ਵਧਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਿੱਖਾਂ ਨੂੰ ਹੋਰ ਵੀ ਅਜਿਹੀਆਂ ਪਰੇਡਾਂ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਬਿਲੂ ਬੈਨੀਪਾਲ ਅਤੇ ਹੋਰਨਾਂ ਵੱਲੋਂ ਖਾਣ ਪੀਣ ਦਾ ਪ੍ਰਬੰਧ ਵੀ ਕੀਤਾ ਹੋਇਆ ਸੀ।

# ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ 20 ਅਗਸਤ ਨੂੰ ਸਟਾਕਟਨ ਵਿਖੇ

**ਸਟਾਕਟਨ/ਬਿਊਰੋ ਨਿਊਜ਼ :** ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਮੈਂਬਰਾਂ ਦੀ ਮੀਟਿੰਗ ਲੈਥਰੋਪ ਦੇ ਸੇਵਾ ਸਦਨ ਹਾਲ ਵਿੱਚ ਸੰਪੰਨ ਹੋਈ। ਇਸ ਵਿੱਚ ਪ੍ਰੋ. ਹਰਭਜਨ ਸਿੰਘ, ਹਰਜਿੰਦਰ ਪੰਧੇਰ, ਤ੍ਰਿਪਤ ਸਿੰਘ ਭੱਟੀ, ਮਨਦੀਪ ਗੋਰਾ, ਗੁਰਪ੍ਰੀਤ ਕੌਰ, ਮਨਜੀਤ ਕੌਰ ਸੰਧੂ, ਹਰਨੇਕ ਸਿੰਘ, ਤਾਰਾ ਸਾਗਰ, ਅਸ਼ੋਕ ਤਾਂਗੜੀ ਨੇ ਭਾਗ ਲਿਆ। ਇਸ ਬੈਠਕ ਦਾ ਮੁੱਖ ਮਨੋਰਥ ਤਿੰਨ ਸਾਹਿਤਕ ਜਥੇਬੰਦੀਆਂ 'ਪੰਜਾਬੀ ਸਾਹਿਤ ਸਭਾ ਸਟਾਕਟਨ', 'ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਬੇ-ਏਰੀਆ)' ਅਤੇ 'ਪੰਜਾਬੀ ਗੀਤਕਾਰੀ ਮੰਚ ਕੈਲੇਫੋਰਨੀਆ' ਦੇ ਸਾਂਝੇ ਉੱਦਮਾਂ ਸਦਕਾ 20 ਅਗਸਤ, ਐਤਵਾਰ ਨੂੰ ਰਾਇਲ ਇੰਡੀਅਨ ਕੁਜ਼ੀਨ, 7610 ਪੈਸੇਫਿਕ ਐਵਨਿਊ, ਸਟਾਕਟਨ ਵਿਖੇ ਕਰਵਾਏ ਜਾ ਰਹੇ 'ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ' ਦੇ ਪ੍ਰੋਗਰਾਮ ਦੀ ਰੂਪ ਰੇਖਾ ਤਿਆਰ ਕਰਨਾ ਅਤੇ ਪ੍ਰਬੰਧਕੀ ਜ਼ਿੰਮੇਵਾਰੀਆਂ ਤੈਅ ਕਰਨਾ ਸੀ। ਇਹ ਸੰਮੇਲਨ ਕਰਾਂਤੀਕਾਰੀ ਕਵੀ ਲਾਲ ਸਿੰਘ ਦਿਲ ਅਤੇ ਲੋਕ ਕਵੀ ਗੁਰਦਾਸ ਰਾਮ ਆਲਮ ਨੂੰ ਸਮਰਪਿਤ ਹੋਵੇਗਾ। ਇਸ ਸੰਮੇਲਨ ਦੇ ਆਰੰਭ ਵਿਚ ਲਾਲ ਸਿੰਘ ਦਿਲ ਦੀ ਸਾਹਿਤਕ ਘਾਲਣਾ ਤੇ ਕਾਵਿਕ ਦੇਣ ਬਾਰੇ ਸੁਖਵਿੰਦਰ ਕੰਬੋਜ ਅਤੇ ਗੁਰਦਾਸ ਰਾਮ ਆਲਮ ਦੇ ਸਾਹਿਤਕ ਯੋਗਦਾਨ ਤੇ ਇਤਿਹਾਸਕ ਮਹੱਤਵ ਬਾਰੇ ਕੁਲਵਿੰਦਰ ਆਪਣੇ ਵਿਚਾਰ ਪੇਸ਼ ਕਰਨਗੇ। ਇਸ ਸੰਮੇਲਨ ਦੇ ਕੁੱਲ ਤਿੰਨ ਸੈਸ਼ਨ ਹੋਣਗੇ। ਪਹਿਲੇ ਸੈਸ਼ਨ ਵਿਚ ਦੋ ਨਵ-ਪ੍ਰਕਾਸ਼ਤ ਪੁਸਤਕਾਂ: ਦਰਸ਼ਨ ਬੁਲੰਦਵੀ, ਕੁਲਵੰਤ ਕੌਰ ਢਿੱਲੋਂ ਅਤੇ ਅਜ਼ੀਮ ਸ਼ੇਖਰ ਵੱਲੋਂ ਸੰਪਾਦਤ ਪਰਵਾਸੀ ਪੰਜਾਬੀ ਕਾਵਿ-ਸੰਗ੍ਰਹਿ: 'ਵਰਤਮਾਨ ਦੇ ਆਰ-ਪਾਰ' ਅਤੇ ਪ੍ਰੋ. ਹਰਭਜਨ ਸਿੰਘ ਦੀਆਂ ਚੋਣਵੀਆਂ ਕਹਾਣੀਆਂ ਦਾ ਸੰਗ੍ਰਹਿ: 'ਰੂਹ 'ਤੇ ਉਕਰੇ ਚਿੱਤਰ' ਲੋਕ ਅਰਪਣ ਕੀਤੇ ਜਾਣਗੇ। ਡਾ. ਜਸਵਿੰਦਰ ਸਿੰਘ ਵੱਲੋਂ 'ਵਰਤਮਾਨ ਦੇ ਆਰ-ਪਾਰ' ਕਾਵਿ-ਸੰਗ੍ਰਹਿ ਬਾਰੇ ਆਪਣਾ ਖੋਜ ਪੇਪਰ 'ਪਰਵਾਸੀ ਪੰਜਾਬੀ ਕਾਵਿ ਦੇ ਉਭਰਦੇ ਸੁਰ' ਪੇਸ਼ ਕੀਤਾ ਜਾਵੇਗਾ ਅਤੇ ਡਾ. ਧਨਵੰਤ ਕੌਰ ਵੱਲੋਂ 'ਰੂਹ 'ਤੇ ਉਕਰੇ ਚਿੱਤਰ' ਕਹਾਣੀ-ਸੰਗ੍ਰਹਿ ਬਾਰੇ ਆਪਣਾ ਖੋਜ ਪੇਪਰ 'ਬਹੁ-ਸਭਿਆਚਾਰਕ ਸਮਾਜ ਦਾ ਬਿਰਤਾਂਤ' ਪੜ੍ਹ ਕੇ ਸੁਣਾਇਆ ਜਾਵੇਗਾ। ਇਨ੍ਹਾਂ ਪੇਪਰਾਂ ਬਾਰੇ ਸਵਾਲਾਂ-ਜਵਾਬਾਂ



**ਬਾਕੀ ਸਫ਼ਾ 32 'ਤੇ**

# ਸਿਆਟਲ ਖੇਡ ਕੈਂਪ 'ਚ ਸਿੱਖ ਦਸਤਾਰ ਦਿਵਸ ਮਨਾਉਣ ਵਾਲੇ ਪ੍ਰਬੰਧਕਾਂ ਦਾ ਸਨਮਾਨ



ਰਮਨੀਕ ਸਿੰਘ ਰੰਧਾਵਾ, ਹਰਵਿਨ ਚੌਹਾਨ, ਅਮਨਪ੍ਰੀਤ ਕੌਰ ਤੇ ਸਿੱਖ ਯੂਥ ਸੰਸਥਾ ਦੀ ਪ੍ਰਧਾਨ ਗੁਰਸ਼ਰਨ ਕੌਰ ਨੂੰ ਕੈਂਪ ਦੇ ਪ੍ਰਬੰਧਕਾਂ ਵੱਲੋਂ ਸਨਮਾਨ ਕਰਨ ਤੋਂ ਬਾਅਦ ਬੱਚਿਆਂ ਨਾਲ ਸਾਂਝੀ ਤਸਵੀਰ।

**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਗਰਮੀਆਂ ਦੀਆਂ ਛੁੱਟੀਆਂ ਦੌਰਾਨ ਬੱਚਿਆਂ ਦਾ ਖੇਡ ਕੈਂਪ ਚਲ ਰਿਹਾ ਹੈ ਜਿੱਥੇ ਸਿੱਖ ਯੂਥ ਸੰਸਥਾ ਦੇ ਅਹੁੱਦੇਦਾਰਾਂ ਨੂੰ ਸਿਆਟਲ ਵਿਚ ਦਸਤਾਰ ਦਿਵਸ ਮਨਾ ਕੇ 600 ਤੋਂ ਵੱਧ ਦਸਤਾਰਾਂ ਸਜਾਉਣ ਕਾਰਨ ਗੁਰਸ਼ਰਨ ਕੌਰ (ਪ੍ਰਧਾਨ), ਅਮਨਦੀਪ ਕੌਰ, ਹਰਵਿਨ ਚੌਹਾਨ (ਕੈਲੀਫੋਰਨੀਆ) ਤੇ ਰਮਨੀਕ ਸਿੰਘ ਰੰਧਾਵਾ ਨੂੰ ਅੰਤਰਰਾਸ਼ਟਰੀ ਬਾਕਸਰ ਗੁਰਮੀਤ ਸਿੰਘ ਨਿੱਝਰ ਤੇ ਹਰਦੀਪ ਸਿੰਘ ਗਿੱਲ ਨੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ। ਸਿਆਟਲ ਖੇਡ ਕੈਂਪ ਵਿਚ 150 ਤੋਂ ਵੱਧ ਬੱਚੇ ਹਿੱਸਾ ਲੈ ਰਹੇ ਹਨ ਜਿਨ੍ਹਾਂ ਨੂੰ ਸਰੀਰਕ ਫਿਟਨਸ ਤੇ ਵੱਖ ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕੀਤੀ ਜਾਂਦੀ ਹੈ। ਗੁਰਦੀਪ ਸਿੰਘ ਸਿੱਧੂ ਨੇ ਕੈਂਪ ਵਿਚ ਸਮੇਂ ਸਿਰ ਪਹੁੰਚਣ, ਸਪੋਰਟਸ ਕਿੱਟ ਪਾਉਣ ਤੇ ਅਨੁਸ਼ਾਸਨ ਵਿਚ ਰਹਿ ਕੇ ਪ੍ਰੈਕਟਿਸ ਕਰਨ ਤੇ ਜੋਰਦਿੱਤਾ। ਇਸ ਮੌਕੇ ਹਰਦੀਪ ਸਿੰਘ ਚੌਹਾਨ, ਹਰਪਾਲ ਸਿੰਘ ਘੁੰਮਣ, ਤੇਜਬੀਰ ਸਿੰਘ ਬਾਜਵਾ, ਗੁਰਦੇਵ ਸਿੰਘ ਸਮਰਾ, ਪਿੰਦਾ ਅਟਵਾਲ, ਸਕੰਦਰ ਸਿੰਘ ਤੇ ਸਰਬਜੀਤ ਸਿੰਘ ਝੱਲੀ ਵੱਲੋਂ ਵਲੰਟੀਅਰ ਤੌਰ ਤੇ ਸੇਵਾ ਨਿਭਾਈ ਜਾ ਰਹੀ ਹੈ। ਇਸ ਮੌਕੇ ਤੇ ਹਰਦੀਪ ਸਿੰਘ ਗਿੱਲ ਵੱਲੋਂ ਕੈਂਪ ਦੇ ਬਚਿਆਂ, ਮਾਪਿਆਂ ਤੇ ਖੇਡ ਪ੍ਰੇਮੀਆਂ ਵਾਸਤੇ ਪੀਜੇ ਦੀ ਸੇਵਾ ਨਿਭਾਈ ਗਈ।

## ਦਿੱਲੀ ਤੋਂ ਵਾਸ਼ਿੰਗਟਨ ਲਈ ਸਿੱਧੀ ਉਡਾਣ ਨੇ ਭਰੀ ਉਡਾਰੀ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਦਿੱਲੀ ਤੋਂ ਵਾਸ਼ਿੰਗਟਨ ਡੀਸੀ ਦੀ ਸਿੱਧੀ ਉਡਾਣ ਅੱਜ ਡਲੈੱਸ ਕੌਮਾਂਤਰੀ ਹਵਾਈ ਅੱਡੇ ਉਤੇ ਉਤਰੀ। ਇਸ ਨਾਲ ਵਿਸ਼ਵ ਦੀਆਂ ਦੋ ਸਭ ਤੋਂ ਵੱਡੀਆਂ ਜਮਹੂਰੀਅਤਾਂ ਦੀਆਂ ਰਾਜਧਾਨੀਆਂ ਆਪਸ ਵਿੱਚ ਜੁੜ ਗਈਆਂ। ਇੱਥੇ ਪੁੱਜਣ ਉਤੇ ਇਸ ਉਡਾਣ ਏਆਈ 103 ਨੂੰ ਜਲ ਤੋਪਾਂ ਦੀ ਸਲਾਮੀ ਦਿੱਤੀ ਗਈ ਅਤੇ ਰਸਮੀ ਪ੍ਰਾਰਥਨਾ ਕੀਤੀ ਗਈ। ਅਮਰੀਕਾ ਵਿੱਚ ਭਾਰਤੀ ਸਫ਼ੀਰ ਨਵਤੇਜ ਸਰਨਾ, ਏਅਰ ਇੰਡੀਆ ਦੇ ਚੇਅਰਮੈਨ ਤੇ ਮੈਨੇਜਿੰਗ ਡਾਇਰੈਕਟਰ ਅਸ਼ਵਨੀ ਲੋਹਾਨੀ ਅਤੇ ਕਮਰਸ਼ੀਅਲ ਡਾਇਰੈਕਟਰ ਪੰਕਜ ਸ੍ਰੀਵਾਸਤਵ ਵਾਸ਼ਿੰਗਟਨ ਲਈ ਇਸ ਪਹਿਲੀ ਸਿੱਧੀ ਉਡਾਣ ਦੇ ਯਾਤਰੀਆਂ ਵਿੱਚ ਸ਼ਾਮਲ ਸਨ। ਅਮਰੀਕਾ ਲਈ ਇਸ ਨਵੀਂ ਸਿੱਧੀ ਉਡਾਣ ਲਈ ਏਅਰ ਇੰਡੀਆ ਨੇ ਆਪਣਾ 238 ਸੀਟਾਂ ਵਾਲਾ ਬੋਇੰਗ 777-200 ਐਲਆਰ ਜਹਾਜ਼ ਲਾਇਆ ਹੈ। ਇਸ ਜਹਾਜ਼ ਵਿੱਚ ਪਹਿਲੇ ਦਰਜੇ ਦੀਆਂ ਅੱਠ ਸੀਟਾਂ, ਬਿਜ਼ਨਸ ਕਲਾਸ ਦੀਆਂ 35 ਅਤੇ ਇਕੌਨਮੀ ਕਲਾਸ ਦੀਆਂ 195 ਸੀਟਾਂ ਹਨ। ਏਅਰਲਾਈਨ ਦੇ ਬੁਲਾਰੇ ਅਨੁਸਾਰ 9 ਤੋਂ 17 ਜੁਲਾਈ ਵਿਚਕਾਰ ਇਸ ਰੂਟ ਉਤੇ 321 ਸੀਟਾਂ ਵਾਲਾ ਜਹਾਜ਼ ਬੋਇੰਗ 777-300 ਈਆਰ ਉਡਾਇਆ ਜਾਵੇਗਾ। ਕੋਲੰਬੀਆ ਦੇ ਮੇਅਰ ਮੁਰੀਲ ਬਾਊਜ਼ਰ ਨੇ ਕਿਹਾ ਕਿ "ਇੱਥੇ ਰਾਜਧਾਨੀ ਵਿੱਚ ਅਸੀਂ ਭਾਰਤ ਤੋਂ ਹੋਰ ਜ਼ਿਆਦਾ ਸੈਲਾਨੀਆਂ ਨੂੰ ਸੱਦਾ ਦੇ ਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ।

ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਸਿੱਖਾਂ ’ਤੇ ਹੁੰਦੇ ਜ਼ੁਲਮ ਸਬੰਧੀ ਅਮਰੀਕੀ ਸਟੇਟ ਪ੍ਰਤੀਨਿਧਾਂ ਨਾਲ ਕੀਤੀ ਵਿਸ਼ੇਸ਼ ਮੁਲਾਕਾਤ

### *’84 ਵਿਚ ਦੰਗੇ ਨਹੀਂ ਸਗੋਂ ਸਿੱਖਾਂ ਦਾ ਕਤਲੇਆਮ ਹੋਇਆ ਸੀ : ਹਿੰਮਤ ਸਿੰਘ*

ਨੌਰਵਿੱਚ/ਬਿਊਰੋ ਨਿਊਜ਼ :ਅਮਰੀਕਾ ਦੇ ਨਾਰਥ ਈਸਟ ਕੋਸਟ ਦੀਆਂ 140 ਤੋਂ ਵੱਧ ਗੁਰਦੁਆਰਾ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਵੱਲੋਂ ਬਣਾਈ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂਐਸਏ) ਨੇ ਅਮਰੀਕਾ ਦੇ ਸਟੇਟ ਪ੍ਰਤੀਨਿਧ ਕੈਵਿਨ ਰਿਆਨ ਅਤੇ ਸਟੇਟ ਸੈਨੇਟਰ ਕੈਥਰਿਨ ਅੱਨ ਓਸਟਨ ਨਾਲ ਗੱਲਬਾਤ ਕਰਦਿਆਂ ਅਮਰੀਕਾ ਵਿਚ ਸਿੱਖਾਂ ਨਾਲ ਕੁੱਝ ਸ਼ਰਾਰਤੀ ਅਨਸਰਾਂ ਵੱਲੋਂ ਕੀਤੇ ਜਾਂਦੇ ਨਫ਼ਰਤ ਭਰੇ ਅਪਰਾਧ ਨੂੰ ਠੱਲ੍ਹਣ ਲਈ ਯੋਗ ਕਾਰਵਾਈ ਕਰਨ ਦੀ ਮੰਗ ਕੀਤੀ, ਇੱਥੇ ਨੌਰਵਿੱਚ ਵਿਚ ਸ. ਸਵਰਨਜੀਤ ਸਿੰਘ ਖ਼ਾਲਸਾ ਦੀ ਰਿਹਾਇਸ ਵਿਚ ਵਿਸ਼ੇਸ਼ ਤੌਰ ’ਤੇ ਸੱਦੇ ਗਏ ਅਮਰੀਕਾ ਦੇ ਕੈਵਿਨ ਅਤੇ ਕੈਥਰਿਨ ਨਾਲ ਗੱਲ ਕਰਦਿਆਂ ਕੋਆਰਡੀਨੇਸ਼ਨ ਕਮੇਟੀ ਨੇ ਭਾਰਤ ਵਿਚ ਦਿੱਲੀ ਦੇ ਹੋਏ ਸਿੱਖ ਕਤਲੇਆਮ ਸਬੰਧੀ ਯੂਐਨਓ ਨੂੰ ਦਿੱਤੀ ਰਿਪੋਰਟ ਵੀ ਸਾਂਝੀ ਕੀਤੀ।


ਕੈਵਿਨ ਅਤੇ ਕੈਥਰਿਨ ਨੂੰ ਸਨਮਾਨਿਤ ਕੀਤੇ ਜਾਣ ਦੀ ਝਲਕ।

ਪ੍ਰੈੱਸ ਦੇ ਨਾਮ ਬਿਆਨ ਜਾਰੀ ਕਰਦਿਆਂ ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਨੇ ਦੱਸਿਆ ਕਿ ਨੌਰਵਿੱਚ ਦੇ ਸਵਰਨਜੀਤ ਸਿੰਘ ਖ਼ਾਲਸਾ ਰੈਜੀਡੈਂਸ ਵਿਚ ਵਿਸ਼ੇਸ਼ ਤੌਰ ’ਤੇ ਪੁੱਜੇ ਅਮਰੀਕਾ ਦੇ ਸਟੇਟ ਪ੍ਰਤੀਨਿਧ ਕੈਵਿਨ ਰਿਆਨ ਅਤੇ ਸਟੇਟ ਸੈਨੇਟਰ ਕੈਥਰਿਨ ਅੱਨ ਓਸਟਨ ਨੇ ਉਨ੍ਹਾਂ ਨਾਲ ਡਿਨਰ ਵੀ ਕੀਤਾ ਅਤੇ ਸਿੱਖ ਮਾਮਲਿਆਂ ਸਬੰਧੀ ਗਹਿਰ ਗੰਭੀਰ ਵਿਚਾਰ ਚਰਚਾ ਵੀ ਕੀਤੀ ਗਈ। ਇਸ ਸਮੇਂ ਸਵਰਨਜੀਤ ਸਿੰਘ ਖ਼ਾਲਸਾ ਸਿੰਘ, ਕੁਲਜੀਤ ਸਿੰਘ, ਮਨਮੋਹਨ ਸਿੰਘ, ਮਨਜਿੰਦਰ ਸਿੰਘ ਭਰਾੜਾ, ਮਨੀ ਸਿੰਘ ਬੈਕੱਸ ਹਸਪਤਾਲ, ਜਸਪਾਲ ਸਿੰਘ ਬਾਠ ਵਪਾਰੀ ਨੇ ਸਿੱਖ ਕੋਆਰਡੀਨੇਸ਼ਨ ਕਮੇਟੀ ਦੀ ਅਗਵਾਈ ਵਿਚ ਕੈਵਿਨ ਤੇ ਕੈਥਰਿਨ ਨਾਲ ਗੱਲ ਕਰਦਿਆਂ ਕਿਹਾ ਕਿ ਭਾਰਤ ਵਿਚ 1984 ਦੌਰਾਨ ਅਸਲ ਵਿਚ ਦੰਗੇ ਨਹੀਂ ਹੋਏ ਸਨ, ਉਸ ਵੇਲੇ ਇਕ ਪਾਸੜ ਤੌਰ ’ਤੇ ਸਾਜ਼ਿਸ਼ੀ ਤਰੀਕੇ ਨਾਲ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ, ਉਸ ਸਮੇਂ ਸਿੱਖਾਂ ਦੇ ਗਲਾਂ ਵਿਚ ਟਾਇਰ ਪਾ ਕੇ ਅੱਗ ਲਾਕੇ ਸਾੜ ਦਿੱਤੇ ਗਏ ਸਨ। ਉਨ੍ਹਾਂ ਦੇ ਵਪਾਰ ਖ਼ਤਮ ਕਰ ਦਿੱਤੇ ਗਏ ਸਨ। ਦੁਨੀਆ ਦੇ ਦਰਜਨ ਦੇ ਕਰੀਬ ਦੇਸ਼ਾਂ ਨੇ ਇਹ ਮੰਨ ਲਿਆ ਹੈ ਕਿ 1984 ਵਿਚ ਸਿੱਖਾਂ ਦਾ ਕਤਲੇਆਮ ਹੋਇਆ ਸੀ। ਇਹੀ ਰਿਪੋਰਟ ਯੂਐਨਓ ਵਿਚ ਪੇਸ਼ ਕੀਤੀ ਗਈ ਹੈ। ਇਸ ਸਮੇਂ ਸਿੱਖਾਂ ਦੇ ਨੈਸ਼ਨਲ ਡੇਅ ਵਿਸਾਖੀ ਬਾਰੇ ਵੀ ਗੱਲ ਕੀਤੀ ਗਈ।

## ਗੁਰਮੀਤ ਸਿੰਘ ਔਲਖ ਐਵਾਰਡ ਦੇਣ ਦਾ ਐਲਾਨ

ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਨੇ ਸਰਦਾਰ ਗੁਰਮੀਤ ਸਿੰਘ ਔਲਖ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਨਾਮ ’ਤੇ ਐਵਾਰਡ ਦੇਣ ਦਾ ਐਲਾਨ ਕੀਤਾ ਹੈ। ਇਹ ਐਵਾਰਡ ਸਿੱਖੀ ਨਾਲ ਸਬੰਧਤ ਵੱਡਾ ਕੰਮ ਕਰਨ ਵਾਲੇ, ਸਿੱਖਾਂ ਨੂੰ ਉਨ੍ਹਾਂ ਦਾ ਹੱਕ ਦਿਵਾਉਣ ਬਦਲੇ ਕੰਮ ਕਰਨ ਵਾਲੇ ਕਿਸੇ ਸਿੱਖ ਨੂੰ ਹਰ ਸਾਲ ਦਿੱਤਾ ਜਾਵੇਗਾ। ਇਹ ਐਲਾਨ ਉਨ੍ਹਾਂ ਦੀਆਂ ਅੰਤਿਮ ਰਸਮਾਂ ਮੌਕੇ ਸ਼ਰਧਾਂਜਲੀ ਦਿੰਦਿਆਂ ਕੋਆਰਡੀਨੇਸ਼ਨ ਕਮੇਟੀ ਦੇ ਬੁਲਾਰੇ ਸ. ਹਰਜਿੰਦਰ ਸਿੰਘ ਨੇ ਕੀਤਾ। ਇਹ ਜਾਣਕਾਰੀ ਦਿੰਦਿਆਂ ਕੋਆਰਡੀਨੇਟਰ ਹਿੰਮਤ ਸਿੰਘ ਨੇ ਦਸਿਆ ਕਿ ਸਰਦਾਰ ਗੁਰਮੀਤ ਸਿੰਘ ਨੇ ਸਿੱਖਾਂ ਨੂੰ ਹੱਕ ਦਿਵਾਉਣ ਲਈ ਵੱਡੇ ਕੰਮ ਕੀਤੇ ਹਨ। ਵਾਸ਼ਿੰਗਟਨ ਡੀਸੀ ਵਿਚ ਰਹਿੰਦਿਆਂ ਉਨ੍ਹਾਂ ਨੇ ਕੌਮੀ ਕੰਮਾਂ ਵਿਚ ਵੱਡਾ ਯੋਗਦਾਨ ਪਾਇਆ, ਸਰਦਾਰ ਔਲਖ 21 ਜੂਨ ਨੂੰ ਦੁਨੀਆ ਛੱਡ ਗਏ ਹਨ।

# ਫਰਿਜ਼ਨੋ ਏਰੀਏ ਦੀ ਸਿੱਖ ਸੰਗਤ ਦੀ ਗੋਰਿਆਂ ਦੇ ਸਮਾਗਮਾਂ ’ਚ ਸਮੂਲੀਅਤ ਸਿੱਖ ਪਹਿਚਾਣ ਲਈ ਮੀਲ ਪੱਥਰ ਸਾਬਤ ਹੋਈ

ਫਰਿਜਨੋ (ਨੀਟਾ ਮਾਛੀਕੇ/ਕੁਲਵੰਤ ਧਾਲੀਆਂ): ਪਿਛਲੇ ਸਮੇਂ ਦੌਰਾਨ ਫਰਿਜਨੋ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਨਸਲੀ ਘਟਨਾਵਾਂ ਤਹਿਤ ਚਾਰ-ਪੰਜ ਸਿੱਖ ਬਜ਼ੁਰਗਾਂ ਨੂੰ ਨਫ਼ਰਤੀਂ ਹਿੰਸਾ ਦਾ ਸ਼ਿਕਾਰ ਬਣਾਇਆ ਗਿਆ ਸੀ, ਇਨ੍ਹਾਂ ਘਟਨਾਵਾਂ ਦੇ ਮੱਦੇਨਜ਼ਰ ਸਿੱਖ ਪਹਿਚਾਣ ਨੂੰ ਲੈ ਕੇ ਸਥਾਨਕ ਸਿੱਖ ਸੰਸਥਾਵਾਂ ਵੱਲੋਂ ਕਈ ਪ੍ਰੋਗਰਾਮ ਉਲੀਕੇ ਗਏ, “ਤਾਂ ਕਿ ਹੋਰ ਮੂਲ ਦੇ ਲੋਕਾਂ ਨੂੰ ਪੰਜਾਬੀ ਪਹਿਰਾਵੇ, ਦਸਤਾਰ ਅਤੇ ਸਿੱਖੀ ਕਦਰਾਂ ਕੀਮਤਾਂ ਤੋਂ ਜਾਣੂ ਕਰਵਾਇਆ ਜਾ ਸਕੇ। ਇਸੇ ਸੰਦਰਭ ਅਧੀਨ ਸਿੱਖ ਕੈਂਪੇਂਨ ਦੇ ਨਾਮ ਹੇਠ ਫਰਿਜਨੋ ਏਰੀਏ ਦੇ ਲੋਕਲ

ਹੋਰ ਰੰਗਦਾਰ ਤਸਵੀਰਾਂ ਸਫ਼ਾ 19 ’ਤੇ ਵੇਖੋ

ਬਾਕੀ ਸਫ਼ਾ 32 ’ਤੇ



# ਵਿਪਸਾਅ ਦੀ ਕੁਲਵਿੰਦਰ ਦੇ ਨਾਂ ‘ਸੰਦਲੀ ਆਥਣ’ 16 ਜੁਲਾਈ ਨੂੰ

**ਫਰੀਮੌਂਟ/ਬਿਊਰੋ ਨਿਊਜ਼:** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾਅ) ਬੇ ਏਰੀਆ ਵਲੋਂ ਇਕ ਨਿਵੇਕਲੀ ਸ਼ਾਮ ‘ਸੰਦਲੀ ਆਥਣ’ 16 ਜੁਲਾਈ ਐਤਵਾਰ ਨੂੰ ਮਹਿਰਾਨ ਰੈਸਟੋਰੈਂਟ ਨੇਵਾਰਕ (5774 Mowry School Rd, Newark, CA 94560) ਵਿਖੇ ਕੀਤੀ ਜਾ ਰਹੀ ਹੈ। ਇਹ ਸਮੁੱਚੀ ਸ਼ਾਮ ਕੈਲੀਫੋਰਨੀਆ ਦੇ ਸੁਪ੍ਰਸਿੱਧ ਸ਼ਾਇਰ ਕੁਲਵਿੰਦਰ ਦੇ ਸਾਹਿਤਕ ਸਫ਼ਰ ਦੀਆਂ ਬਾਤਾਂ ਪਾਉਂਦੀ, ਉਸਦੀ ਗ਼ਜ਼ਲ ਚੇਤਨਾ ਨਾਲ ਸੰਵਾਦ ਰਚਾਉਂਦੀ ਦੀਵਿਆਂ ਦੀ ਲੋਅ ਹੇਠਾਂ ਕਾਰਜਸ਼ੀਲ ਹੋਵੇਗੀ। ਇਸ ਮੌਕੇ ਕੁਲਵਿੰਦਰ ਦੀ ਗ਼ਜ਼ਲ ਐਲਬਮ ਸੰਦਲੀ ਆਥਣ’ ਜਿਸ ਨੂੰ ਪ੍ਰਸਿੱਧ ਗਾਇਕ ਸੁਖਦੇਵ ਸਾਹਿਲ ਨੇ ਸੁਰੀਲੀ ਅਵਾਜ਼ ਦਿੱਤੀ ਹੈ, ਲੋਕ ਅਰਪਿਤ ਕੀਤੀ ਜਾਵੇਗੀ। ਇਸ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਲਈ ਸੱਦਾ-ਪੱਤਰ ਭੇਜੇ ਜਾ ਚੁੱਕੇ ਹਨ। ਵਿਪਸਾਅ ਦੇ ਪ੍ਰਧਾਨ ਸੁਖਵਿੰਦਰ ਕੰਬੋਜ, ਕਾਰਜਕਾਰਨੀ ਅਤੇ ਸਮੂਹ ਮੈਂਬਰਾਂ ਵਲੋਂ ਸਭਨਾਂ ਸਾਹਿਤ ਤੇ ਸੰਗੀਤ ਪ੍ਰੇਮੀਆਂ ਨੂੰ ਇਸ ਪ੍ਰੋਗਰਾਮ ਲਈ ਖੁਲ੍ਹਾ ਸੱਦਾ ਹੈ।


LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ


Pardeep S. Grewal
Attorney At Law

Bankruptcy
- Chapter 7 & 13 Bankruptcy
- Protect Your Assets- Home, Etc..
- Start Fresh- Clear

Family Law • Divorce

Immigration Law
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

ਇਮੀਗਰੇਸ਼ਨ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568


GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ ‘Jus Punjabi TV’ ਉੱਤੇ ਹਰ ਐਤਵਾਰ 4:00 ਵਜੇ ਅਤੇ ‘ਰੇਡੀਓ 1170AM’ ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

# 'ਨਿਰਲੱਜ ਭਗਤ' ਹੀ ਮੋਦੀ ਦੇ ਨਿਘਾਰ ਦਾ ਬਣਨਗੇ ਕਾਰਨ : ਸ਼ਿਵ ਸੈਨਾ

**ਮੁੰਬਈ/ਬਿਊਰੋ ਨਿਊਜ਼ :** ਸ਼ਿਵ ਸੈਨਾ ਨੇ ਹਰ ਸਮੇਂ 'ਮੋਦੀ-ਮੋਦੀ' ਜਪਣ ਵਾਲੇ ਭਾਰਤੀ ਜਨਤਾ ਭਾਰਤੀ ਦੇ ਕਾਰਕੁਨਾਂ 'ਤੇ ਹਮਲਾ ਬੋਲਦਿਆਂ ਚਿਤਾਵਨੀ ਦਿੱਤੀ ਹੈ ਕਿ ਇਹ 'ਨਿਰਲੱਜ ਭਗਤ' ਪ੍ਰਧਾਨ ਮੰਤਰੀ ਦੇ ਨਿਘਾਰ ਦਾ ਕਾਰਨ ਬਣਨਗੇ, ਜਿਸ ਤਰ੍ਹਾਂ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਭਗਤ ਬਣੇ ਸਨ। ਬ੍ਰਿਹਨਮੁੰਬਈ ਮਿਉਂਸਿਪਲ ਕਾਰਪੋਰੇਸ਼ਨ ਹੈੱਡਕੁਆਰਟਰ ਵਿੱਚ ਚੈੱਕ ਵੰਡ ਸਮਾਰੋਹ ਦੌਰਾਨ ਭਾਜਪਾ ਕਾਰਪੋਰੇਟਰਾਂ ਵੱਲੋਂ ਮੋਦੀ ਪੱਖੀ ਨਾਅਰੇ ਲਾਏ ਜਾਣ ਤੋਂ ਭਖੀ ਸ਼ਿਵ ਸੈਨਾ ਨੇ ਆਪਣੇ ਪਰਚੇ 'ਸਾਮਨਾ' ਦੀ ਸੰਪਾਦਕੀ ਵਿੱਚ ਭੜਾਸ ਕੱਢੀ ਹੈ। ਮਹਾਰਾਸ਼ਟਰ ਦੇ ਵਿੱਤ ਮੰਤਰੀ ਸੁਧੀਰ ਮੁੰਗਟੀਵਰ ਜਦੋਂ ਚੈੱਕ ਸੌਂਪ ਰਹੇ ਸਨ ਤਾਂ ਭਾਜਪਾ ਦੇ ਕੁੱਝ ਕਾਰਪੋਰੇਟਰਾਂ ਤੇ ਵਰਕਰਾਂ ਨੇ 'ਮੋਦੀ-ਮੋਦੀ' ਜਾਪ ਸ਼ੁਰੂ ਕਰ ਦਿੱਤਾ, ਜਿਸ 'ਤੇ ਸੱਤਾਧਾਰੀ ਸ਼ਿਵ ਸੈਨਾ ਕੈਂਪ ਨੇ ਮੋੜਵੇਂ ਨਾਅਰੇ ਲਗਾ ਦਿੱਤੇ। ਇਸ ਦੌਰਾਨ ਕੁੱਝ ਸੈਨਾ ਵਰਕਰਾਂ ਵੱਲੋਂ ਭਾਜਪਾ ਦੇ ਇਕ ਕਾਰਪੋਰੇਟ ਨਾਲ ਹੱਥੋਪਾਈ ਵੀ ਕੀਤੀ ਗਈ। ਸੰਪਾਦਕੀ ਵਿੱਚ ਲਿਖਿਆ, 'ਅੱਜ ਜਿਹੜੇ ਬੇਲੋੜਾ ਮੋਦੀ ਦਾ ਜਾਪ ਕਰ ਰਹੇ ਹਨ ਅਸਲ ਵਿੱਚ ਉਹ ਪ੍ਰਧਾਨ ਮੰਤਰੀ ਦਾ ਅਕਸ ਵਿਗਾੜ ਰਹੇ ਹਨ। ਇਕ ਸਮਾਂ ਸੀ ਜਦੋਂ ਇੰਦਰਾ ਗਾਂਧੀ ਦੇ ਵੀ ਸੋਹਲੇ ਗਾਏ ਜਾਂਦੇ ਸਨ। ਉਨ੍ਹਾਂ ਦੇ 'ਭਗਤਾਂ' ਨੇ 'ਇੰਦਰਾ ਹੀ ਭਾਰਤ' ਵਰਗੇ ਨਾਅਰੇ ਲਗਾ ਕੇ ਭਾਰਤ ਮਾਤਾ ਦਾ ਅਪਮਾਨ ਕੀਤਾ ਸੀ। ਇਸ ਤੋਂ ਅਪਮਾਨ ਤੋਂ ਉੱਠੀ ਲਹਿਰ ਇੰਦਰਾ ਗਾਂਧੀ ਦੀ ਹਾਰ ਦਾ ਕਾਰਨ ਬਣੀ ਸੀ। ਇਹ ਹਕੀਕਤ ਹੈ ਕਿ ਇੰਦਰਾ ਗਾਂਧੀ ਨੇ 1971 ਵਿੱਚ ਪਾਕਿਸਤਾਨ ਖ਼ਿਲਾਫ਼ ਜੰਗ ਹੀ ਨਹੀਂ ਜਿੱਤੀ ਸੀ ਬਲਕਿ ਉਸ ਦੀ ਵੰਡ ਕਰਕੇ ਪਾਕਿਸਤਾਨ ਨੂੰ ਗੋਡਿਆਂ ਪਰਨੇ ਕਰ ਦਿੱਤਾ ਸਨ। ਅਸੀਂ ਭਾਜਪਾ ਨੂੰ ਦੱਸਣਾ ਚਾਹੁੰਦੇ ਹਾਂ ਕਿ ਉਹ ਫਿਰ ਵੀ ਹਾਰ



ਗਈ ਸੀ ਅਤੇ ਇਹ ਉਸ ਦੇ ਸਮਰਥਕਾਂ ਦੀ ਬੇਲੋੜੀ 'ਇੰਦਰਾ ਭਗਤੀ' ਦਾ ਨਤੀਜਾ ਸੀ। ਸਾਡੇ ਮਿੱਤਰ (ਭਾਜਪਾ) ਨੂੰ ਆਪਣੇ 'ਭਗਤਾਂ' ਤੋਂ ਚੌਕਸ ਹੋਣ ਦੀ ਲੋੜ ਹੈ। ਅੱਜ ਮੋਦੀ ਪੱਖੀ ਨਾਅਰੇ ਮਾਰਨ ਵਾਲੇ ਭਲਕੇ ਉਸ ਦੇ ਨਿਘਾਰ ਦਾ ਕਾਰਨ ਬਣ ਸਕਦੇ ਹਨ।' ਸ਼ਿਵ ਸੈਨਾ ਨੇ ਕਿਹਾ, 'ਮੋਦੀ ਦਾ ਨਾਂ ਲੈਣ ਦੀ ਕੀ ਲੋੜ ਸੀ? ਮੁੱਖ ਮੰਤਰੀ ਤੇ ਭਾਜਪਾ ਪ੍ਰਧਾਨ ਨੂੰ ਇਹ ਸਵਾਲ ਖ਼ੁਦ ਤੋਂ ਪੁੱਛਣਾ ਚਾਹੀਦਾ ਹੈ। ਇਹ (ਜੀਐਸਟੀ ਮੁਆਵਜ਼ਾ) ਰਾਸ਼ੀ ਨਾ ਤਾਂ ਭਾਜਪਾ ਦੇ ਖ਼ਜ਼ਾਨੇ ਵਿੱਚੋਂ ਆਈ ਸੀ ਅਤੇ ਨਾ ਹੀ ਸ਼ਿਵ ਸੈਨਾ ਦੇ ਖ਼ਜ਼ਾਨੇ ਵਿੱਚ ਜਾਵੇਗੀ। ਇਹ ਰਾਸ਼ੀ ਮੁੰਬਈ ਦੀ ਭਲਾਈ ਲਈ ਵਰਤੀ ਜਾਵੇਗੀ।'

# ਬਰਮਿੰਘਮ : ਸਿੱਖ ਪੋਸਟਮਾਸਟਰ ਤਰਸੇਮ ਠੇਠੀ 'ਤੇ ਚਾਕੂ ਨਾਲ ਹਮਲਾ; ਦਸਤਾਰ ਲਾਹੀ

**ਲੰਡਨ/ਬਿਊਰੋ ਨਿਊਜ਼ :** ਯੂਕੇ ਵਿੱਚ ਇਕ ਲੁਟੇਰੇ ਨੇ 67 ਸਾਲਾ ਸਿੱਖ ਪੋਸਟਮਾਸਟਰ ਦੀ ਧੌਣ ਅਤੇ ਸਿਰ 'ਤੇ ਚਾਕੂ ਨਾਲ ਵਾਰ ਕੀਤੇ ਅਤੇ ਖਿੱਚ ਕੇ ਉਸ ਦੀ ਦਸਤਾਰ ਲਾਹ ਦਿੱਤੀ। ਬਰਮਿੰਘਮ ਦੇ ਇਰਡਿੰਗਟਨ ਸਥਿਤ ਪੋਸਟ ਆਫਿਸ ਵਿਚ ਹੋਏ ਹਮਲੇ ਦਾ ਤਰਸੇਮ ਠੇਠੀ ਦੀ ਗਰਦਨ ਉਤੇ ਹਾਲੇ ਵੀ ਨਿਸ਼ਾਨ ਹੈ। ਉਸ ਦੀ ਪਤਨੀ ਕੁਲਵੰਤ ਨੇ ਦੱਸਿਆ ਕਿ ਉਹ 'ਹੁਣ ਪਹਿਲਾਂ ਵਰਗਾ ਇਨਸਾਨ ਨਹੀਂ ਹੈ'।



ਇਹ ਵਾਰਦਾਤ ਮਾਰਚ ਵਿੱਚ ਹੋਈ ਸੀ ਪਰ ਪੁਲੀਸ ਵੱਲੋਂ ਇਸ ਦੀ ਸੀਸੀਟੀਵੀ ਫੁਟੇਜ ਹੁਣ ਜਾਰੀ ਕੀਤੀ ਗਈ ਹੈ, ਜਿਸ ਵਿੱਚ ਇਕ ਗੋਰਾ ਤਰਸੇਮ ਉਤੇ ਛੇ ਇੰਚ ਲੰਬੇ ਚਾਕੂ ਨਾਲ ਹਮਲਾ ਕਰਦਾ ਦਿਖਾਈ ਦੇ ਰਿਹਾ ਹੈ। ਮੈਟਰੋ.ਕੋ.ਯੂਕੇ ਨੇ ਤਰਸੇਮ ਦੇ ਹਵਾਲੇ ਨਾਲ ਦੱਸਿਆ, 'ਆਮ ਤੌਰ 'ਤੇ ਜਦੋਂ ਕੋਈ ਅੰਦਰ ਆਉਂਦਾ ਹੈ ਤਾਂ ਮੈਂ ਉਸ ਨੂੰ 'ਸ਼ੁਭ ਸਵੇਰ' ਜਾਂ ਇਸ ਤਰ੍ਹਾਂ ਦਾ ਕੁੱਝ ਕਹਿੰਦਾ ਹਾਂ ਪਰ ਇਸ ਤੋਂ ਪਹਿਲਾਂ ਕਿ ਮੈਂ ਕੁੱਝ ਬੋਲ ਸਕਦਾ ਉਸ ਨੇ ਮੇਰੀ ਧੌਣ ਵਿਚ ਚਾਕੂ ਮਾਰਿਆ। ਇਹ ਕੇਵਲ ਛੋਟਾ ਤਕਰੀਬਨ 2 ਸੈ.ਮੀ. ਡੂੰਘਾ ਜ਼ਖ਼ਮ ਸੀ ਪਰ ਜਿਵੇਂ ਤੁਸੀਂ ਸੋਚ ਸਕਦੇ ਹੋ, ਇਹ ਬਹੁਤ ਦਰਦਨਾਕ ਸੀ।

ਉਹ ਚੀਕ ਰਿਹਾ ਸੀ 'ਮੈਨੂੰ ਪੈਸੇ ਦਿਓ, ਮੈਨੂੰ ਚਾਬੀਆਂ ਦਿਓ'। ਉਹ ਬੰਦਾ ਪਾਗਲ ਸੀ। ਉਹ ਮੈਨੂੰ ਧੱਕੀ ਫਿਰ ਰਿਹਾ ਸੀ ਤੇ ਚਾਕੂ ਨਾਲ ਵਾਰ ਕਰ ਰਿਹਾ ਸੀ।' 17 ਮਾਰਚ ਨੂੰ ਹੋਈ ਇਸ ਵਾਰਦਾਤ ਦੀ ਵੀਡੀਓ ਵਿੱਚ ਹਮਲਾਵਰ ਵੱਲੋਂ ਤਰਸੇਮ ਦੀ ਦਸਤਾਰ ਲਾਹੇ ਜਾਣ ਬਾਅਦ ਉਹ ਗੁੱਥਮ-ਗੁੱਥਾ ਹੁੰਦੇ ਦਿਖਾਈ ਦਿੰਦੇ ਹਨ।

ਇਸ ਦੌਰਾਨ ਦੂਜੇ ਕਮਰੇ ਵਿਚੋਂ ਤਰਸੇਮ ਦੀ ਪਤਨੀ ਅਲਾਰਮ ਵਜਾ ਦਿੰਦੀ ਹੈ ਇਸ ਬਾਅਦ ਉਹ ਬਾਹਰ ਦੌੜ ਜਾਂਦਾ ਹੈ।

ਤਰਸੇਮ ਨੇ ਦੱਸਿਆ, 'ਉਹ ਵਾਰ ਵਾਰ ਕਹਿ ਰਿਹਾ ਸੀ ਕਿ ਉਹ ਮੈਨੂੰ ਮਾਰ ਦੇਵੇਗਾ ਪਰ ਮੈਨੂੰ ਪੂਰਾ ਵਿਸ਼ਵਾਸ ਸੀ ਕਿ ਕੁੱਝ ਨਹੀਂ ਹੋਵੇਗਾ। ਹੁਣ ਜਦੋਂ ਮੈਂ ਸੋਚਦਾ ਹਾਂ ਤਾਂ ਮੈਨੂੰ ਪੂਰਾ ਯਕੀਨ ਨਹੀਂ ਕਿ ਉਸ ਨੂੰ ਪੈਸੇ ਦੀ ਪ੍ਰਵਾਹ ਸੀ। ਮੈਨੂੰ ਲੱਗਦਾ ਹੈ ਕਿ ਉਹ ਮਹਿਜ਼ ਕਿਸੇ ਨੂੰ ਮਾਰਨਾ ਚਾਹੁੰਦਾ ਸੀ। ਉਸ ਦਿਨ ਬਾਅਦ ਰੋਜ਼ਾਨਾ ਮੈਂ ਇਥੇ ਕੰਮ ਕਰਨ ਤੋਂ ਡਰਦਾ ਹਾਂ।' ਵੈਸਟ ਮਿਡਲੈਂਡਜ਼ ਪੁਲੀਸ ਦੇ ਕਾਂਸਟੇਬਲ ਐਲਨ ਰੀਵਜ਼ ਨੇ ਕਿਹਾ, 'ਇਹ ਵਿਅਕਤੀ ਲੋਕਾਂ ਲਈ ਖ਼ਤਰਾ ਹੈ ਅਤੇ ਇਸ ਨੂੰ ਕਾਬੂ ਕਰਨ ਦੀ ਲੋੜ ਹੈ। ਅਸੀਂ ਉਸ ਦੀ ਸ਼ਨਾਖ਼ਤ ਕਰਨਾ ਚਾਹੁੰਦੇ ਹਾਂ ਤਾਂ ਜੋ ਉਸ ਨੂੰ ਗ੍ਰਿਫ਼ਤਾਰ ਕੀਤਾ ਜਾ ਸਕੇ।'

# 120 ਮੁਲਕਾਂ ਵਲੋਂ ਸੰਯੁਕਤ ਰਾਸ਼ਟਰ 'ਚ ਪਰਮਾਣੂ ਹਥਿਆਰਾਂ 'ਤੇ ਪਾਬੰਦੀ ਬਾਰੇ ਸਮਝੌਤਾ ਪ੍ਰਵਾਨ

## ਭਾਰਤ, ਅਮਰੀਕਾ ਸਮੇਤ 8 ਮੁਲਕਾਂ ਵੱਲੋਂ ਬਾਈਕਾਟ

**ਸੰਯੁਕਤ ਰਾਸ਼ਟਰ/ਬਿਊਰੋ ਨਿਊਜ਼ :** ਦੁਨੀਆ ਦੇ 120 ਮੁਲਕਾਂ ਨੇ ਸੰਯੁਕਤ ਰਾਸ਼ਟਰ ਵਿੱਚ ਪਰਮਾਣੂ ਹਥਿਆਰਾਂ ਉਤੇ ਪਾਬੰਦੀ ਬਾਰੇ ਪਹਿਲੇ ਆਲਮੀ ਸਮਝੌਤੇ ਨੂੰ ਸਵੀਕਾਰ ਕਰਨ ਦੇ ਪੱਖ ਵਿੱਚ ਵੋਟ ਪਾਈ। ਹਾਲਾਂਕਿ ਭਾਰਤ ਸਣੇ ਹੋਰ ਪਰਮਾਣੂ ਤਾਕਤਾਂ ਨੇ ਪਰਮਾਣੂ ਹਥਿਆਰਾਂ ਦੀ ਮਨਾਹੀ ਲਈ ਕਾਨੂੰਨੀ ਤੌਰ ਉਤੇ ਬੰਧੇਜ ਵਾਲੇ ਇਸ ਦਸਤਾਵੇਜ਼ ਲਈ ਗੱਲਬਾਤ ਦਾ ਬਾਈਕਾਟ ਕੀਤਾ।

ਪਰਮਾਣੂ ਨਿਸ਼ਸਤਰੀਕਰਨ ਲਈ ਕਾਨੂੰਨੀ ਬੰਧੇਜ ਵਾਲੇ ਆਪਣੀ ਤਰ੍ਹਾਂ ਦੇ ਇਸ ਪਹਿਲੇ ਸਮਝੌਤੇ ਨੂੰ ਗਰਮਜੋਸ਼ੀ ਨਾਲ ਸਵੀਕਾਰ ਕੀਤਾ ਗਿਆ। ਇਸ ਸਮਝੌਤੇ ਦੇ ਪੱਖ ਵਿੱਚ 122 ਵੋਟਾਂ ਪਈਆਂ, ਜਦੋਂ ਕਿ ਨੀਦਰਲੈਂਡਜ਼ ਨੇ ਵਿਰੋਧ ਵਿੱਚ ਵੋਟ ਪਾਈ ਅਤੇ ਸਿੰਗਾਪੁਰ ਵੋਟਿੰਗ ਤੋਂ ਗ਼ੈਰਹਾਜ਼ਰ ਰਿਹਾ। ਭਾਰਤ, ਅਮਰੀਕਾ, ਰੂਸ, ਬਰਤਾਨੀਆ, ਚੀਨ, ਫਰਾਂਸ, ਪਾਕਿਸਤਾਨ, ਉੱਤਰੀ ਕੋਰੀਆ ਅਤੇ ਇਜ਼ਰਾਈਲ ਨੇ ਗੱਲਬਾਤ ਵਿੱਚ ਭਾਗ ਨਹੀਂ ਲਿਆ। ਇਸ ਸਮਝੌਤੇ ਦੇ ਬੁਨਿਆਦੀ ਪੱਖਾਂ ਬਾਰੇ ਇਸ ਸਾਲ ਮਾਰਚ ਵਿੱਚ ਚਰਚਾ ਹੋਈ ਸੀ। ਪਰਮਾਣੂ ਹਥਿਆਰਾਂ ਦੀ ਮਨਾਹੀ ਨੂੰ ਕਾਨੂੰਨੀ ਬੰਧੇਜ ਦਾ ਜਾਮਾ ਪਹਿਨਾਉਣ ਲਈ ਕਾਨਫਰੰਸ ਸੱਦਣ ਵਾਸਤੇ ਪਿਛਲੇ ਸਾਲ ਅਕਤੂਬਰ ਵਿੱਚ 120 ਤੋਂ ਵੱਧ ਮੁਲਕਾਂ ਨੇ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਵਿੱਚ ਮਤਾ ਪਾਇਆ ਸੀ। ਮਤੇ ਉਤੇ ਵੋਟਿੰਗ ਵੇਲੇ ਭਾਰਤ ਗੈਰਹਾਜ਼ਰ ਰਿਹਾ ਸੀ।

ਅਕਤੂਬਰ ਵਿੱਚ ਇਸ ਮਤੇ ਤੋਂ ਦੂਰ ਰਹਿਣ ਬਾਰੇ ਆਪਣੇ 'ਵੋਟਿੰਗ ਸਪਸ਼ਟੀਕਰਨ' ਵਿੱਚ ਭਾਰਤ ਨੇ ਕਿਹਾ ਸੀ ਕਿ ਉਸ ਨੂੰ ਇਹ ਭਰੋਸਾ ਨਹੀਂ ਹੈ ਕਿ ਪ੍ਰਸਤਾਵਿਤ ਕਾਨਫਰੰਸ, ਪਰਮਾਣੂ ਨਿਸ਼ਸਤਰੀਕਰਨ ਬਾਰੇ ਕੌਮਾਂਤਰੀ ਭਾਈਚਾਰੇ ਦੀ ਵਿਆਪਕ ਦਸਤਾਵੇਜ਼ ਲਈ ਤਾਂਘ ਨੂੰ ਪੂਰੀ ਕਰ ਸਕੇਗੀ। ਭਾਰਤ ਨੇ ਦੁਹਰਾਇਆ ਕਿ 'ਜੇਨੇਵਾ ਆਧਾਰਤ ਕਾਨਫਰੰਸ ਆਨ ਡਿਸਆਰਮਾਮੈਂਟ' ਹੀ ਇਕੋ ਇਕ ਬਹੁ-ਧਿਰੀ ਨਿਸ਼ਸਤਰੀਕਰਨ ਫੋਰਮ ਹੈ। ਭਾਰਤ ਨੇ ਅੱਗੇ ਕਿਹਾ ਕਿ ਉਹ 'ਪਰਮਾਣੂ ਹਥਿਆਰਾਂ ਬਾਰੇ ਵਿਆਪਕ ਕਨਵੈਨਸ਼ਨ ਬਾਰੇ ਨਿਸ਼ਸਤਰੀਕਰਨ ਕਾਨਫਰੰਸ' ਵਿੱਚ ਗੱਲਬਾਤ ਸ਼ੁਰੂ ਕਰਨ ਦਾ ਹਮਾਇਤੀ ਹੈ, ਜਿਸ ਵਿੱਚ ਹਥਿਆਰਾਂ ਦੀ ਮਨਾਹੀ ਤੇ ਖ਼ਾਤਮੇ ਦੇ ਨਾਲ ਨਾਲ ਇਸ ਦੀ ਪੜਤਾਲ ਦੀ ਮਦ ਵੀ ਸ਼ਾਮਲ ਹੈ। ਭਾਰਤ ਦਾ ਕਹਿਣਾ ਹੈ ਕਿ ਪਰਮਾਣੂ ਹਥਿਆਰਾਂ ਦੇ ਆਲਮੀ ਪੱਧਰ ਉਤੇ ਖ਼ਾਤਮੇ ਲਈ ਇਸ ਦੀ ਕੌਮਾਂਤਰੀ ਪੜਤਾਲ ਬੇਹੱਦ ਜ਼ਰੂਰੀ ਹੈ, ਜਦੋਂ ਕਿ ਮੌਜੂਦਾ ਪ੍ਰਕਿਰਿਆ ਵਿੱਚ ਪੜਤਾਲ ਵਾਲਾ ਪਹਿਲੂ ਸ਼ਾਮਲ ਨਹੀਂ ਹੈ।

ਇਸ ਸਮਝੌਤੇ ਨੂੰ ਸਤੰਬਰ ਵਿੱਚ ਦਸਤਖ਼ਤ ਲਈ ਸੰਯੁਕਤ ਰਾਸ਼ਟਰ ਹੈੱਡ ਕੁਆਰਟਰਜ਼ ਵਿੱਚ ਰੱਖਿਆ ਜਾਵੇਗਾ ਅਤੇ ਘੱਟੋ ਘੱਟ 50 ਮੁਲਕਾਂ ਵੱਲੋਂ ਇਸ ਦੀ ਤਸਦੀਕ ਕਰਨ ਮਗਰੋਂ ਇਹ 90 ਦਿਨਾਂ ਵਿੱਚ ਲਾਗੂ ਹੋ ਜਾਵੇਗਾ।

# *ਜੀ 20 ਸੰਮੇਲਨ :* ਬਾਜ਼ਾਰ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਸਬਸਿਡੀਆਂ ਖ਼ਤਮ ਕਰਨ ਦਾ ਸੱਦਾ

### *ਵਪਾਰ ਤੇ ਨਿਵੇਸ਼ ਲਈ ਵੱਧ ਮੁਆਫ਼ਕ ਮਾਹੌਲ ਬਣਾਉਣ ਦਾ ਸੱਦਾ*

**ਹੈਮਬਰਗ/ਬਿਊਰੋ ਨਿਊਜ਼ :** ਜੀ20 ਸੰਮੇਲਨ ਦੌਰਾਨ ਵਿਸ਼ਵ ਦੇ 20 ਵਿਕਸਤ ਤੇ ਵਿਕਾਸਸ਼ੀਲ ਮੁਲਕਾਂ ਦੇ ਆਗੂਆਂ ਨੇ ਬਾਜ਼ਾਰ ਖੋਲ੍ਹਣ, ਨਾਜਾਇਜ਼ ਵਪਾਰਕ ਕਵਾਇਦਾਂ ਤੇ ਰੱਖਿਆਵਾਦੀ ਪਹੁੰਚ ਨੂੰ ਨੱਥ ਪਾਉਣ ਦਾ ਅਹਿਦ ਲਿਆ। ਇਸ ਦੌਰਾਨ ਸਨਅਤੀ ਖੇਤਰਾਂ ਵਿੱਚ ਵਾਧੂ ਸਮਰੱਥਾ ਨਾਲ ਨਜਿੱਠਣ ਲਈ ਆਲਮੀ ਸਹਿਯੋਗ ਦੀ ਮੰਗ ਕਰਦਿਆਂ ਬਾਜ਼ਾਰ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਸਬਸਿਡੀਆਂ ਦੇ ਖ਼ਾਤਮੇ ਦਾ ਵੀ ਸੱਦਾ ਦਿੱਤਾ ਗਿਆ। ਆਗੂਆਂ ਨੇ ਕਿਹਾ ਕਿ ਉਹ ਵਪਾਰ ਤੇ ਨਿਵੇਸ਼ ਲਈ ਮੁਆਫ਼ਕ ਮਾਹੌਲ ਨੂੰ ਉਤਸ਼ਾਹਤ ਕਰਨਗੇ। ਉਨ੍ਹਾਂ ਕਿਹਾ ਕਿ ਡਿਜੀਟਲਾਈਜੇਸ਼ਨ ਨੇ ਨੌਕਰੀਆਂ ਦੇ ਨਵੇਂ ਮੌਕੇ ਪੈਦਾ ਕੀਤੇ ਹਨ ਪਰ ਭਵਿੱਖੀ ਕੰਮਾਂ ਲਈ ਲੋੜੀਂਦਾ ਹੁਨਰ ਵਿਕਸਤ ਕਰਨ ਦੀ ਲੋੜ ਹੈ। ਇਸ ਦੇ ਨਾਲ ਹੀ ਆਗੂਆਂ ਨੇ ਆਈਐਮਐਫ ਕੋਟਾ ਸੁਧਾਰ ਮੁਕੰਮਲ ਕਰਨ ਅਤੇ 2019 ਤੱਕ ਨਵਾਂ ਕੋਟਾ ਫਾਰਮੂਲਾ ਬਣਾਉਣ ਉਤੇ ਜ਼ੋਰ ਦਿੱਤਾ। ਉਨ੍ਹਾਂ ਮੰਨਿਆ ਕਿ ਵਿੱਤੀ ਸਥਿਰਤਾ ਲਈ ਸੂਚਨਾ ਤੇ ਸੰਚਾਰ ਤਕਨਾਲੋਜੀਆਂ ਦੀ ਦੁਰਵਰਤੋਂ ਖ਼ਤਰੇ ਖੜ੍ਹੇ ਕਰ ਸਕਦੀ ਹੈ। ਇਸ ਦੇ ਨਾਲ ਹੀ ਕੌਮਾਂਤਰੀ ਸਹਿਯੋਗ ਅਤੇ ਤਕਨੀਕੀ ਮਦਦ ਨਾਲ ਭ੍ਰਿਸ਼ਟਾਚਾਰ ਨਾਲ ਲੜਨ ਦਾ ਵੀ ਅਹਿਦ ਲਿਆ ਗਿਆ। ਜੀ20 ਮੁਲਕਾਂ ਦੇ ਆਗੂ ਅਗਲੀ ਮੀਟਿੰਗ 2018 ਵਿੱਚ ਅਰਜਨਟੀਨਾ ਵਿੱਚ ਕਰਨ ਉਤੇ ਵੀ ਸਹਿਮਤ ਹੋਏ, ਜਦੋਂ ਕਿ 2019 ਦੀ ਇਕੱਤਰਤਾ ਜਾਪਾਨ ਅਤੇ 2020 ਦੀ ਸਾਊਦੀ ਅਰਬ ਵਿੱਚ ਕਰਵਾਉਣ ਬਾਰੇ ਆਮ ਰਾਇ ਬਣੀ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ20 ਸਿਖਰ ਸੰਮੇਲਨ ਦੌਰਾਨ ਅਮਰੀਕੀ ਰਾਸ਼ਟਰਪਤੀ ਟਰੰਪ ਨਾਲ ਗੱਲਬਾਤ ਕਰਦੇ ਹੋਏ।

## *ਪੁਤਿਨ ਦੀ ਸਫ਼ਾਈ :* ਰੂਸ ਨੇ ਅਮਰੀਕੀ ਚੋਣਾਂ ਵਿੱਚ ਦਖ਼ਲ ਨਹੀਂ ਦਿੱਤਾ

**ਹੈਮਬਰਗ :** ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਆਪਣੇ ਅਮਰੀਕੀ ਹਮਰੁਤਬਾ ਡੋਨਲਡ ਟਰੰਪ ਨੂੰ ਕਿਹਾ ਕਿ ਮਾਸਕੋ ਨੇ ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਦਖ਼ਲ ਨਹੀਂ ਦਿੱਤਾ, ਜਿਸ ਨੂੰ ਟਰੰਪ ਨੇ ਮੰਨ ਲਿਆ। ਇਹ ਦਾਅਵਾ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲੈਵਰੋਵ ਨੇ ਕੀਤਾ। ਜੀ20 ਸਿਖਰ ਸੰਮੇਲਨ ਤੋਂ ਇਲਾਵਾ ਦੋਵੇਂ ਨੇਤਾਵਾਂ ਨੇ ਮੀਟਿੰਗ ਕੀਤੀ ਜੋ ਦੋ ਘੰਟੇ ਚੱਲੀ। ਇਕ ਸਮੇਂ ਅਮਰੀਕਾ ਦੀ ਪਹਿਲੀ ਮਹਿਲਾ ਮਿਲੇਨੀਆ ਟਰੰਪ ਕਮਰੇ ਵਿੱਚ ਦਾਖਲ ਹੋਈ ਤੇ ਉਨ੍ਹਾਂ ਨੂੰ ਜਲਦੀ ਕਰਨ ਲਈ ਕਿਹਾ। ਅਮਰੀਕਾ ਦੇ ਵਿਦੇਸ਼ ਮੰਤਰੀ ਰੈਕਸ ਟਿਲਰਸਨ ਨੇ ਦੱਸਿਆ ਕਿ ਟਰੰਪ ਨੇ ਸ਼ੁਰੂਆਤ ਵਿੱਚ ਮਾਸਕੋ ਵੱਲੋਂ ਚੋਣਾਂ ਦੌਰਾਨ ਸਾਈਬਰ ਦਖਲਅੰਦਾਜ਼ੀ ਦਾ ਮੁੱਦਾ ਚੁੱਕਿਆ ਸੀ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਅਜਿਹੇ ਹਮਲੇ ਨੂੰ ਲੋਕਤੰਤਰਕ ਪ੍ਰਕਿਰਿਆ 'ਤੇ ਖ਼ਤਰਾ ਦੱਸਿਆ ਹੈ।



## ਪੈਰਿਸ ਸਮਝੌਤੇ 'ਤੇ ਅਮਰੀਕਾ ਫਿਰ ਅੜਿਆ

ਹੈਮਬਰਗ: ਪੈਰਿਸ ਜਲਵਾਯੂ ਸਮਝੌਤੇ ਨੂੰ 'ਅਟੱਲ' ਕਰਾਰ ਦਿੰਦਿਆਂ ਭਾਰਤ ਨੇ ਆਲਮੀ ਤਪਸ਼ ਖ਼ਿਲਾਫ਼ ਲੜਾਈ ਦਾ ਸਮਰਥਨ ਕਰਦਿਆਂ ਜੀ-20 ਗਰੁੱਪ ਦੇ 18 ਹੋਰ ਮੈਂਬਰਾਂ ਨਾਲ ਹੱਥ ਮਿਲਾ ਲਿਆ ਹੈ। ਇਸ ਨਾਲ ਅਮਰੀਕਾ, ਜੋ ਇਸ ਸਮਝੌਤੇ ਵਿੱਚੋਂ ਬਾਹਰ ਹੋ ਗਿਆ ਸੀ, ਇਕੱਲਾ ਰਹਿ ਗਿਆ ਹੈ। ਦੋ-ਰੋਜ਼ਾ ਜੀ-20 ਸੰਮੇਲਨ 'ਚ ਭਾਰਤ ਦਾ ਆਲਮੀ ਵਪਾਰ ਤੇ ਨਿਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਅਤਿਵਾਦ ਖ਼ਿਲਾਫ਼ 'ਅਹਿਮ ਯੋਗਦਾਨ' ਵਾਲਾ ਪੱਖ ਦੇਖਿਆ ਗਿਆ। ਇਸ ਸੰਮੇਲਨ, ਜਿਸ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਵਿਸ਼ਵ ਦੇ ਚੋਟੀ ਦੇ ਆਗੂਆਂ ਮੇਜ਼ਬਾਨ ਏਂਜਲਾ ਮਾਰਕਲ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵੀ ਸ਼ਿਰਕਤ ਕੀਤੀ, ਉਤੇ ਜਰਮਨੀ ਦੀ ਇਸ ਪੋਰਟ ਸਿਟੀ ਵਿਚ ਹੋਏ ਹਿੰਸਕ ਰੋਸ ਮੁਜ਼ਾਹਰਿਆਂ ਦਾ ਪਰਛਾਵਾਂ ਪੈ ਗਿਆ। ਪੂੰਜੀਵਾਦ-ਵਿਰੋਧੀ ਪ੍ਰਦਰਸ਼ਨਕਾਰੀਆਂ ਅਤੇ ਪੁਲੀਸ ਵਿਚਾਲੇ ਝੜਪਾਂ ਹੋਈਆਂ। ਜਰਮਨ ਚਾਂਸਲਰ ਏਂਜਲਾ ਮਾਰਕਲ ਨੇ ਕਿਹਾ ਕਿ ਬਦਕਿਸਮਤੀ ਨਾਲ ਅਮਰੀਕਾ ਪੈਰਿਸ ਸਮਝੌਤੇ ਖ਼ਿਲਾਫ਼ ਅੜਿਆ ਹੋਇਆ ਹੈ ਪਰ ਬਾਕੀ ਸਾਰੇ ਮੈਂਬਰਾਂ ਨੇ ਮਜ਼ਬੂਤ ਸਮਰਥਨ ਦਿੱਤਾ ਹੈ। ਜਰਮਨ ਚਾਂਸਲਰ ਨੇ ਸਪਸ਼ਟ ਕਿਹਾ ਕਿ ਅਮਰੀਕਾ ਨੇ ਬਾਕੀ ਮੈਂਬਰਾਂ ਦੇ ਸਟੈਂਡ ਨਾਲ ਅਸਹਿਮਤੀ ਜ਼ਾਹਿਰ ਕੀਤੀ ਹੈ। ਉਨ੍ਹਾਂ ਕਿਹਾ, 'ਬੇਸ਼ੱਕ ਇਹ ਪੂਰੀ ਤਰ੍ਹਾਂ ਸਾਂਝਾ ਫ਼ੈਸਲਾ ਨਹੀਂ ਹੋ ਸਕਦਾ ਸੀ। ਯੂਐਸ ਨੂੰ ਛੱਡ ਕੇ ਬਾਕੀ ਸਾਰੇ ਜੀ-20 ਮੁਲਕ ਪੈਰਿਸ ਸਮਝੌਤੇ ਉਤੇ ਇਕਮੱਤ ਹਨ।'

# ਚੀਨ ਦੇ ਵਿਰੋਧ ਨੂੰ ਨਜ਼ਰ ਅੰਦਾਜ਼ ਕਰਦਿਆਂ ਭਾਰਤੀ ਫ਼ੌਜ ਨੇ ਡੋਕਾਲਮ 'ਚ ਗੱਡੇ ਪੱਕੇ ਤੰਬੂ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਚੀਨ ਦੇ ਵਿਰੋਧ ਨੂੰ ਨਜ਼ਰ-ਅੰਦਾਜ਼ ਕਰਦੇ ਹੋਏ ਭਾਰਤ ਨੇ ਸਪਸ਼ਟ ਕਰ ਦਿੱਤਾ ਹੈ ਕਿ ਉਹ ਡੋਕਾਲਮ ਵਿਚੋਂ ਪਿੱਛੇ ਨਹੀਂ ਹਟੇਗਾ। ਭਾਰਤੀ ਫ਼ੌਜ ਨੇ ਭਾਰਤ, ਚੀਨ ਅਤੇ ਭੂਟਾਨ ਦੇ ਟਰਾਈ ਜੰਕਸ਼ਨ ਦੇ ਕੋਲ ਡੋਕਾਲਮ ਇਲਾਕੇ ਵਿਚ ਆਪਣਾ ਤੰਬੂ ਲਗਾ ਲਿਆ ਹੈ ਜਿਸ ਦਾ ਮਤਲਬ ਹੈ ਕਿ ਭਾਰਤੀ ਫ਼ੌਜ ਇਸ ਇਲਾਕੇ ਵਿਚ ਲੰਬੇ ਸਮੇਂ ਤੱਕ ਰਹੇਗੀ। ਇਹ ਇਸ ਗੱਲ ਦੇ ਵੀ ਸੰਕੇਤ ਹਨ ਕਿ ਚੀਨੀ ਸੈਨਿਕਾਂ ਦੇ ਪਿੱਛੇ ਹਟਣ ਤੋਂ ਪਹਿਲਾਂ ਭਾਰਤੀ ਸੈਨਾ ਸਰਹੱਦ ਨਹੀਂ ਛੱਡੇਗੀ। ਅਧਿਕਾਰਤ ਸੂਤਰਾਂ ਅਨੁਸਾਰ ਲਗਭਗ 10,000 ਫੁੱਟ ਦੀ ਉਚਾਈ 'ਤੇ ਤੈਨਾਤ ਸੈਨਿਕਾਂ ਲਈ ਰਾਸ਼ਨ ਦੀ ਪੂਰਤੀ ਸੁਨਿਸ਼ਚਿਤ ਕਰ ਦਿੱਤੀ ਗਈ ਹੈ। ਭਾਰਤ ਨੇ ਇਸ ਦੌਰਾਨ ਸਾਫ਼ ਕਰ ਦਿੱਤਾ ਹੈ ਕਿ ਸਿੱਕਮ ਮੁੱਦੇ ਦਾ ਅਗਰ ਹੱਲ ਨਿਕਲੇਗਾ ਤਾਂ ਉਹ ਕੂਟਨੀਤਿਕ ਹੀ ਹੋਵੇਗਾ। ਉਥੇ ਦੂਜੇ ਪਾਸੇ ਚੀਨ ਇਥੋਂ ਤਕ ਧਮਕੀ ਦੇ ਚੁੱਕਿਆ ਹੈ ਕਿ ਉਹ ਇਸ ਮੁੱਦੇ 'ਤੇ 'ਝੁਕਣ' ਵਾਲਾ ਨਹੀਂ ਅਤੇ ਹੁਣ ਭਾਰਤ ਨੂੰ ਤੈਅ ਕਰਨਾ ਹੈ ਕਿ ਉਹ ਇਸ ਮਾਮਲੇ ਵਿਚ ਯੁੱਧ ਚਾਹੁੰਦਾ ਹੈ ਜਾਂ ਸ਼ਾਂਤੀ। ਵਰਣਨਯੋਗ ਹੈ ਕਿ ਦੋਵਾਂ ਦੇਸ਼ਾਂ ਨੇ 2012 ਵਿਚ ਇਕ ਵਿਵਸਥਾ ਬਣਾਈ ਸੀ ਜਿਸ ਤਹਿਤ ਸਰਹੱਦ ਵਿਵਾਦ ਨਾਲ ਜੁੜੇ ਮੁੱਦਿਆਂ ਨੂੰ ਕਈ ਪੱਧਰਾਂ ਦੀ ਗੱਲਬਾਤ ਰਾਹੀਂ ਸੁਲਝਾਇਆ ਜਾਣਾ ਸੀ, ਪਰ ਭੂਟਾਨ ਟਰਾਈ ਜੰਕਸ਼ਨ ਨਾਲ ਜੁੜੇ ਮਾਮਲਿਆਂ ਵਿਚ ਇਹ ਵਿਵਸਥਾ ਕੰਮ ਕਰਦੀ ਨਜ਼ਰ ਨਹੀਂ ਆ ਰਹੀ। ਦੋਵਾਂ ਦੇਸ਼ਾਂ ਦੀਆਂ ਫ਼ੌਜਾਂ ਤਿੰਨ ਹਫ਼ਤਿਆਂ ਤੋਂ ਇਥੇ ਆਹਮਣੇ-ਸਾਹਮਣੇ ਹਨ। ਭਾਰਤ ਇਹ ਸਾਫ਼ ਕਰ ਚੁੱਕਿਆ ਹੈ ਕਿ ਡੋਕਾ ਲਾ ਇਲਾਕੇ ਵਿਚ ਸੜਕ ਨਿਰਮਾਣ ਨਾਲ ਮੌਜੂਦਾ ਸਥਿਤੀ ਵਿਚ ਬਦਲਾਅ ਹੋਵੇਗਾ ਜੋ ਭਾਰਤ ਦੀ ਸੁਰੱਖਿਆ ਲਈ ਗੰਭੀਰ ਖ਼ਤਰਾ ਸਾਬਿਤ ਹੋ ਸਕਦਾ ਹੈ। ਚੀਨ ਵੱਲੋਂ ਬਣਾਈ ਜਾ ਰਹੀ ਸੜਕ ਰਣਨੀਤਿਕ ਰੂਪ ਨਾਲ ਚੀਨ ਨੂੰ ਭਾਰਤ 'ਤੇ ਬੜ੍ਹਤ ਦਿਵਾ ਸਕਦੀ ਹੈ। ਸਬੰਧਤ ਇਲਾਕੇ ਨੂੰ ਭਾਰਤ ਡੋਕਾਲਮ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ ਜਦੋਂਕਿ ਭੂਟਾਨ ਇਸ ਨੂੰ ਡੋਕਾਲਮ ਕਹਿੰਦਾ ਹੈ ਅਤੇ ਚੀਨ ਇਸ ਨੂੰ ਡੋਂਗਲਾਂਗ ਖੇਤਰ ਦਾ ਹਿੱਸਾ ਮੰਨਦਾ ਹੈ।



# ਦੋ ਰੋਜ਼ਾ ਸਿੱਖ ਚੇਤਨਾ ਕਾਨਫਰੰਸ 15 ਜੁਲਾਈ ਤੋਂ

## ਸਿੱਖ ਵਿਦਵਾਨ ਸਿਆਟਲ 'ਚ ਵਿਚਾਰਨਗੇ ਭਖ਼ਦੇ ਧਾਰਮਿਕ ਮਸਲੇ



**ਸਿਆਟਲ/ਬਿਊਰੋ ਨਿਊਜ਼:** ਸਿਆਟਲ 'ਚ ਦੋ ਰੋਜ਼ਾ ਸਿੱਖ ਚੇਤਨਾ ਕਾਨਫਰੰਸ 15 ਜੁਲਾਈ ਤੋਂ ਕਰਵਾਈ ਜਾ ਰਹੀ ਹੈ ਜਿਸ 'ਚ ਦੇਸ਼ ਵਿਦੇਸ਼ ਤੋਂ ਆਏ ਵਿਦਵਾਨ ਸਿੱਖ ਪੰਥ ਨੂੰ ਦਰਪੇਸ਼ ਅਹਿਮ ਅਤੇ ਭਖ਼ਦੇ ਮਸਲਿਆਂ ਸਬੰਧੀ ਵਿਚਾਰ ਵਟਾਂਦਰਾ ਕਰਨਗੇ। ਸਰਗਰਮ ਸਿੱਖ ਆਗੂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਬਕਾ ਮੈਂਬਰ ਤਰਲੋਚਨ ਸਿੰਘ ਦੁਪਾਲਪੁਰ ਵਲੋਂ ਦਿੱਤੀ ਲਿਖਤੀ ਜਾਣਕਾਰੀ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੈਸੀਆਂ ਸਿੱਖ ਪੰਥ ਦੀਆਂ ਕੇਂਦਰੀ ਸੰਸਥਾਵਾਂ ਬੇਸ਼ੱਕ ਬਾਦਲ ਪਰਿਵਾਰ ਅਤੇ ਕੁਝ ਸੰਪਰਦਾਈ ਡੇਰੇਦਾਰਾਂ ਦੇ ਸਿਆਸੀ ਮੰਤਵਾਂ ਵਾਲੇ ਗਠਜੋੜ ਦੀ ਜਕੜ ਵਿਚ ਹੋਣ ਕਰਕੇ ਸਿੱਖ ਸਿਧਾਂਤ ਅਤੇ ਸਿੱਖ ਪਹਿਚਾਣ ਦੀ ਵਿੱਲਖਣਤਾ 'ਤੇ ਪਹਿਰਾ ਦੇਣ ਦੀ ਥਾਂ ਇਨ੍ਹਾਂ ਨੂੰ ਗੰਧਲਾ ਕਰਨ ਦੇ ਰਾਹ ਪਈਆਂ ਹੋਈਆਂ ਹਨ ਪਰ ਪ੍ਰਵਾਸੀ ਸਿੱਖਾਂ ਵਿਚ ਉਕਤ ਅਧੋਗਤੀ ਦੇ ਖ਼ਿਲਾਫ਼ ਜਾਗਰੂਕਤਾ ਅਤੇ ਧਰਮ ਪ੍ਰਤੀ ਚੇਤਨਤਾ ਦਾ ਜੋਸ਼ ਠਾਠਾਂ ਮਾਰਦਾ ਦਿਖਾਈ ਦਿੰਦਾ ਹੈ। ਸਿਆਸੀ ਗਿਣਤੀਆਂ ਮਿਣਤੀਆਂ ਦੀ ਲੋੜ ਮੁਤਾਬਕ ਜਦੋਂ ਤੋਂ ਬਾਦਲ ਪਰਿਵਾਰ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਦਾ ਖਾਤਮਾ ਕਰਵਾਇਆ ਗਿਆ ਹੈ ਉਦੋਂ ਤੋਂ ਹੀ ਪ੍ਰਵਾਸੀ ਸਿੱਖ ਜਥੇਬੰਦੀਆਂ ਰੋਹ ਭਰਪੂਰ ਚਿੰਤਾ ਕਾਰਨ ਕੌਮੀ ਚੇਤਨਾ ਲਈ ਸਰਗਰਮੀਆਂ ਵਧਾ ਰਹੀਆਂ ਹਨ।

ਇਸੇ ਭਾਵਨਾ ਤਹਿਤ ਹੁਣ ਸਿਆਟਲ ਦੇ ਕੈਂਟ ਇਲਾਕੇ ਵਿਚ ਦੋ ਦਿਨਾਂ ਅੰਤਰਰਾਸ਼ਟਰੀ ਸਿੱਖ ਚੇਤਨਾ ਕਾਨਫਰੰਸ 15-16 ਜੁਲਾਈ ਦਿਨ ਸ਼ਨੀਵਾਰ ਤੇ ਐਤਵਾਰ ਨੂੰ ਕਰਵਾਈ ਜਾ ਰਹੀ ਹੈ। ਇਸ ਕਾਨਫਰੰਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਬ ਉੱਚਤਾ ਪੰਥ ਪ੍ਰਵਾਣਿਤ ਰਹਿਤ ਮਰਯਾਦਾ ਦੀ ਰਖਵਾਲੀ ਤੱਤ-ਗੁਰਮਤਿ ਪ੍ਰਚਾਰ-ਪਸਾਰ ਨੂੰ ਡੇਰਾਬਾਦ ਦੀਆਂ ਚੁਣੌਤੀਆਂ, ਪੰਥ ਦੀਆਂ ਕੇਂਦਰੀ ਸੰਸਥਾਵਾਂ ਜਥੇਬੰਦੀਆਂ ਨੂੰ ਸਿਆਸੀ ਗੁਲਾਮੀ ਤੋਂ ਮੁਕਤ ਕਰਾਉਣ, ਮੂਲ ਨਾਨਕਸ਼ਾਹੀ ਕੈਲੰਡਰ ਦੀ ਮੁੜ ਬਹਾਲੀ ਅਤੇ ਪ੍ਰਵਾਸੀ ਸਿੱਖਾਂ ਦੇ ਕੁਝ ਸਥਾਨਕ ਧਾਰਮਿਕ ਸਮਾਜਿਕ ਮਸਲਿਆਂ ਬਾਬਤ ਵਿਚਾਰ ਗੋਸ਼ਟੀਆਂ ਹੋਣਗੀਆਂ। ਇਨ੍ਹਾਂ ਸਮਾਗਮਾਂ ਦੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸੱਚਾ ਮਾਰਗ ਦੀ ਪ੍ਰਬੰਧਕ ਕਮੇਟੀ ਅਤੇ ਯੂਨਾਈਟਿਡ ਸਿੱਖ ਨੇਸ਼ਨ ਦੇ ਸੇਵਾਦਾਰਾਂ ਨੇ ਦਸਿਆ ਕਿ ਪਹਿਲੇ ਦਿਨ 15 ਜੁਲਾਈ ਸ਼ਨੀਵਾਰ ਨੂੰ ਕੈਂਟ ਕਾਨਫਰੰਸ ਸੈਂਟਰ ਵਿਖੇ ਸਵੇਰੇ 9:00 ਵਜੇ ਤੋਂ ਸ਼ਾਮ 6:00 ਵਜੇ ਤੱਕ ਮੁੱਖ ਸੈਮੀਨਾਰ ਹੋਵੇਗਾ ਅਤੇ 16 ਜੁਲਾਈ ਐਤਵਾਰ ਦਾ ਸਮਾਗਮ ਗੁਰਦੁਆਰਾ ਸੱਚਾ ਮਾਰਗ ਐਥਨ, ਸਿਆਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰੀ ਵਿਚ ਸਵੇਰੇ 11:00 ਵਜੇ ਤੋਂ ਬਾਅਦ ਦੁਪਹਿਰ 2:00 ਵਜੇ ਤੱਕ ਚੱਲੇਗਾ। ਇਨ੍ਹਾਂ ਸਮਾਗਮਾਂ ਵਿਚ ਡਾ. ਗੁਰਦਰਸ਼ਨ ਸਿੰਘ ਢਿੱਲੋਂ ਸਾਬਕਾ ਮੁਖੀ ਇਤਿਹਾਸ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪਾਲ ਸਿੰਘ ਪੁਰੇਵਾਲ ਨਾਨਕਸ਼ਾਹੀ ਕੈਲੰਡਰ ਦੇ ਰਚਨਾਕਾਰ, ਗੁਰਦੇਵ ਸਿੰਘ ਸੰਧੇਵਾਲੀਆ ਸੰਪਾਦਕ 'ਖਬਰਕਾਰ' ਮੈਗਜ਼ੀਨ, ਬੀਬੀ ਜਸਵੀਰ ਕੌਰ ਓਹਾਇਓ ਸਟੇਟ, ਤਰਲੋਚਨ ਸਿੰਘ ਦੁਪਾਲਪੁਰ ਸਾਬਕਾ ਮੈਂਬਰ ਐਸ ਜੀ ਪੀ ਸੀ, ਹਰਜਿੰਦਰ ਸਿੰਘ ਸਭਰਾ ਤੇ ਸ਼ਿਵਤੇਗ ਸਿੰਘ ਦੋਵੇਂ ਕਥਾ ਵਾਚਕ, ਸਰਬਜੀਤ ਸਿੰਘ ਭੂਗੋਲ ਤੇ ਖਗੋਲ ਸ਼ਾਸਤਰੀ, ਡਾ. ਇੰਦਰਜੀਤ ਸਿੰਘ ਭੀਮ ਰਾਉ ਅੰਬੇਦਕਰ ਸਿੱਖ ਫਾਉਂਡੇਸ਼ਨ ਵਾਲੇ ਅਤੇ ਭਾਈ ਜਸਵੰਤ ਸਿੰਘ ਹੋਠੀ ਮੁਖੀ ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਪ੍ਰਸਿੱਧ ਬੁਲਾਰੇ ਆਪਣੇ ਵਿਚਾਰ ਰੱਖਣਗੇ। ਪ੍ਰਬੰਧਕਾਂ ਅਨੁਸਾਰ ਸਮੁੱਚੇ ਸਮਾਗਮਾਂ ਨੂੰ ਲਾਈਵ ਟੈਲੀਕਾਸਟ ਕਰਨ ਦਾ ਬੰਦੋਬਸਤ ਕੀਤਾ ਜਾ ਰਿਹਾ ਹੈ। ਸਾਰੇ ਪ੍ਰੋਗਰਾਮਾਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਦੋਵੇਂ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਬਾਬਾ ਠਾਕੁਰ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ 'ਚ ਸਥਾਪਤ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਦਮਦਮੀ ਟਕਸਾਲ ਦੇ 15ਵੇਂ ਮੁਖੀ ਸੰਤ ਬਾਬਾ ਠਾਕੁਰ ਸਿੰਘ ਦੀ ਤਸਵੀਰ ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਸੁਸ਼ੋਭਿਤ ਕੀਤੀ ਗਈ। ਇਸ ਮੌਕੇ ਤਸਵੀਰ ਤੋਂ ਪਰਦਾ ਹਟਾਉਣ ਦੀ ਰਸਮ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਤੇ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਨਿਭਾਈ। ਇਸ ਤੋਂ ਪਹਿਲਾਂ ਹਜ਼ੂਰੀ ਰਾਗੀ ਭਾਈ ਲਖਵਿੰਦਰ ਸਿੰਘ ਦੇ ਜਥੇ ਵੱਲੋਂ ਕੀਰਤਨ ਸਰਵਣ ਕਰਵਾਇਆ ਗਿਆ ਤੇ ਅਰਦਾਸੀਏ ਭਾਈ ਰਾਜਦੀਪ ਸਿੰਘ ਵੱਲੋਂ ਅਰਦਾਸ ਕੀਤੀ ਗਈ। ਇਸ ਮੌਕੇ ਪ੍ਰੋ. ਬਡੂੰਗਰ ਨੇ ਕਿਹਾ ਕਿ ਕੇਂਦਰੀ ਸਿੱਖ ਅਜਾਇਬ ਘਰ ਵਿਚ ਉਨ੍ਹਾਂ ਸੰਤਾਂ ਮਹਾਂਪੁਰਸ਼ਾਂ ਦੀਆਂ ਤਸਵੀਰਾਂ ਲਗਾਈਆਂ ਜਾਂਦੀਆਂ ਹਨ ਜਿਨ੍ਹਾਂ ਕੌਮ ਦੀ ਭਲਾਈ ਲਈ ਵੱਡੇ ਕਾਰਜ ਕੀਤੇ ਹੁੰਦੇ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਇਨ੍ਹਾਂ ਤਸਵੀਰਾਂ ਤੋਂ ਸੇਧ ਪ੍ਰਾਪਤ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਦਮਦਮੀ ਟਕਸਾਲ ਦੇ 15ਵੇਂ ਮੁਖੀ ਬਾਬਾ ਠਾਕੁਰ ਸਿੰਘ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਸਿੱਖ ਸੰਗਤਾਂ ਨੂੰ ਸਮੇਂ-ਸਮੇਂ ਗੁਰੂ ਵਾਲੇ ਬਣਨ ਲਈ ਪ੍ਰੇਰਿਆ। ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਬਾਬਾ ਠਾਕੁਰ ਸਿੰਘ ਦੀ ਤਸਵੀਰ ਲਗਾਉਣ ਲਈ ਸ਼੍ਰੋਮਣੀ ਕਮੇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਨਾਲ ਜੋੜਿਆ ਅਤੇ ਧਰਮ ਪ੍ਰਚਾਰ ਲਹਿਰ ਨੂੰ ਹੋਰ ਪ੍ਰਚੰਡ ਕੀਤਾ।

# ਹੱਥ ਲਿਖਤ ਸਰੂਪ ਬਾਰੇ ਜਥੇਦਾਰ ਹਰਪ੍ਰੀਤ ਸਿੰਘ ਨੇ ਦਲ ਖ਼ਾਲਸਾ ਦੇ ਆਗੂਆਂ ਨੂੰ ਪੂਰਨ ਤਸੱਲੀ ਕਰਵਾਈ

**ਤਲਵੰਡੀ ਸਾਬੋ/ਬਿਊਰੋ ਨਿਊਜ਼ :** ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸੁਸ਼ੋਭਿਤ ਇੱਕ ਹੱਥ ਲਿਖਤ ਸਰੂਪ ਬਾਰੇ ਉੱਠੇ ਵਿਵਾਦ ਸਬੰਧੀ ਇੱਥੇ ਪੁੱਜੇ ਦਲ ਖ਼ਾਲਸਾ ਦੇ ਆਗੂਆਂ ਦੇ ਵਫ਼ਦ ਨੂੰ ਕਾਰਜਕਾਰੀ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਪੂਰਨ ਤੌਰ 'ਤੇ ਤਸੱਲੀ ਕਰਵਾਈ ਗਈ। ਬੈਠਕ ਤੋਂ ਬਾਅਦ ਆਗੂਆਂ ਨੇ ਸੰਤੁਸ਼ਟੀ ਪ੍ਰਗਟਾਉਂਦਿਆਂ ਕਿਹਾ ਕਿ ਬਾਣੀ ਨਾਲ ਛੇੜਛਾੜ ਵਾਲੀ ਕੋਈ ਗੱਲ ਨਹੀਂ ਹੈ ਅਤੇ ਇਹ ਜਾਣਬੁੱਝ ਕੇ ਖੜ੍ਹਾ ਕੀਤਾ ਗਿਆ ਵਿਵਾਦ ਹੈ। ਦੱਸਣਯੋਗ ਹੈ ਕਿ ਕੁਝ ਸਮਾਂ ਪਹਿਲਾਂ ਮਲੇਸ਼ੀਆ ਵਾਸੀ ਜਸਵੰਤ ਸਿੰਘ ਖੋਸਾ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਹੱਥੀਂ ਲਿਖਿਆ ਸਰੂਪ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੁਧਾਈ ਹੋਣ ਤੋਂ ਬਾਅਦ ਤਖ਼ਤ ਦਮਦਮਾ ਸਾਹਿਬ ਵਿਖੇ ਸੁਸ਼ੋਭਿਤ ਕੀਤਾ ਗਿਆ ਸੀ। ਪਿਛਲੇ ਦਿਨੀਂ ਉਕਤ ਸਰੂਪ ਬਾਰੇ ਇਹ ਵਿਵਾਦ ਖੜ੍ਹਾ ਹੋ ਗਿਆ ਸੀ ਕਿ ਇਸ ਵਿੱਚ ਬਾਣੀ ਨਾਲ ਛੇੜਛਾੜ ਕੀਤੀ ਗਈ ਹੈ। ਇਸ ਮਸਲੇ ਦੀ ਅਸਲੀਅਤ ਜਾਣਨ ਲਈ ਦਲ ਖ਼ਾਲਸਾ ਦੇ ਆਗੂਆਂ ਦਾ ਇੱਕ ਵਫ਼ਦ ਦਲ ਦੇ ਸੀਨੀਅਰ ਮੀਤ ਪ੍ਰਧਾਨ ਬਾਬਾ ਹਰਦੀਪ ਸਿੰਘ ਮਹਿਰਾਜ ਦੀ ਅਗਵਾਈ ਹੇਠ ਇੱਥੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਮਿਲਿਆ ਅਤੇ ਸਿੰਘ ਸਾਹਿਬ ਨੇ ਆਪਣੇ ਲੈਪਟੌਪ ਜ਼ਰੀਏ ਪੁਰਾਤਨ ਹੱਥ ਲਿਖਤ ਤੇ ਲੜੀਵਾਰ ਸਰੂਪਾਂ ਅਤੇ ਉਕਤ ਹੱਥ ਲਿਖਤ ਸਰੂਪ ਦੀਆਂ ਫੋਟੋਆਂ ਰਾਹੀਂ ਵਫ਼ਦ ਨੂੰ ਪੂਰਨ ਤਸੱਲੀ ਕਰਵਾਈ।



ਹਰਦੀਪ ਸਿੰਘ ਮਹਿਰਾਜ ਨੇ ਮੀਡੀਆ ਨੂੰ ਦੱਸਿਆ ਕਿ ਕੌਮ ਨੂੰ ਅਜਿਹੇ ਵਿਵਾਦਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ।

# ਜੂਨ '84 ਘੱਲੂਘਾਰਾ : ਸ਼ਹੀਦਾਂ ਦੀ ਸਹੀ ਗਿਣਤੀ ਬਾਰੇ ਕੋਈ ਜਾਣਕਾਰੀ ਨਹੀਂ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸਾਕਾ ਨੀਲਾ ਤਾਰਾ ਮੌਕੇ ਭਾਰਤੀ ਫ਼ੌਜ ਵੱਲੋਂ ਕੀਤੇ ਗਏ ਹਮਲੇ ਦੌਰਾਨ ਸ਼ਹੀਦ ਹੋਏ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ, ਜਨਰਲ ਸੁਬੇਗ ਸਿੰਘ ਤੇ ਭਾਈ ਅਮਰੀਕ ਸਿੰਘ ਸਮੇਤ ਹੋਰ ਸਿੰਘ, ਸਿੰਘਣੀਆਂ ਤੇ ਭੁਝੰਗੀਆਂ ਦੀਆਂ ਤਸਵੀਰਾਂ ਲਗਾਉਣ ਹਿਤ ਦਮਦਮੀ ਟਕਸਾਲ ਵੱਲੋਂ ਸ਼ਹੀਦੀ ਗੈਲਰੀ ਦੀ ਕਾਰ ਸੇਵਾ ਸ਼ੁਰੂ ਕਰ ਦਿੱਤੀ ਗਈ ਹੈ ਪਰ ਇਸ ਗੈਲਰੀ ਵਿਚ ਕਿੰਨੇ ਸ਼ਹੀਦਾਂ ਦੀਆਂ ਤਸਵੀਰਾਂ ਲਗਾਈਆਂ ਜਾਣੀਆਂ ਹਨ ਇਸ ਸਬੰਧੀ ਅਜੇ ਨਾ ਤਾਂ ਟਕਸਾਲ ਕੋਲ ਪੂਰੀ ਜਾਣਕਾਰੀ ਹੈ ਤੇ ਨਾ ਹੀ ਸ਼੍ਰੋਮਣੀ ਕਮੇਟੀ ਕੋਲ। ਘੱਲੂਘਾਰੇ ਵਿਚ ਕਿੰਨੇ ਖਾੜਕੂ ਅਤੇ ਹੋਰ ਸ਼ਰਧਾਲੂ ਸ਼ਹੀਦ ਹੋਏ ਸਨ, ਦੀ ਸਹੀ ਗਿਣਤੀ ਅਜੇ ਤੱਕ ਵੀ ਸਾਹਮਣੇ ਨਹੀਂ ਆ ਸਕੀ। ਉਸ ਵੇਲੇ ਦੀ ਸਰਕਾਰ ਵੱਲੋਂ ਇਸ ਘੱਲੂਘਾਰੇ ਸਬੰਧੀ ਜਾਰੀ ਕੀਤੇ ਵਾਈਟ ਪੇਪਰ ਦੇ ਜਵਾਬ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਵੀ ਸੰਨ 1996 ਵਿਚ ਡਾ. ਢਿੱਲੋਂ ਪਾਸੋਂ ਵਾਈਟ ਪੇਪਰ ਤਿਆਰ ਕਰਵਾਇਆ ਗਿਆ ਸੀ ਪਰ ਹੁਣ ਉਹ ਵੀ ਸ਼੍ਰੋਮਣੀ ਕਮੇਟੀ ਦੀ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਿਚ ਉਪਲਬਧ ਨਹੀਂ ਹੈ। ਪੰਥਕ ਹਲਕਿਆਂ ਵਿਚ ਚਰਚਾ ਹੈ ਕਿ ਇਸ ਬਾਰੇ ਸ਼੍ਰੋਮਣੀ ਕਮੇਟੀ ਜਾਂ ਕਿਸੇ ਹੋਰ ਸਿੱਖ ਸੰਸਥਾ ਵੱਲੋਂ ਅਜੇ ਤੱਕ ਕੋਈ ਖੋਜ ਕਾਰਜ ਹੀ ਨਹੀਂ ਕੀਤਾ ਗਿਆ। ਦਲ ਖ਼ਾਲਸਾ ਜਥੇਬੰਦੀ ਦੇ ਸਕੱਤਰ ਜਨਰਲ ਕੰਵਰਪਾਲ ਸਿੰਘ ਅਨੁਸਾਰ ਉਨ੍ਹਾਂ ਆਪਣੀ ਵਿਸ਼ੇਸ਼ ਟੀਮ ਰਾਹੀਂ ਸ਼ਹੀਦ ਖਾੜਕੂਆਂ ਦੇ ਘਰਾਂ ਤੱਕ ਪਹੁੰਚ ਕਰਕੇ 220 ਦੇ ਕਰੀਬ ਸ਼ਹੀਦਾਂ ਦੇ ਨਾਵਾਂ ਦੀ ਸਚਿੱਤਰ ਡਾਇਰੈਕਟਰੀ ਤਿਆਰ ਕੀਤੀ ਸੀ ਤੇ ਕਾਫ਼ੀ ਸ਼ਹੀਦਾਂ ਦੀਆਂ ਤਸਵੀਰਾਂ ਵੀ ਇਕੱਤਰ ਕੀਤੀਆਂ ਗਈਆਂ ਸਨ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਈ ਗਈ ਸ਼ਹੀਦਾਂ ਦੀ ਸੂਚੀ ਵਿਚ ਗਿਣਤੀ 741 ਦਰਸਾਈ ਗਈ ਹੈ। ਦੱਸਿਆ ਜਾਂਦਾ ਹੈ ਕਿ ਇਨ੍ਹਾਂ ਵਿਚ 42 ਦੇ ਕਰੀਬ ਸ਼੍ਰੋਮਣੀ ਕਮੇਟੀ ਦੇ ਕਰਮਚਾਰੀ ਤੇ ਅਧਿਕਾਰੀ ਵੀ ਸਨ। ਇਸ ਸਾਕੇ ਦੇ ਚਸ਼ਮਦੀਦ ਗਵਾਹਾਂ ਤੇ ਪ੍ਰਤੱਖਦਰਸ਼ੀਆਂ ਦੀ ਗੱਲਬਾਤ ਨੂੰ ਇਤਿਹਾਸਕ ਦਸਤਾਵੇਜ਼ ਵਜੋਂ ਰਿਕਾਰਡ ਕਰਨ ਜਾਂ ਵੀਡੀਓ ਬਣਾਏ ਜਾਣ ਵਰਗੇ ਕਿਸੇ ਪ੍ਰੋਜੈਕਟ ਨੂੰ ਸ਼ੁਰੂ ਕਰਨ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਅਜੇ ਤੱਕ ਵੀ ਕੋਈ ਯਤਨ ਨਹੀਂ ਕੀਤਾ ਗਿਆ।

## ਪੋਲੀਗ੍ਰਾਫ਼ ਟੈਸਟ ਲਈ ਰਾਜ਼ੀ ਹੋਏ ਅਭਿਸ਼ੇਕ ਨੇ ਟਾਈਟਲਰ ਤੋਂ ਖ਼ਤਰਾ ਦੱਸਿਆ

**ਨਵੀਂ ਦਿੱਲੀ/ਬਿਊਰੋ ਨਿਊਜ਼ :** '84 ਸਿੱਖ ਨਸਲਕੁਸ਼ੀ ਮਾਮਲੇ ਵਿਚ ਇਕ ਮੁੱਖ ਗਵਾਹ ਵਿਵਾਦਤ ਹਥਿਆਰ ਕਾਰੋਬਾਰੀ ਅਭਿਸ਼ੇਕ ਵਰਮਾ ਨੇ ਸਾਬਕਾ ਕੇਂਦਰੀ ਮੰਤਰੀ ਤੇ '84 ਸਿੱਖ ਨਸਲਕੁਸ਼ੀ ਵਿਚ ਦੋਸ਼ੀ ਪਾਏ ਗਏ ਜਗਦੀਸ਼ ਟਾਈਟਲਰ ਤੋਂ ਖ਼ਤਰਾ ਦੱਸਿਆ ਹੈ। ਅਭਿਸ਼ੇਕ ਨੇ ਬੀਤੇ ਦਿਨੀਂ ਦਿੱਲੀ ਦੀ ਇਕ ਅਦਾਲਤ ਵਿਚ ਕਿਹਾ ਕਿ ਪੋਲੀਗ੍ਰਾਫ਼ ਟੈਸਟ ਕਰਵਾਉਣ ਲਈ ਉਹ ਸਹਿਮਤ ਹੈ, ਪਰ ਉਸ ਨੂੰ ਸੁਰੱਖਿਆ ਦਾ ਭਰੋਸਾ ਦਿੱਤਾ ਜਾਵੇ। ਅਭਿਸ਼ੇਕ ਮੁਤਾਬਕ ਉਸ ਨੂੰ ਟਾਈਟਲਰ ਤੋਂ ਖ਼ਤਰਾ ਹੈ, ਅਜਿਹੇ ਵਿਚ ਉਸ ਨੂੰ 24 ਘੰਟੇ ਪੂਰੀ ਸੁਰੱਖਿਆ ਮੁਹੱਈਆ ਕਰਵਾਈ ਜਾਵੇ। ਇਸ ਤੋਂ ਪਹਿਲਾਂ ਟਾਈਟਲਰ '84 ਨਸਲਕੁਸ਼ੀ ਮਾਮਲੇ ਵਿਚ ਪੋਲੀਗ੍ਰਾਫ਼ ਟੈਸਟ ਕਰਵਾਉਣ ਤੋਂ ਇਨਕਾਰ ਕਰ ਚੁੱਕਿਆ ਹੈ। ਸੀ ਬੀ ਆਈ ਉਸ ਨੂੰ ਤਿੰਨ ਮੌਕਿਆਂ 'ਤੇ ਕਲੀਨ ਚਿਟ ਦੇ ਚੁੱਕੀ ਹੈ।

## ਜਸਟਿਸ ਪਾਠਕ ਨੇ ਸੱਜਣ ਕੁਮਾਰ ਮਾਮਲੇ 'ਚੋਂ ਖ਼ੁਦ ਨੂੰ ਕੀਤਾ ਵੱਖ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਹਾਈ ਕੋਰਟ ਦੇ ਜੱਜ ਏ.ਕੇ. ਪਾਠਕ ਨੇ ਨਵੰਬਰ 1984 ਦੇ ਸਿੱਖ ਕਤਲੇਆਮ ਵਿੱਚ ਹੇਠਲੀ ਅਦਾਲਤ ਵੱਲੋਂ ਸੱਜਣ ਕੁਮਾਰ ਨੂੰ ਦਿੱਤੀ ਜ਼ਮਾਨਤ ਨੂੰ ਚੁਣੌਤੀ ਦਿੰਦੀ ਪਟੀਸ਼ਨ ਤੋਂ ਖ਼ੁਦ ਨੂੰ ਵੱਖ ਕਰ ਲਿਆ ਹੈ ਤੇ ਮੁਕੱਦਮਾ ਦੂਜੇ ਬੈਂਚ ਨੂੰ ਭੇਜ ਦਿੱਤਾ ਹੈ। ਇਸ ਮਾਮਲੇ ਵਿੱਚ ਅਗਲੀ ਸੁਣਵਾਈ 13 ਜੁਲਾਈ ਨੂੰ ਹੋਵੇਗੀ। ਜਸਟਿਸ ਏ.ਕੇ. ਪਾਠਕ ਨੇ ਪਟੀਸ਼ਨ ਕਿਸੇ ਹੋਰ ਬੈਂਚ ਕੋਲ 13 ਜੁਲਾਈ ਨੂੰ ਲਾਉਣ ਲਈ ਕਿਹਾ ਹੈ। ਵਿਸ਼ੇਸ਼ ਜਾਂਚ ਟੀਮ ਚਾਹੁੰਦੀ ਹੈ ਕਿ ਸੱਜਣ ਕੁਮਾਰ ਦੀ ਜ਼ਮਾਨਤ ਅਰਜ਼ੀ ਰੱਦ ਕੀਤੀ ਜਾਵੇ।

# ਨਾਭਾ ਜੇਲ੍ਹ ਕਾਂਡ : ਭਾਈ ਹਰਮਿੰਦਰ ਸਿੰਘ ਬਿੱਟੂ ਸਮੇਤ 23 ਮੁਲਜ਼ਮਾਂ ਖ਼ਿਲਾਫ਼ ਦੋਸ਼ ਆਇਦ

**ਪਟਿਆਲਾ/ਬਿਊਰੋ ਨਿਊਜ਼ :** ਨਾਭਾ ਜੇਲ੍ਹ ਕਾਂਡ ਅਧੀਨ ਸਥਾਨਕ ਅਦਾਲਤ ਵੱਲੋਂ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਚੀਫ ਭਾਈ ਹਰਮਿੰਦਰ ਸਿੰਘ ਮਿੰਟੂ ਅਤੇ ਜੇਲ੍ਹ ਦੇ ਸਹਾਇਕ ਸੁਪਰਡੈਂਟ ਭੀਮ ਸਿੰਘ ਸਮੇਤ 23 ਜਣਿਆਂ ਖ਼ਿਲਾਫ਼ ਦੋਸ਼ ਆਇਦ ਕਰ ਦਿੱਤੇ ਗਏ ਹਨ। ਇਹ ਕਾਰਵਾਈ ਧਾਰਾ 307, ਅਸਲਾ ਐਕਟ ਅਤੇ ਅਨਲਾਅਫੁੱਲ ਐਕਟੀਵਿਟੀ ਐਕਟ ਸਮੇਤ ਕੁਝ ਹੋਰ ਧਾਰਾਵਾਂ ਅਧੀਨ ਕੀਤੀ ਗਈ ਹੈ। ਵਧੀਕ ਸੈਸ਼ਨ ਜੱਜ ਮੁਹੰਮਦ ਗੁਲਜ਼ਾਰ ਦੀ ਅਦਾਲਤ ਵੱਲੋਂ ਕੇਸ ਦੀ ਅਗਲੀ ਸੁਣਵਾਈ 27 ਜੁਲਾਈ 'ਤੇ ਪਾਈ ਗਈ ਹੈ। ਮੁਲਜ਼ਮਾਂ ਨੂੰ ਡੀ.ਐਸ.ਪੀ. ਚੰਦ ਸਿੰਘ ਦੀ ਨਿਗਰਾਨੀ ਸਖ਼ਤ ਪੁਲੀਸ ਪਹਿਰੇ ਹੇਠ ਅਦਾਲਤ ਵਿਚ ਪੇਸ਼ ਕੀਤਾ ਗਿਆ। ਜਿਨ੍ਹਾਂ ਹੋਰਨਾਂ ਖ਼ਿਲਾਫ਼ ਦੋਸ਼ ਆਇਦ ਹੋਏ ਹਨ, ਉਨ੍ਹਾਂ ਵਿੱਚ ਗੈਂਗਸਟਰ ਪਲਵਿੰਦਰ ਪਿੰਦਾ, ਗੁਰਪ੍ਰੀਤ ਸੇਖੋਂ, ਨੀਟਾ ਦਿਓਲ, ਬਿੱਕਰ ਸਿੰਘ ਮੁਦਕੀ, ਜਗਤਵੀਰ ਸਿੰਘ ਰਾਮਪੁਰਾ, ਚਰਨਪ੍ਰੀਤ ਸਿੰਘ, ਹਰਜੋਤ ਸਿੰਘ, ਰਣਜੀਤ ਸਿੰਘ ਹੁਸ਼ਿਆਰਪੁਰ, ਨਰੇਸ਼ ਨੌਰੰਗ ਹਨੂੰਮਾਨਗੜ੍ਹ, ਸੰਜੀਵ ਕਾਲੜਾ ਲੁਧਿਆਣਾ, ਮੁਹੰਮਦ ਆਸੀਮ ਯੂਪੀ ਤੇ ਗੁਰਪ੍ਰੀਤ ਮਾਂਗੇਵਾਲ ਸਮੇਤ ਜੇਲ੍ਹ ਵਾਰਡਨ ਜਗਮੀਤ ਸਿੰਘ ਤੇ ਕੰਟੀਨ ਮਾਲਕ ਤੇਜਿੰਦਰ ਸ਼ਰਮਾ ਸ਼ਾਮਲ ਹਨ। ਇਸੇ ਦੌਰਾਨ ਗੁਰਪ੍ਰੀਤ ਸੇਖੋਂ ਸਮੇਤ 8 ਖ਼ਿਲਾਫ਼ ਸਪਲੀਮੈਂਟਰੀ ਚਲਾਨ ਵੀ ਪੇਸ਼ ਕੀਤਾ ਗਿਆ ਜਦਕਿ ਬਾਕੀਆਂ ਖ਼ਿਲਾਫ਼ ਪਹਿਲਾਂ ਹੀ ਚਲਾਨ ਪੇਸ਼ ਕੀਤਾ ਹੋਇਆ ਸੀ। ਬਚਾਅ ਪੱਖ ਵੱਲੋਂ ਐਡਵੋਕੇਟ ਬਿਕਰਮਜੀਤ ਭੁੱਲਰ, ਐਸ.ਐਸ. ਸੱਗੂ, ਦਰਸ਼ਨ ਸਿੰਘ ਨਾਭਾ ਤੇ ਹੋਰ ਵਕੀਲ ਮੌਜੂਦ ਸਨ।



ਭਾਈ ਹਰਮਿੰਦਰ ਸਿੰਘ ਮਿੰਟੂ ਤੇ ਹੋਰ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਦੇ ਹੋਏ ਪੁਲੀਸ ਮੁਲਾਜ਼ਮ।

## ਸਿੱਕਮ ਸਥਿਤ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਨੂੰ ਸੌਂਪਿਆ ਜਾਵੇ : ਪ੍ਰੋ. ਬਡੂੰਗਰ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸਿੱਕਮ ਵਿੱਚ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਵਿੱਚ ਦਖ਼ਲਅੰਦਾਜ਼ੀ ਕੀਤੇ ਜਾਣ ਕਾਰਨ ਮਰਿਆਦਾ ਦੀ ਉਲੰਘਣਾ ਹੋ ਰਹੀ ਹੈ, ਜਿਸ ਨਾਲ ਉਥੇ ਰਹਿੰਦੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਸਿੱਖ ਭਾਈਚਾਰੇ ਵੱਲੋਂ ਇਸ ਸਬੰਧੀ ਸ਼੍ਰੋਮਣੀ ਕਮੇਟੀ ਕੋਲ ਪਹੁੰਚ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸਿੱਕਮ ਦੇ ਰਾਜਪਾਲ ਸ੍ਰੀਨਿਵਾਸ ਪਾਟਿਲ ਅਤੇ ਮੁੱਖ ਮੰਤਰੀ ਪਵਨ ਕੁਮਾਰ ਚਾਮਲਿੰਗ ਨੂੰ ਪੱਤਰ ਲਿਖ ਕੇ ਸਿੱਕਮ ਵਿੱਚ ਗੁਰੂ ਡਾਂਗਮਾਰ ਅਤੇ ਚੁੰਗ ਥਾਂਗ ਸਥਿਤ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਦੋ ਗੁਰਦੁਆਰਿਆਂ ਵਿੱਚ ਮਰਿਆਦਾ ਦੀ ਹੋ ਰਹੀ ਉਲੰਘਣਾ ਵੱਲ ਧਿਆਨ ਦਿਵਾਉਂਦਿਆਂ ਗੁਰਦੁਆਰਿਆਂ ਦਾ ਪ੍ਰਬੰਧ ਸਥਾਨਕ ਸਿੱਖਾਂ ਨੂੰ ਦੇਣ ਦੀ ਮੰਗ ਕੀਤੀ ਹੈ।

# ਪੰਜਾਬੀ ਲਿਖਾਰੀ ਸਭਾ ਸਿਆਟਲ ਦੀ ਚੋਣ

## ਮਨਜੀਤ ਕੌਰ ਪ੍ਰਧਾਨ, ਡਾ. ਜੇ.ਬੀ. ਸਿੰਘ ਮੀਤ ਪ੍ਰਧਾਨ ਬਣੇ

**ਸਿਆਟਲ/ਬਿਊਰੋ ਨਿਊਜ਼ :** ਗੁਰਦੁਆਰਾ ਸਿੰਘ ਸਭਾ ਸਿਆਟਲ ਦੇ ਗੁਰਮਤਿ ਖਾਲਸਾ ਸਕੂਲ ਵਿਚ ਨਵੀਂ ਪ੍ਰਬੰਧਕੀ ਟੀਮ ਦੀ ਚੋਣ ਸਬੰਧੀ ਮੀਟਿੰਗ ਹੋਈ, ਜਿਸ ਵਿਚ ਸਭ ਤੋਂ ਪਹਿਲਾਂ ਨਾਟਕਕਾਰ ਅਜਮੇਰ ਸਿੰਘ ਔਲਖ ਅਤੇ ਲੇਖਕ ਇਕਬਾਲ ਸਿੰਘ ਰਾਮੂਵਾਲੀਆ ਨੂੰ ਦੋ ਮਿੰਟ ਦਾ



ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਦੌਰਾਨ ਸਰਬਸੰਮਤੀ ਨਾਲ ਸਾਲ 2017-19 ਲਈ ਪੰਜਾਬੀ ਲਿਖਾਰੀ ਸਭਾ ਸਿਆਟਲ ਦੀ ਨਵੀਂ ਪ੍ਰਬੰਧਕੀ ਟੀਮ ਚੁਣੀ ਗਈ। ਇਸ ਵਿਚ ਮਨਜੀਤ ਕੌਰ ਗਿੱਲ ਨੂੰ ਪ੍ਰਧਾਨ, ਡਾ. ਜੇ.ਬੀ. ਸਿੰਘ ਨੂੰ ਮੀਤ ਪ੍ਰਧਾਨ, ਅਮਰਜੀਤ ਸਿੰਘ ਤਰਸਿੱਕਾ ਨੂੰ ਜਨਰਲ ਸਕੱਤਰ, ਬਲਿਹਾਰ ਲਹਿਲ ਨੂੰ ਮੀਤ ਸਕੱਤਰ, ਪ੍ਰਿਤਪਾਲ ਸਿੰਘ ਢੀਂਡਸਾ ਨੂੰ ਕੈਸ਼ੀਅਰ ਨਿਯੁਕਤ ਕੀਤਾ ਗਿਆ। ਇਸ ਮੌਕੇ ਅਵਤਾਰ ਸਿੰਘ ਆਦਮਪੁਰੀ, ਹਰਭਜਨ ਸਿੰਘ ਬੈਂਸ, ਵਾਸਦੇਵ ਸਿੰਘ ਪਰਹਾਰ, ਕਰਨੈਲ ਕੈਲ, ਜੰਗਪਾਲ ਸਿੰਘ, ਈਸ਼ਰ ਸਿੰਘ ਗਰਚਾ, ਸਾਧੂ ਸਿੰਘ ਝੱਜ, ਮਹਿੰਦਰ ਚੀਮਾ, ਹਰਨਾਮ ਸਿੰਘ, ਕਵੀਸ਼ਰ ਹਰਜੋਤ ਸਿੰਘ, ਭਗੀਰਥ ਸਿੰਘ ਅਤੇ ਕੁਝ ਸਰੋਤੇ ਵੀ ਹਾਜ਼ਰ ਸਨ। ਲੇਖਕਾਂ ਨੇ ਆਪੋ ਆਪਣੀਆਂ ਰਚਨਾਵਾਂ ਵੀ ਸੁਣਾਈਆਂ।

ਨਵੀਂ ਕਮੇਟੀ ਐਤਵਾਰ 13 ਅਗਸਤ 2017 ਨੂੰ kent conference and event center ( ਮਹਾਰਾਜਾ ਰੈਸਟੋਰੈਂਟ ) 10120 SE 260th St Ste #121. Kent, WA 98030 ਵਿਚ ਚਾਰਜ ਸੰਭਾਲੇਗੀ। ਇਸ ਦੌਰਾਨ ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਸਿਆਟਲ ਦੇ ਲੇਖਕਾਂ ਦੀ ਸਾਂਝੀ ਛਪੀ ਕਿਤਾਬ ਕਲਮੀ ਰਮਜ਼ਾਂ - 2 ਰਿਲੀਜ਼ ਕੀਤੀ ਜਾਵੇਗੀ। ਸਮਾਗਮ ਸਵੇਰੇ 11.00 ਤੋਂ ਸ਼ਾਮ 4.00 ਵਜੇ ਤੱਕ ਚੱਲੇਗਾ। ਚਾਹ ਪਾਣੀ ਦਾ ਇੰਤਜ਼ਾਮ ਵੀ ਹੋਵੇਗਾ। ਇਸ ਤੋਂ ਇੱਕ ਦਿਨ ਪਹਿਲਾਂ ਸ਼ਨਿਚਰਵਾਰ 12 ਅਗਸਤ ਨੂੰ ਪੰਜਾਬੀ ਲਿਖਾਰੀ ਸਭਾ ਵਲੋਂ ਗੁਰਦੁਆਰਾ ਸਿੰਘ ਸਭਾ ਸਿਆਟਲ ਦੇ ਗੁਰਮਤਿ ਖਾਲਸਾ ਸਕੂਲ ਵਿਚ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਵਰਕਸ਼ਾਪ ਲਾਈ ਜਾਵੇਗੀ ਜਿਸ ਵਿਚ ਹਰਭਜਨ ਸਿੰਘ ਬੈਂਸ ਗ਼ਜ਼ਲ, ਕਵਿਤਾ, ਗੀਤ ਕਿਵੇਂ ਲਿਖਣਾ ਹੈ, ਬਾਰੇ ਚਾਨਣਾ ਪਾਉਣਗੇ। ਪਿੰਗਲ (ਅਰੂਜ) ਪੰਜਾਬੀ ਗਰਾਮਰ ਕਿਵੇਂ ਵਰਤੇ ਜਾਂਦੇ ਹਨ। ਬਾਹਰੋਂ ਆਉਣ ਵਾਲਿਆਂ ਲਈ ਲੰਗਰ ਅਤੇ ਰਿਹਾਇਸ਼ ਦਾ ਇੰਤਜ਼ਾਮ ਫਰੀ ਹੋਵੇਗਾ। ਹੋਰ ਜਾਣਕਾਰੀ ਲਈ ਅਵਤਾਰ ਸਿੰਘ ਆਦਮਪੁਰੀ ਨੂੰ 253-335-6062 ਜਾਂ ਹਰਪਾਲ ਸਿੰਘ ਸਿੱਧੂ ਨੂੰ 206-992-8265 'ਤੇ ਕਾਲ ਕਰ ਸਕਦੇ ਹੋ।

# ਬੁਰਹਾਨ ਵਾਨੀ ਦੀ ਬਰਸੀ ਮੌਕੇ ਹਿੰਸਾ ਦੌਰਾਨ ਔਰਤ ਜ਼ਖ਼ਮੀ

**ਸ੍ਰੀਨਗਰ/ਬਿਊਰੋ ਨਿਊਜ਼ :** ਹਿਜ਼ਬੁਲ ਮੁਜਾਹਦੀਨ ਕਮਾਂਡਰ ਬੁਰਹਾਨ ਵਾਨੀ ਦੀ ਮੌਤ ਨੂੰ ਇਕ ਸਾਲ ਪੂਰਾ ਹੋਣ 'ਤੇ ਵੱਖਵਾਦੀਆਂ ਦੀ ਰੈਲੀ ਕਰਨ ਦੀ ਯੋਜਨਾ ਨੂੰ ਰੱਦ ਕਰਨ ਲਈ ਪ੍ਰਸ਼ਾਸਨ ਨੇ ਕਸ਼ਮੀਰ ਵਿਚ ਤਰਾਲ ਸਮੇਤ ਤਿੰਨ ਸ਼ਹਿਰਾਂ ਵਿਚ ਕਰਫਿਊ ਲਾਗੂ ਕਰ ਦਿੱਤਾ ਸੀ ਤੇ ਵਾਦੀ ਦੇ ਰਹਿੰਦੇ ਹਿੱਸਿਆਂ ਵਿਚ ਲੋਕ ਲਹਿਰ 'ਤੇ ਪਾਬੰਦੀ ਲਗਾ ਦਿੱਤੀ ਗਈ। ਸ਼ਹਿਰ ਵੱਲ ਜਾਣ ਵਾਲੀਆਂ ਸਾਰੀਆਂ ਸੜਕਾਂ ਨੂੰ ਸੀਲ ਕਰ ਦਿੱਤਾ ਗਿਆ ਤੇ ਪਾਬੰਦੀਆਂ ਨੂੰ ਲਾਗੂ ਕਰਨ ਲਈ ਪੁਲੀਸ ਤੇ ਕੇਂਦਰੀ ਰਿਜ਼ਰਵ ਪੁਲੀਸ ਬਲ (ਸੀ.ਆਰ.ਪੀ.ਐਫ.) ਨੂੰ ਵੱਡੀ ਗਿਣਤੀ ਵਿਚ ਤਾਇਨਾਤ ਕਰ ਦਿੱਤਾ ਗਿਆ ਹੈ। ਸਾਰੇ ਕਸ਼ਮੀਰ ਵਿਚ ਕਿਸੇ ਵੀ ਘਟਨਾ ਨਾਲ ਨਜਿੱਠਣ ਲਈ ਵੱਡੀ ਗਿਣਤੀ ਵਿਚ ਪੁਲੀਸ ਤੇ ਨੀਮ ਫ਼ੌਜੀ ਬਲ ਨੂੰ ਤਾਇਨਾਤ ਕੀਤਾ ਗਿਆ ਹੈ। ਇਸ ਦੇ ਬਾਵਜੂਦ ਸਥਾਨਕ ਲੋਕਾਂ ਦੀ ਪੁਲੀਸ ਤੇ ਸੁਰੱਖਿਆ ਬਲਾਂ ਨਾਲ ਝੜਪਾਂ ਹੋਣ ਦੀ ਵੀ ਖ਼ਬਰ ਹੈ। ਸ੍ਰੀਨਗਰ ਵਿਚ ਲੋਕ ਪ੍ਰਦਰਸ਼ਨ ਕਰਨ ਲਈ ਸੜਕਾਂ 'ਤੇ ਉਤਰੇ, ਪਰ ਕਰਫਿਊ ਲੱਗਾ ਹੋਣ ਕਾਰਨ ਚਸ਼ਮਦੀਦ ਗਵਾਹਾਂ ਅਨੁਸਾਰ ਘੱਟੋ-ਘੱਟ ਦਰਜਨ ਥਾਂਵਾਂ 'ਤੇ ਲੋਕਾਂ ਨੇ ਵੱਖਵਾਦੀਆਂ ਦੇ ਪੱਖ ਤੇ ਭਾਰਤ ਸਰਕਾਰ ਦੇ ਵਿਰੋਧ ਵਿਚ ਨਾਅਰੇ ਲਗਾਏ। ਮਾਰਚ ਕੱਢਣ ਦੀ ਵੀ ਕੋਸ਼ਿਸ਼ ਕੀਤੀ ਗਈ। ਪੁਲਿਸ ਤੇ ਨੀਮ ਫ਼ੌਜੀ ਬਲ ਨੇ ਲੋਕਾਂ ਨੂੰ ਖਦੇੜਨ ਲਈ ਅੱਥਰੂ ਗੈਸ ਦਾ ਇਸਤੇਮਾਲ ਕੀਤਾ, ਜਿਸ ਦੇ ਬਾਅਦ ਲੋਕਾਂ ਨੇ ਪਥਰਾਅ ਸ਼ੁਰੂ ਕਰ ਦਿੱਤਾ। ਇਸ ਮੌਕੇ ਇਕ ਔਰਤ ਜ਼ਖ਼ਮੀ ਹੋ ਗਈ। ਘਾਟੀ ਦੀ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਜੰਮੂ ਵਿਚ ਭਗਵਤੀ ਨਗਰ ਦੇ ਆਧਾਰ ਕੰਪਲੈਕਸ ਤੋਂ ਅਮਰਨਾਥ ਯਾਤਰਾ ਅਗਲੇ ਆਦੇਸ਼ ਤਕ ਰੱਦ ਕਰ ਦਿੱਤੀ ਗਈ ਹੈ। ਦੱਸਣਯੋਗ ਹੈ ਕਿ ਵਾਨੀ ਬੀਤੇ ਸਾਲ ਦੀ 8 ਜੁਲਾਈ ਨੂੰ ਸੁਰੱਖਿਆ ਬਲਾਂ ਨਾਲ ਮੁਕਾਬਲੇ ਵਿਚ ਮਾਰਿਆ ਗਿਆ ਸੀ।

# ਸ੍ਰੀ ਗੁਰੂ ਰਵੀਦਾਸ ਸਭਾ ਪਿਟਸਬਰਗ ਦੀ ਵਰ੍ਹੇਗੰਢ ਮੌਕੇ ਧਾਰਮਿਕ ਕਵੀ ਦਰਬਾਰ

**ਪਿਟਸਬਰਗ/ਬਿਊਰੋ ਨਿਊਜ਼ :** ਸ੍ਰੀ ਗੁਰੂ ਰਵੀਦਾਸ ਸਭਾ ਪਿਟਸਬਰਗ (2150 Crestview Drive Pittsburg CA.94565) ਦੀ 32ਵੀਂ ਵਰ੍ਹੇਗੰਢ ਮੌਕੇ ਬੀਤੇ ਦਿਨੀਂ ਵਿਸ਼ੇਸ਼ ਦੀਵਾਨ ਸਜਾਏ ਗਏ। ਇਸ ਦੇ ਨਾਲ ਹੀ ਅਮਰੀਕਾ ਵੱਸਦੇ ਪੰਜਾਬੀ ਸ਼ਾਇਰਾਂ ਵੱਲੋਂ ਵੀ ਗੁਰਦੁਆਰੇ ਦੀ ਮਹੱਤਤਾ ਅਤੇ ਇਤਿਹਾਸ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਇਸ ਮੌਕੇ ਤਰਸੇਮ ਸਿੰਘ ਸੁੰਮਨ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮੋਂਟ, ਮਹਿੰਦਰ ਸਿੰਘ ਰਾਜਪੂਤ, ਮਹਿੰਦਰਪਾਲ ਸਿੰਘ ਤੇ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਹਿੱਸਾ ਲਿਆ। ਪ੍ਰਬੰਧਕਾਂ ਵੱਲੋਂ ਕਵੀਆਂ ਦਾ ਸਨਮਾਨ ਵੀ ਕੀਤਾ ਗਿਆ। ਧਾਰਮਿਕ ਕਵੀ ਦਰਬਾਰ ਵਿਚ ਸ਼ਾਮਲ ਹੋਣ ਲਈ 510-415-9377 ਜਾਂ 408-528-4489 'ਤੇ ਕਾਲ ਕੀਤਾ ਜਾ ਸਕਦਾ ਹੈ।



# ਇੰਡੋ ਅਮੇਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ ਵਲੋਂ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ 13 ਅਗਸਤ, ਐਤਵਾਰ ਨੂੰ

## ਸ਼ਹੀਦ ਊਧਮ ਸਿੰਘ ਤੇ ਸ਼ਹੀਦ ਮਦਨ ਲਾਲ ਢੀਂਗਰਾ ਨੂੰ ਸਮਰਪਿਤ ਹੋਵੇਗਾ ਪ੍ਰੋਗਰਾਮ



**ਫਰਿਜ਼ਨੋ/ਬਿਊਰੋ ਨਿਊਜ਼ :** ਇੰਡੋ ਅਮੇਰੀਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ ਪਰਿਵਾਰਕ ਪਿਕਨਿਕ ਕੀਤੀ ਗਈ ਜਿਸ ਵਿਚ ਸਮੂਹ ਮੈਂਬਰਾਂ ਨੇ ਪਰਿਵਾਰਾਂ ਸਮੇਤ ਹਿੱਸਾ ਲਿਆ। ਫਰਿਜ਼ਨੋ ਦੇ ਕਰਨੀ ਪਾਰਕ ਵਿਚ ਹੋਈ ਇਸ ਪਿਕਨਿਕ ਦਾ ਸਭਨਾ ਨੇ ਭਰਪੂਰ ਆਨੰਦ ਮਾਣਿਆ। ਪਰਵਿਾਰਾਂ ਵਲੋਂ ਬਣਾ ਕੇ ਲਿਆਂਦਾ ਖਾਣਾ ਇਕ-ਦੂਜੇ ਨਾਲ ਵੰਡ ਕੇ ਛਕਿਆ। ਹਲਕੀਆਂ-ਫੁਲਕੀਆਂ ਗੱਲਾਂ ਦੇ ਨਾਲ ਨਾਲ ਗੰਭੀਰ ਮਸਲਿਆਂ 'ਤੇ ਵੀ ਚਰਚਾ ਹੋਈ। ਇਸ ਤਹਿਤ ਸ਼ਹੀਦ ਊਧਮ ਸਿੰਘ ਸੁਨਾਮ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦਾ ਸ਼ਹੀਦੀ ਦਿਵਸ 13 ਅਗਸਤ, ਐਤਵਾਰ ਨੂੰ ਇੰਡੀਆ ਉਵਨ, ਫਰਿਜ਼ਨੋ ਦੇ ਹਾਲ ਮਨਾਉਣ ਦਾ ਫੈਸਲਾ ਵੀ ਲਿਆ। ਇਸ ਪ੍ਰੋਗਰਾਮ ਵਿਚ ਮੁੱਖ ਤੌਰ 'ਤੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਜਾਣਗੇ। ਇਹ ਮੁਕਾਬਲੇ 1:00 ਵਜੇ ਤੋਂ ਸ਼ਾਮ ਦੇ 5:00 ਵਜੇ ਤੱਕ ਹੋਣਗੇ। ਇਸ ਵਿਚ ਹਰ ਉਮਰ ਦੇ ਵਿਦਿਆਰਥੀ ਸ਼ਾਮਲ ਹੋ ਸਕਦੇ ਹਨ ਅਤੇ ਵਿਦਿਆਰਥੀਆ ਨੂੰ ਸਕੂਲ ਦੀ ਕਲਾਸ ਦੇ ਆਧਾਰ 'ਤੇ ਚਾਰ ਗਰੁੱਪਾਂ ਵਿਚ ਵੰਡਿਆ ਗਿਆ ਹੈ।

ਗਰੁੱਪ ਏ ਵਿਚ ਪਹਿਲੀ ਤੋਂ ਛੇਵੀਂ ਜਮਾਤ ਦੇ ਵਿਦਿਆਰਥੀ ਸ਼ਾਮਲ ਹੋਣਗੇ। ਇਸ ਗਰੁਪ ਨੂੰ ਸ਼ਹੀਦ ਊਧਮ ਸਿੰਘ, ਸ਼ਹੀਦ ਮਦਨ ਲਾਲ ਢੀਂਗਰਾ ਜਾਂ ਭਾਰਤ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਹੋਰ ਦੇਸ਼ ਭਗਤਾਂ ਦੀਆਂ ਜੀਵਨੀਆਂ 'ਤੇ ਅਧਾਰਤ ਕਵਿਤਾ, ਗੀਤ ਜਾਂ ਭਾਸ਼ਣ ਪੇਸ਼ ਕਰਨ ਦੀ ਖੁੱਲ੍ਹ ਹੋਵੇਗੀ। ਗਰੁੱਪ ਬੀ ਵਿਚ ਸਤਵੀਂ ਅਤੇ ਅਠਵੀਂ ਕਲਾਸ ਦੇ ਵਿਦਿਆਰਥੀ ਸ਼ਾਮਲ ਹੋਣਗੇ ਅਤੇ ਉਹ ਭਾਰਤ ਦੀ ਅੰਗਰੇਜ਼ੀ ਸਾਮਰਾਜ ਤੋਂ ਆਜ਼ਾਦੀ ਦੀ ਜਦੋ-ਜਹਿਦ, ਗ਼ਦਰ ਪਾਰਟੀ ਮੂਵਮੈਂਟ ਜਾਂ ਆਈ. ਐਨ.ਏ. ਮੂਵਮੈਂਟ 'ਤੇ ਆਪਣਾ ਭਾਸ਼ਣ ਪੇਸ਼ ਕਰਨਗੇ। ਗਰੁੱਪ ਸੀ ਵਿਚ ਹਾਈ ਸਕੂਲ ਦੇ ਵਿਦਿਆਰਥੀ ਹੋਣਗੇ ਅਤੇ ਉਨ੍ਹਾਂ ਦੇ ਭਾਸ਼ਣ ਦਾ ਵਿਸ਼ਾ 'ਅਮਰੀਕਾ ਅਤੇ ਇੰਮੀਗਰੇਸ਼ਨ' ਹੋਵੇਗਾ ਜਿਸ ਵਿਚ ਵਿਦਿਆਰਥੀ ਅਮੇਰੀਕਨ ਇੰਮੀਗਰੇਸ਼ਨ ਦੇ ਇਤਿਹਾਸ ਨੂੰ ਦੇਖਦੇ ਹੋਏ ਅੱਜ ਦੇ ਸੰਦਰਭ ਵਿਚ ਇੰਮੀਗਰੇਸ਼ਨ ਨਾਲ ਸਬੰਧਤ ਮਸਲਿਆਂ ਬਾਰੇ ਆਪਣੇ ਵਿਚਾਰ ਰੱਖਣਗੇ। ਗਰੁੱਪ ਡੀ ਵਿਚ ਕਾਲਜ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀ ਸ਼ਾਮਲ ਹੋਣਗੇ ਅਤੇ ਉਨ੍ਹਾਂ ਦੇ ਭਾਸ਼ਣ ਦਾ ਵਿਸ਼ਾ 'ਸਮਾਜ ਵਿਚ ਮੀਡੀਏ ਦੀ ਭੂਮਕਾ' ਹੋਵੇਗਾ। ਇਸ ਵਿਸ਼ੇ ਤਹਿਤ ਦੇਸ਼ ਦੀ ਆਜ਼ਾਦੀ ਦੀ ਲੜਾਈ ਸਮੇਂ 'ਗਦਰ ਦੀ ਗੂੰਜ' ਅਤੇ ਹੋਰ ਅਖ਼ਬਾਰਾਂ ਵਲੋਂ ਪਾਏ ਯੋਗਦਾਨ ਬਾਰੇ ਵੀ ਗੱਲ ਹੋ ਸਕਦੀ ਹੈ।

ਸਾਰੇ ਗਰੁੱਪਾਂ ਨੂੰ ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਭਾਸ਼ਣ ਕਰਨ ਦੀ ਖੁੱਲ੍ਹ ਹੋਵੇਗੀ। ਭਾਸ਼ਣ ਦਾ ਸਮਾਂ 3 ਮਿੰਟ ਤੋਂ 6 ਮਿੰਟ ਤੱਕ ਹੋਵੇਗਾ। ਗਰੁੱਪ ਏ ਅਤੇ ਬੀ 'ਚੋਂ ਹਰ ਗਰੁੱਪ ਦੇ ਪਹਿਲੇ ਤਿੰਨ ਜੇਤੂਆਂ ਨੂੰ 150, 100 ਤੇ 75 ਡਾਲਰ ਦਾ ਇਨਾਮ ਦਿੱਤਾ ਜਾਵੇਗਾ। ਗਰੁੱਪ ਸੀ ਅਤੇ ਡੀ ਵਿਚੋਂ ਹਰ ਗਰੁੱਪ ਦੇ ਪਹਿਲੇ ਤਿੰਨ ਜੇਤੂਆਂ ਨੂੰ 200, 150 ਅਤੇ 100 ਡਾਲਰ ਦਾ ਇਨਾਮ ਦਿੱਤਾ ਜਾਵੇਗਾ। ਇਨ੍ਹਾਂ ਮੁਕਾਬਲਿਆ ਲਈ ਆਪਣਾ ਨਾਂ ਰਜਿਟਰ ਕਰਵਾਉਣ ਅਤੇ ਨਿਯਮਾਂ ਦੀ ਕਾਪੀ ਲੈਣ ਲਈ ਅਤੇ ਫੋਰਮ ਦੀ ਈਮੇਲ IAHForum@Gmail.Com 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਕਿਸੇ ਹੋਰ ਜਾਣਕਾਰੀ ਲਈ ਹਰਜਿੰਦਰ ਢੇਸੀ ਨਾਲ 559-618-0156 ਸੰਪਰਕ ਕਰ ਸਕਦੇ ਹੋ।

# ਡੀ ਐਫ ਡਬਲਯੂ ਸਪੋਰਟਸ ਕਲੱਬ ਵੱਲੋਂ ਸਪਾਂਸਰਾ ਦੇ ਮਾਣ 'ਚ ਸਮਾਗਮ





**ਡੈਲਸ(ਟੈਕਸਸ)/ਹਰਜੀਤ ਸਿੰਘ ਢੇਸੀ:** ਡੀ ਐਫ਼ ਡਬਲਯੂ ਸਪੋਰਟਸ ਕਲੱਬ ਡੈਲਸ ਨੇ ਸੰਸਥਾ ਨਾਲ ਜੁੜੇ ਸਪਾਂਸਰ ਦੇ ਮਾਣ ਵਿਚ ਇਕ ਵਿਸ਼ੇਸ਼ ਪ੍ਰੀਤੀ ਭੋਜ ਦਾ ਪ੍ਰਬੰਧ ਇਥੇ ਰੋਮਾ ਹਾਲ ਵਿਚ ਕੀਤਾ ਗਿਆ। ਸ਼ਹਿਰ ਦੇ ਪਤਵੰਤੇ ਸੱਜਣਾਂ ਨੇ ਇਸ ਸੰਧੂਰੀ ਸ਼ਾਮ ਦਾ ਆਨੰਦ ਮਾਣਿਆ ਅਤੇ ਸੰਸਥਾ ਦੇ ਪ੍ਰਬੰਧਾਂ ਦੀ ਸ਼ਲਾਘਾ ਕੀਤੀ।

ਸਟੇਜ ਸੰਭਾਲਦਿਆ ਸੋਨੂੰ ਢਿੱਲੋਂ ਅਤੇ ਸਰਬਜੀਤ ਗਿੱਲ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਸਹਿਯੋਗ ਲਈ ਧੰਨਵਾਦ ਕੀਤਾ। ਪੰਜਾਬ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਹੋਏ ਗੀਤਕਾਰ ਦੇਬੀ ਮਖਸੂਸਪੁਰੀ ਨੇ ਆਪਣੇ ਨਵੇਂ ਅਤੇ ਪੁਰਾਣੇ ਗੀਤਾਂ ਨਾਲ ਮਹਿਫਲ ਨੂੰ ਸਿਖਰਾਂ ਤੇ ਪਹੁੰਚਾ ਕਿ ਦਰਸ਼ਕਾਂ ਦੀ ਵਾਹ ਵਾਹ ਖੱਟੀ । ਬੁਲਾਰਿਆਂ ਨੇ ਕਿਹਾ ਕਿ ਸਪਾਂਸਰਾਂ ਦੇ ਸਹਿਯੋਗ ਤੋਂ ਬਿਨਾਂ ਸਮਾਜਿਕ ਤੇ ਸਭਿਆਚਾਰਕ ਕਾਰਜਾਂ ਨੂੰ ਨੇਪਰੇ ਨਹੀਂ ਚੜ੍ਹਾਇਆ ਜਾ ਸਕਦਾ ਅਤੇ ਡੀ ਐਫ਼ ਡਬਲਿਓ ਸਪੋਰਟਸ ਕਲੱਬ ਨੇ ਹੁਣ ਤੱਕ ਜਿੰਨੇ ਵੀ ਸਮਾਜ ਭਲਾਈ, ਧਾਰਮਿਕ ਜਾਂ ਸਭਿਆਚਾਰਕ ਕਾਰਜ ਕੀਤੇ ਹਨ, ਉਹ ਸਪਾਂਸਰਾਂ ਦੀ ਬਦੌਲਤ ਹੀ ਕੀਤੇ ਹਨ।

ਇਸੇ ਦੌਰਾਨ ਸਪੋਰਟਸ ਕਲੱਬ ਦੇ ਮੁੱਖ ਬੁਲਾਰੇ ਸੋਨੂੰ ਢਿੱਲੋਂ ਮੁਤਾਬਕ ਪ੍ਰਬੰਧਕ ਕਮੇਟੀ ਵਿਚ ਕਿਸੇ ਦਾ ਵੀ ਕੋਈ ਵਿਸ਼ੇਸ਼ ਰੁਤਬਾ ਨਹੀਂ ਹੋਵੇਗਾ, ਕਮੇਟੀ ਇਕ ਟੀਮ ਦੀ ਤਰ੍ਹਾਂ ਸੇਵਾਵਾਂ ਨਿਭਾਏਗੀ। ਅੰਤ ਵਿਚ ਗੁਰਮੇਲ ਸੂਚ ਨੇ ਸਭ ਦਾ ਧੰਨਵਾਦ ਕੀਤਾ।

# ਪਰਵਾਸੀ ਗਰੁੱਪ ਵੱਲੋਂ ਅੰਗਰੇਜ਼ੀ ਅਖ਼ਬਾਰ 'ਦਿ ਕੈਨੇਡੀਅਨ ਪ੍ਰਵਾਸੀ' ਸ਼ੁਰੂ

**ਟੋਰਾਂਟੋ/ਬਿਊਰੋ ਨਿਊਜ਼:** ਪ੍ਰਵਾਸੀ ਮੀਡੀਆ ਗਰੁੱਪ ਦੇ ਰਾਜਿੰਦਰ ਸੈਣੀ ਅਤੇ ਉਹਨਾਂ ਦੀ ਪਤਨੀ ਮਿਨਾਕਸ਼ੀ ਸੈਣੀ ਵੱਲੋਂ ਕਾਮਯਾਬੀ ਦੀ ਇੱਕ ਹੋਰ ਪੁਲਾਂਘ ਪੁੱਟਦਿਆਂ ਪ੍ਰਵਾਸੀ ਵੀਕਲੀ (ਪੰਜਾਬੀ) ਤੇ ਪ੍ਰਵਾਸੀ ਰੇਡੀਓ ਦੇ ਨਾਲ-ਨਾਲ ਅੰਗਰੇਜ਼ੀ ਦਾ ਹਫ਼ਤਾਵਾਰੀ ਅਖ਼ਬਾਰ ਦਿ ਕੈਨੇਡੀਅਨ ਪ੍ਰਵਾਸੀ' ਸ਼ੁਰੂ ਕਰਦਿਆਂ ਉਸਦਾ ਪਹਿਲਾ ਅੰਕ ਬੀਤੇ ਹਫ਼ਤੇ ਇੱਥੇ ਇੱਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਲੋਕ ਅਰਪਣ ਕੀਤਾ ਗਿਆ ਅਤੇ ਨਾਲ ਹੀ ਦਿ ਕੈਨੇਡੀਅਨ ਪ੍ਰਵਾਸੀ ਡਾਟ ਕਾਮ ਵੈੱਬਸਾਈਟ ਵੀ ਰੀਲੀਜ਼ ਕੀਤੀ ਗਈ। ਇਸ ਸਮਾਗਮ ਦੌਰਾਨ ਪ੍ਰਸਿੱਧ ਵਾਤਾਵਰਨ ਪ੍ਰੇਮੀ ਅਤੇ ਪਦਮ ਸੰਤ ਬਲਬੀਰ ਸਿੰਘ ਸੀਚੇਵਾਲ, ਕੈਨੇਡਾ ਦੇ ਇੰਮੀਗ੍ਰੇਸ਼ਨ ਮੰਤਰੀ ਅਹਿਮਦ ਹੁਸੈਨ, ਐੱਮ.ਪੀ. ਸੋਨੀਆ ਸਿੱਧੂ, ਰਮੇਸ਼ਵਰ ਸਿੰਘ ਸੰਘਾ, ਵਿਧਾਇਕ ਵਿੱਕ ਢਿੱਲੋਂ, ਵਿਧਾਇਕਾ ਹਰਿੰਦਰ ਕੌਰ ਮੱਲ੍ਹੀ, ਬਰੈਂਪਟਨ ਦੀ ਮੇਅਰ ਬੀਬੀ ਲਿੰਡਾ ਜ਼ਫਰੀ, ਸਿਟੀ ਕਾਸਲਰ ਗੁਰਪ੍ਰੀਤ ਸਿੰਘ ਢਿੱਲੋਂ, ਸਕੂਲ ਟਰੱਸਟੀ ਹਰਕੀਰਤ ਸਿੰਘ, ਅਮਰੀਕ ਸਿੰਘ ਆਹਲੂਵਾਲੀਆ ਤੇ ਹੋਰ ਲੋਕਾਂ ਦੀ ਹਾਜ਼ਰੀ 'ਚ ਪ੍ਰਬੰਧਕਾਂ ਵੱਲੋਂ ਅੰਗਰੇਜ਼ੀ ਅਖ਼ਬਾਰ ਅਤੇ ਵੈੱਬਸਾਈਟ ਦਾ ਰਸਮੀ ਉਸਘਾਟਨ ਕੀਤਾ ਗਿਆ। ਇਸ ਮੌਕੇ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਪ੍ਰਬੰਧਕਾਂ ਦੇ ਇਸ ਕਾਰਜ ਦੀ ਸ਼ਲਾਘਾ ਕਰਦਿਆਂ ਸ਼ੁਭਕਾਮਨਾਵਾਂ ਭੇਟ ਕੀਤੀਆਂ ਅਤੇ ਵਾਤਾਵਰਨ ਬਾਰੇ ਜਾਗਰੂਕਤਾ ਦੀ ਗੱਲ ਕੀਤੀ। ਰਾਜਨੀਤਕ ਨੇਤਾਵਾਂ ਅਤੇ ਹੋਰ ਬੁਲਾਰਿਆਂ ਨੇ ਪ੍ਰਵਾਸੀ ਮੀਡੀਆ ਗਰੁੱਪ ਦੇ ਸੰਚਾਲਕ ਰਾਜਿੰਦਰ ਸੈਣੀ ਦੀ ਸੂਝ ਅਤੇ ਅਗਾਂਹਵਧੂ ਸੋਚ ਦੀ ਗੱਲ ਕਰਦਿਆਂ ਆਖਿਆ ਕਿ ਸੈਣੀ ਦੀ ਰਵਾਨਗੀ ਭਰੀ ਚੰਗੀ ਸੋਚ ਕਾਰਨ ਹੀ ਉਹ ਕਦਮ-ਦਰ-ਕਦਮ ਅੱਗੇ ਵਧ ਰਹੇ ਹਨ।



# ਮੇਰੇ 'ਤੇ ਦੋਸ਼ ਮੜ੍ਹ ਕੇ ਵਾਅਦਿਆਂ ਤੋਂ ਭੱਜ ਰਹੇ ਨੇ ਮੁੱਖ ਮੰਤਰੀ : ਬਾਦਲ

**ਚੰਡੀਗੜ੍ਹ/ਬਿਊਰੋ ਨਿਊਜ਼ :** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਹਿਬਲ ਕਲਾਂ ਗੋਲੀ ਕਾਂਡ ਸਬੰਧੀ ਉਨ੍ਹਾਂ 'ਤੇ ਲਾਏ ਦੋਸ਼ਾਂ ਨੂੰ 'ਚੋਣਾਂ ਸਮੇਂ ਕੀਤੇ ਵਾਅਦੇ ਪੂਰੇ ਨਾ ਹੋਣ ਸਬੰਧੀ ਨਾਕਾਮੀ ਤੋਂ ਲੋਕਾਂ ਦਾ ਧਿਆਨ ਲਾਂਭੇ ਕਰਨ ਵਾਲਾ ਯਤਨ' ਦੱਸਿਆ ਹੈ। ਗ਼ੌਰਤਲਬ ਹੈ ਕਿ ਮੁੱਖ ਮੰਤਰੀ ਨੇ ਦੋਸ਼ ਲਾਇਆ ਸੀ ਕਿ ਪਾਵਨ ਗ੍ਰੰਥ ਦੀ ਬੇਅਦਬੀ ਖ਼ਿਲਾਫ਼ ਫ਼ਰੀਦਕੋਟ ਵਿੱਚ ਪ੍ਰਦਰਸ਼ਨਾਂ ਦੌਰਾਨ 'ਬੇਲੋੜੀ' ਪੁਲੀਸ ਫਾਇਰਿੰਗ, ਜਿਸ ਵਿੱਚ ਦੋ ਵਿਅਕਤੀ ਮਾਰੇ ਗਏ ਸਨ, ਪਿੱਛੇ ਪ੍ਰਕਾਸ਼ ਸਿੰਘ ਬਾਦਲ ਦਾ ਹੱਥ ਸੀ। ਸ੍ਰੀ ਬਾਦਲ ਨੇ ਬਿਆਨ ਵਿੱਚ ਕਿਹਾ, 'ਅਮਰਿੰਦਰ ਸਿੰਘ ਨੇ ਬਹਿਬਲ ਕਲਾਂ ਮੁੱਦੇ 'ਤੇ ਦੋਸ਼ ਲਗਾ ਕੇ ਕਾਂਗਰਸ ਸਰਕਾਰ ਦੇ ਵਾਅਦੇ ਪੂਰੇ ਕਰਨ 'ਚ ਨਾਕਾਮ ਰਹਿਣ ਖ਼ਿਲਾਫ਼ ਵਧ ਰਹੇ ਗੁੱਸੇ ਤੋਂ ਲੋਕਾਂ ਦਾ ਧਿਆਨ ਭਟਕਾਉਣ ਦਾ ਯਤਨ ਕੀਤਾ ਹੈ।' ਉਨ੍ਹਾਂ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਦੇ ਬਿਆਨ ਨੇ ਉਸ ਦੇ ਸਿਆਸੀ ਵਿਰੋਧੀਆਂ ਖ਼ਿਲਾਫ਼ ਰੰਜ਼ਿਸ਼ ਤਹਿਤ ਕਾਰਵਾਈ ਨਾ ਕਰਨ ਦੇ ਦਾਅਵਿਆਂ ਦੀ 'ਸਚਾਈ' ਸਾਹਮਣੇ ਲਿਆਂਦੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਨੇ ਅਮਰਿੰਦਰ ਸਿੰਘ ਉਤੇ ਬਹਿਬਲ ਕਲਾਂ ਦੇ ਜਾਂਚ ਕਮਿਸ਼ਨ ਦੇ 'ਤਰਜਮਾਨ ਵਜੋਂ ਵਿਹਾਰ' ਕਰਨ ਦਾ ਦੋਸ਼ ਵੀ ਲਾਇਆ। ਉਨ੍ਹਾਂ ਕਿਹਾ, 'ਸ਼ਾਇਦ, ਤੁਹਾਨੂੰ (ਅਮਰਿੰਦਰ) ਨਹੀਂ ਪਤਾ ਕਿ ਤੁਸੀਂ ਪਹਿਲੇ ਮੁੱਖ ਮੰਤਰੀ ਹੋ ਜੋ ਜਾਂਚ ਕਮਿਸ਼ਨ, ਜੋ ਤੁਸੀਂ ਹੀ ਕਾਇਮ ਕੀਤਾ ਹੈ, ਦੇ ਤਰਜਮਾਨ ਵਾਂਗ ਵਿਚਰ ਕਰ ਰਹੇ ਹੋ।' ਸ੍ਰੀ ਬਾਦਲ ਨੇ ਹੈਰਾਨੀ ਜ਼ਾਹਰ ਕੀਤੀ ਕਿ ਇਹ ਕਿਸ ਤਰ੍ਹਾਂ ਦੀ ਜਾਂਚ ਹੋਵੇਗੀ ਜਦੋਂ ਮੁੱਖ ਮੰਤਰੀ ਨੇ ਪਹਿਲਾਂ ਹੀ 'ਇਸ ਦੀ ਪੜਤਾਲ ਦੇ ਨਤੀਜੇ' ਦੱਸ ਦਿੱਤੇ ਹਨ। ਉਨ੍ਹਾਂ ਕਿਹਾ, 'ਜੇਕਰ ਤੁਸੀਂ (ਅਮਰਿੰਦਰ) ਸਾਰੇ ਕਾਸੇ ਦੇ ਅੰਤਿਮ ਜੱਜ ਹੋ ਤਾਂ ਤੁਸੀਂ ਉਹੀਂ ਦੋਸ਼ਾਂ ਤੇ ਉਹੀ ਨਤੀਜੇ 'ਤੇ ਪਹੁੰਚਣ ਵਾਸਤੇ ਜਾਂਚ ਦੇ ਨਾਂ 'ਤੇ ਕਮਿਸ਼ਨ ਗਠਿਤ ਕਰਕੇ ਲੋਕਾਂ ਦੀ ਖ਼ੂਨ ਪਸੀਨੇ ਦੀ ਕਮਾਈ ਕਿਉਂ ਰੋੜ੍ਹ ਰਹੇ ਹੋ।' ਬਹਿਬਲ ਕਲਾਂ ਗੋਲੀ ਕਾਂਡ ਬਾਰੇ ਅਮਰਿੰਦਰ ਸਿੰਘ ਦੇ ਦੋਸ਼ਾਂ ਨੂੰ ਖ਼ਾਰਜ ਕਰਦਿਆਂ ਸ੍ਰੀ ਬਾਦਲ ਨੇ ਕਿਹਾ, 'ਕੈਪਟਨ ਅਮਰਿੰਦਰ ਨੂੰ ਜਾਣਨ ਦੀ ਲੋੜ ਹੈ ਕਿ ਸੂਬੇ ਦਾ ਮੁੱਖ ਮੰਤਰੀ 'ਥਾਣੇਦਾਰ' ਜਾਂ ਐਸਐਸਪੀ ਨਹੀਂ ਹੁੰਦਾ, ਜਿਸ ਨੇ ਵਿਸ਼ੇਸ਼ ਹਾਲਾਤ ਵਿੱਚ ਫ਼ੈਸਲਾ ਕਰਨਾ ਹੁੰਦਾ ਹੈ ਕਿ ਉਸ ਦੀ ਫੋਰਸ ਨੂੰ ਕੀ ਕਾਰਵਾਈ ਕਰਨੀ ਚਾਹੀਦੀ ਹੈ। ਇਹ ਅਫ਼ਸਰ ਨਾਲ ਸਬੰਧਤ ਹੈ, ਜੋ ਹਾਲਾਤ ਦਾ ਅੰਦਾਜ਼ਾ ਲਾਉਂਦਾ ਹੈ ਅਤੇ ਕਾਰਵਾਈ ਬਾਰੇ ਫ਼ੈਸਲਾ ਕਰਦਾ ਹੈ ਅਤੇ ਪ੍ਰਸ਼ਾਸਨਿਕ ਪ੍ਰਕਿਰਿਆ ਤਹਿਤ ਹੁਕਮ ਜਾਰੀ ਕਰਦਾ ਹੈ।'



# ਸਰਨਾ ਮੇਰਾ ਸੱਚਾ ਸਲਾਹਕਾਰ': ਕੈਪਟਨ

### *ਸਰਨਾ ਧੜੇ ਵਲੋਂ ਕੈਪਟਨ ਅਮਰਿੰਦਰ ਸਿੰਘ ਦਾ ਸਨਮਾਨ*




ਕੈਪਟਨ ਦਾ ਸਨਮਾਨ ਕਰਦੇ ਹੋਏ ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ

**ਨਵੀਂ ਦਿੱਲੀ/ਸਿੱਖ ਸਿਆਸਤ ਬਿਊਰੋ:** ਦਿੱਲੀ ਅਤੇ ਪੰਜਾਬ ਦੀ ਸਿੱਖ ਸਿਆਸਤ ਵਿੱਚ ਆਪਣਾ ਵੱਖਰਾ ਆਧਾਰ ਰੱਖਣ ਵਾਲੇ ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਦੇ ਧੜੇ ਵਲੋਂ ਦਿੱਲੀ ਦੇ ਇੱਕ ਹੋਟਲ ਵਿੱਚ ਕਰਵਾਏ ਸਨਮਾਨ ਸਮਾਗਮ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਸਨਮਾਨ ਕੀਤਾ ਗਿਆ। ਸਨਮਾਨ ਸਮਾਗਮ 'ਚ ਬੋਲਦਿਆਂ ਕੈਪਟਨ ਅਮਰਿੰਦਰ ਨੇ ਦਾਅਵਾ ਕੀਤਾ ਕਿ ਅਕਾਲੀ ਦਲ (ਬਾਦਲ) ਦੀ ਭਾਜਪਾ ਨਾਲ ਭਾਈਵਾਲੀ ਪਿਛਲੀ ਸਰਕਾਰ ਦੇ ਸਮੇਂ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ 183 ਘਟਨਾਵਾਂ ਹੋਈਆਂ ਤੇ 121 ਦੇ ਦੋਸ਼ੀ ਫੜ੍ਹੇ ਗਏ ਜਦਕਿ ਕਾਂਗਰਸ ਸਰਕਾਰ ਆਉਣ 'ਤੇ ਅਜਿਹੇ 13 ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ ਵਿਚੋਂ 12 ਦੇ ਦੋਸ਼ੀ ਕਾਬੂ ਕਰ ਲਏ ਗਏ ਹਨ। ਕੈਪਟਨ ਨੇ ਦਾਅਵਾ ਕੀਤਾ ਕਿ ਪੰਜਾਬ ਵਿੱਚੋਂ ਨਸ਼ਾ ਘੱਟ ਗਿਆ ਹੈ ਅਤੇ ਨਸ਼ੇ ਦੇ ਕਾਰੋਬਾਰੀ ਪੰਜਾਬ ਛੱਡ ਕੇ ਦਿੱਲੀ ਆ ਗਏ ਹਨ ਪਰ ਪੰਜਾਬ ਪੁਲਿਸ ਤਸਕਰਾਂ ਨੂੰ ਇੱਥੋਂ ਵੀ ਕਾਬੂ ਕਰ ਲਵੇਗੀ। ਉਨ੍ਹਾਂ ਬਾਦਲ ਸਰਕਾਰ ਦੀ ਨਿੰਦਾ ਕਰਦਿਆਂ ਆਖਿਆ ਕਿ ਇੱਕ ਲੱਖ ਝੂਠੇ ਪਰਚੇ ਵਿਰੋਧੀਆਂ 'ਤੇ ਪਾਏ ਗਏ, ਜਿਨ੍ਹਾਂ ਬਾਰੇ ਮਹਿਤਾਬ ਸਿੰਘ ਕਮਿਸ਼ਨ ਛੇਤੀ ਰਿਪੋਰਟ ਦੇਵੇਗਾ। ਉਨ੍ਹਾਂ ਨੇ ਪਰਮਜੀਤ ਸਿੰਘ ਸਰਨਾ ਨੂੰ ਆਪਣਾ ਸੱਚਾ ਸਲਾਹਕਾਰ' ਦੱਸਿਆ ਤੇ ਕਿਹਾ ਕਿ ਸਰਨਾ ਭਰਾਵਾਂ ਨੇ ਚੋਣਾਂ ਵਿੱਚ ਉਨ੍ਹਾਂ ਦੀ ਮਦਦ ਕੀਤੀ। ਇਸ ਮੌਕੇ ਪਰਮਜੀਤ ਸਿੰਘ ਸਰਨਾ ਨੇ ਕੈਪਟਨ ਅਮਰਿੰਦਰ ਕੋਲੋਂ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ, ਝੂਠੇ ਕੇਸ ਖ਼ਤਮ ਕਰਨ ਅਤੇ ਸ਼੍ਰੋਮਣੀ ਕਮੇਟੀ ਨੂੰ ਬਾਦਲਾਂ ਤੋਂ ਆਜ਼ਾਦ ਕਰਵਾਉਣ ਦੀ ਵੀ ਮੰਗ ਰੱਖੀ। ਇਸ ਸਮਾਗਮ 'ਚ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ, ਮਨਜੀਤ ਸਿੰਘ ਕੱਲਕੱਤਾ, ਸੁਪਰੀਮ ਕੋਰਟ ਦੇ ਵਕੀਲ ਕੇ.ਟੀ.ਐਸ. ਤੁਲਸੀ ਅਤੇ ਸਾਬਕਾ ਕੇਂਦਰੀ ਮੰਤਰੀ ਪਰਨੀਤ ਕੌਰ ਸਮੇਤ ਉੱਘੀਆਂ ਸਿੱਖ ਸ਼ਖ਼ਸੀਅਤਾਂ ਸ਼ਾਹਲ ਹੋਈਆਂ।

# ਟਰੱਕ ਅਪਰੇਟਰਾਂ ਨੇ ਕੈਪਟਨ ਸਰਕਾਰ ਖ਼ਿਲਾਫ਼ ਵਿੱਢਿਆ ਸੰਘਰਸ਼

**ਪਟਿਆਲਾ/ਬਿਊਰੋ ਨਿਊਜ਼ :**
ਕੈਪਟਨ ਸਰਕਾਰ ਵੱਲੋਂ ਟਰੱਕ ਯੂਨੀਅਨਾਂ ਭੰਗ ਕਰਨ ਖ਼ਿਲਾਫ਼ ਪੰਜਾਬ ਦੇ ਹਜ਼ਾਰਾਂ ਟਰੱਕ ਅਪਰੇਟਰਾਂ ਨੇ ਇੱਥੇ ਰੈਲੀ ਕਰ ਕੇ ਸਰਕਾਰ ਖ਼ਿਲਾਫ਼ ਸੰਘਰਸ਼ ਵਿੱਢ ਦਿੱਤਾ ਹੈ। ਟਰੱਕ ਯੂਨੀਅਨਾਂ ਨਾਲ ਸਬੰਧਤ ਕਾਂਗਰਸ, ਅਕਾਲੀ ਦਲ ਤੇ 'ਆਪ' ਸਮੇਤ ਹੋਰ ਸਿਆਸੀ ਧਿਰਾਂ ਦੇ ਆਗੂਆਂ ਤੇ ਵਰਕਰਾਂ ਨੇ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਸਰਕਾਰ ਖ਼ਿਲਾਫ਼ ਸੰਘਰਸ਼ ਕਰਨ ਦਾ ਪ੍ਰਣ ਲਿਆ। ਰੈਲੀ ਦੌਰਾਨ 9 ਜੁਲਾਈ ਨੂੰ ਢੋਆ-ਢੁਆਈ ਦਾ ਬਾਈਕਾਟ ਕਰ ਕੇ 134 ਯੂਨੀਅਨਾਂ ਵਿਚਲੇ 93 ਹਜ਼ਾਰ ਟਰੱਕਾਂ ਦਾ ਚੱਕਾ ਜਾਮ ਰੱਖਣ ਦਾ ਐਲਾਨ ਕੀਤਾ ਗਿਆ।
'ਆਲ ਪੰਜਾਬ ਟਰੱਕ ਅਪਰੇਟਰ ਯੂਨੀਅਨ' ਦੇ ਸੂਬਾ ਪ੍ਰਧਾਨ ਹੈਪੀ ਸੰਧੂ ਅਤੇ ਸਥਾਨਕ ਪ੍ਰਧਾਨ ਹਰਵਿੰਦਰ ਸਿੰਘ ਨੀਟਾ ਦੀ ਅਗਵਾਈ ਵਿੱਚ ਇੱਥੇ ਨਵੀਂ ਅਨਾਜ ਮੰਡੀ ਵਿਚ ਹੋਈ ਇਸ ਰੈਲੀ ਵਿੱਚ ਕਈ ਹਜ਼ਾਰ ਟਰੱਕ ਅਪਰੇਟਰ ਸ਼ਾਮਲ ਹੋਏ। ਕਈ ਬੁਲਾਰਿਆਂ ਨੇ ਕੈਪਟਨ ਅਮਰਿੰਦਰ ਸਿੰਘ ਦੀ ਰਿਹਾਇਸ਼ ਦਾ ਘਿਰਾਓ ਕਰਨ 'ਤੇ ਵੀ ਜ਼ੋਰ ਦਿੱਤਾ ਪਰ ਸੂਬਾ ਪ੍ਰਧਾਨ ਹੈਪੀ ਸੰਧੂ ਦਾ ਕਹਿਣਾ ਸੀ ਕਿ ਕੋਈ ਵੀ ਵੱਡਾ ਫ਼ੈਸਲਾ ਲੈਣ ਤੋਂ ਪਹਿਲਾਂ ਸਰਕਾਰ ਨੂੰ ਸੋਚਣ ਦਾ ਮੌਕਾ ਜ਼ਰੂਰ ਦਿੱਤਾ ਜਾਣਾ ਚਾਹੀਦਾ ਹੈ। ਵੱਡੇ ਇਕੱਠ ਦੇ ਹਵਾਲੇ ਨਾਲ ਉਨ੍ਹਾਂ ਕਿਹਾ ਕਿ ਜੇ ਸਰਕਾਰ ਨੇ ਆਪਣਾ ਫ਼ੈਸਲਾ ਨਾ ਬਦਲਿਆ ਤਾਂ ਉਸ ਲਈ ਮੁਸ਼ਕਲਾਂ ਖੜ੍ਹੀਆਂ ਹੋ ਸਕਦੀਆਂ ਹਨ। ਸੂਬਾਈ ਆਗੂ ਰਾਮਪਾਲ ਸਿੰਘ ਬਹਿਣੀਵਾਲ ਨੇ ਸਰਕਾਰ ਵੱਲੋਂ ਇਹ ਫ਼ਰਮਾਨ ਵਾਪਸ ਲਏ ਜਾਣ ਦੀ ਮੰਗ ਰੱਖੀ।
ਆਲ ਇੰਡੀਆ ਮੋਟਰ ਟਰਾਂਸਪੋਰਟ ਕਾਂਗਰਸ ਦੇ ਚੇਅਰਮੈਨ ਕੁਲਤਾਰਨ ਸਿੰਘ ਅਟਵਾਲ ਅਤੇ ਹਿਮਾਚਲ ਇਕਾਈ ਤੋਂ ਪੁੱਜੇ ਬੱਦੀ ਟਰੱਕ ਯੂਨੀਅਨ ਦੇ ਸਕੱਤਰ ਕ੍ਰਿਸ਼ਨ ਸੈਣੀ ਨੇ ਵੀ ਇਨ੍ਹਾਂ ਟਰੱਕ ਅਪਰੇਟਰਾਂ ਦੀ ਹਮਾਇਤ ਦਾ ਐਲਾਨ ਕੀਤਾ।
'ਆਪ' ਟਰੱਕ ਅਪਰੇਟਰਾਂ ਦੇ ਹੱਕ 'ਚ ਆਈ : ਟਰੱਕ ਅਪਰੇਟਰਾਂ ਦੀ ਪਟਿਆਲਾ ਰੈਲੀ ਵਿੱਚ ਪੁੱਜੇ ਗੜ੍ਹਸ਼ੰਕਰ ਤੋਂ 'ਆਪ' ਦੇ ਵਿਧਾਇਕ ਜੈ ਕਿਸ਼ਨ ਸਿੰਘ ਰੋੜੀ ਨੇ ਇਸ ਸੰਘਰਸ਼ ਦੀ ਹਮਾਇਤ ਦਾ ਐਲਾਨ ਕੀਤਾ। ਸ੍ਰੀ ਰੋੜੀ ਨੇ ਕਿਹਾ ਕਿ 'ਆਪ' ਟਰੱਕ ਅਪਰੇਟਰਾਂ ਦੀ ਆਵਾਜ਼ ਬਣੇਗੀ ਤੇ ਉਹ ਇਹ ਮਾਮਲਾ ਵਿਧਾਨ ਸਭਾ ਵਿੱਚ ਉਠਾਉਣਗੇ।

## ਕੈਪਟਨ ਨੇ ਪੰਜਾਬ ਦੇ ਅਰਥਚਾਰੇ ਨੂੰ ਠੁੰਮਣਾ ਦੇਣ ਲਈ ਮੋਦੀ ਅੱਗੇ ਲਾਈ ਗੁਹਾਰ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੇ ਅਰਥਚਾਰੇ ਨੂੰ ਮੁੜ ਸੁਰਜੀਤ ਕਰਨ ਅਤੇ ਸਨਅਤੀ ਵਿਕਾਸ ਨੂੰ ਹੁਲਾਰਾ ਦੇਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਹਮਾਇਤ ਮੰਗੀ ਹੈ। ਪ੍ਰਧਾਨ ਮੰਤਰੀ ਨਾਲ ਇਥੇ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਖੇਤੀ ਸੰਕਟ ਦੇ ਹੱਲ ਲਈ ਕੇਂਦਰ ਪੰਜਾਬ ਦੀ ਬਾਂਹ ਫੜੇ। ਉਨ੍ਹਾਂ ਰਾਜ ਸਿਰ 31 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਦੇ ਨਿਪਟਾਰੇ ਲਈ ਪ੍ਰਧਾਨ ਮੰਤਰੀ ਨੂੰ ਦਖ਼ਲ ਦੇਣ ਦੀ ਬੇਨਤੀ ਵੀ ਕੀਤੀ। ਕੈਪਟਨ ਨੇ ਕਿਹਾ ਕਿ ਪੰਜਾਬ ਸਿਰ ਚੜ੍ਹੇ ਕਰਜ਼ੇ ਕਰਕੇ ਅਗਲੇ 20 ਸਾਲਾਂ ਤਕ ਪ੍ਰਤੀ ਸਾਲ 3240 ਕਰੋੜ ਰੁਪਏ ਦੀ ਅਦਾਇਗੀ ਕਰਨੀ ਹੋਵੇਗੀ ਅਤੇ ਇਹ ਸੂਬੇ ਦੀਆਂ ਭਲਾਈ ਸਕੀਮਾਂ ਦੀ ਲਾਗਤ ਉੱਤੇ ਕਰਨਾ ਪਵੇਗਾ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਸਮੁੱਚੇ ਮਾਮਲੇ ਉੱਤੇ ਮੁੜ ਗੌਰ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਡੀਐਫਪੀਡੀ ਨੇ ਰਾਜ ਸਰਕਾਰ ਨੂੰ ਇਸ ਮੁੱਦੇ ਦੇ ਹੱਲ ਦਾ ਭਰੋਸਾ ਦਿੱਤਾ ਸੀ, ਪਰ ਇਸ ਉੱਤੇ ਅਜੇ ਤਕ ਕੋਈ ਕੰਮ ਨਹੀਂ ਹੋਇਆ। ਉਨ੍ਹਾਂ ਬੇਅਦਬੀ ਅਤੇ ਆਰਐਸਐਸ ਤੇ ਸ਼ਿਵ ਸੈਨਾ ਆਗੂਆਂ ਦੀਆਂ ਮਿੱਥ ਕੇ ਕੀਤੀਆਂ ਹੱਤਿਆਵਾਂ ਮਾਮਲੇ ਦੀ ਜਾਂਚ ਲਈ ਏਜੰਸੀ ਨੂੰ ਲੋੜੀਂਦੀਆਂ ਹਦਾਇਤਾਂ ਕੀਤੇ ਜਾਣ ਦੀ ਵੀ ਮੰਗ ਕੀਤੀ। ਇਸ ਦੌਰਾਨ ਉਨ੍ਹਾਂ ਹੋਰ ਕਈ ਮਾਮਲੇ ਵੀ ਵਿਚਾਰੇ।

## ਉਪ ਰਾਸ਼ਟਰਪਤੀ ਅਹੁਦੇ ਲਈ ਗੋਪਾਲਕ੍ਰਿਸ਼ਨ ਗਾਂਧੀ ਹੋਣਗੇ ਵਿਰੋਧੀ ਧਿਰ ਦੇ ਸਾਂਝੇ ਉਮੀਦਵਾਰ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦੇਸ਼ ਦੇ ਉਪ ਰਾਸ਼ਟਰਪਤੀ ਦੀ ਚੋਣ ਲਈ 18 ਵਿਰੋਧੀ ਪਾਰਟੀਆਂ ਨੇ ਪੱਛਮੀ ਬੰਗਾਲ ਦੇ ਸਾਬਕਾ ਰਾਜਪਾਲ ਗੋਪਾਲਕ੍ਰਿਸ਼ਨ ਗਾਂਧੀ ਨੂੰ ਆਪਣਾ ਉਮੀਦਵਾਰ ਬਣਾਇਆ ਹੈ। ਇਹ ਐਲਾਨ ਇਥੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਕੀਤਾ। ਉਪ ਰਾਸ਼ਟਰਪੀ ਦੀ ਚੋਣ 5 ਅਗਸਤ ਨੂੰ ਹੋਵੇਗੀ। ਮੀਟਿੰਗ ਤੋਂ ਬਾਅਦ ਬੀਬੀ ਗਾਂਧੀ ਕਿਹਾ, "18 ਵਿਰੋਧੀ ਪਾਰਟੀਆਂ ਨੇ ਉਪ ਰਾਸ਼ਟਰਪਤੀ ਦੇ ਉਮੀਦਵਾਰ ਬਾਰੇ ਫ਼ੈਸਲਾ ਕਰਨ ਲਈ ਮੀਟਿੰਗ ਕੀਤੀ। ਉਨ੍ਹਾਂ ਸਾਰਿਆਂ ਨੇ ਗੋਪਾਲਕ੍ਰਿਸ਼ਨ ਗਾਂਧੀ ਨੂੰ ਵਿਰੋਧੀ ਧਿਰ ਦੇ ਸਾਂਝੇ ਉਮੀਦਵਾਰ ਵਜੋਂ ਮੈਦਾਨ ਵਿੱਚ ਉਤਾਰਨ ਦਾ ਫ਼ੈਸਲਾ ਕੀਤਾ ਹੈ।" ਇਨ੍ਹਾਂ ਪਾਰਟੀਆਂ ਵਿੱਚ ਜਨਤਾ ਦਲ (ਯੂ) ਵੀ ਸ਼ਾਮਲ ਹੈ, ਜਿਸ ਨੇ ਰਾਸ਼ਟਰਪਤੀ ਦੀ ਚੋਣ ਲਈ ਵਿਰੋਧੀ ਪਾਰਟੀਆਂ ਦਾ ਸਾਥ ਛੱਡਦਿਆਂ ਹਾਕਮ ਐਡੀਏ ਦੇ ਉਮੀਦਵਾਰ ਰਾਮ ਨਾਥ ਕੋਵਿੰਦ ਦੀ ਹਮਾਇਤ ਦਾ ਐਲਾਨ ਕੀਤਾ ਹੈ।



# ਗੁਰੂ ਸਾਹਿਬਾਨ ਪ੍ਰਤੀ ਇਤਰਾਜ਼ਯੋਗ ਟਿੱਪਣੀ ਕਰਨ ਵਾਲੇ ਕਵੀ ਸੁਰਜੀਤ ਗੱਗ ਨੂੰ 24 ਤੱਕ ਭੇਜਿਆ ਜੇਲ੍ਹ

**ਸ੍ਰੀ ਅਨੰਦਪੁਰ ਸਾਹਿਬ/ਬਿਊਰੋ ਨਿਊਜ਼:**
ਸ੍ਰੀ ਗੁਰੂ ਨਾਨਕ ਦੇਵ ਜੀ ਖ਼ਿਲਾਫ਼ ਇਤਰਾਜ਼ਯੋਗ ਸ਼ਬਦਾਬਲੀ ਵਰਤਣ ਵਾਲੇ ਮੁਲਜ਼ਮ ਕਵੀ ਸੁਰਜੀਤ ਗੱਗ ਨੂੰ ਸ੍ਰੀ ਅਨੰਦਪੁਰ ਸਾਹਿਬ ਪੁਲੀਸ ਨੇ ਸੀਨੀਅਰ ਡਿਵੀਜ਼ਨ ਸਿਵਲ ਜੱਜ ਅਸ਼ੋਕ ਕੁਮਾਰ ਚੌਹਾਨ ਦੀ ਅਦਾਲਤ 'ਚ ਪੇਸ਼ ਕੀਤਾ, ਜਿਥੇ ਅਦਾਲਤ ਨੇ ਉਸ ਨੂੰ 24 ਜੁਲਾਈ ਤੱਕ ਜੁਡੀਸ਼ੀਅਲ ਰਿਮਾਂਡ 'ਤੇ ਜੇਲ ਭੇਜ ਦਿੱਤਾ ਹੈ।
ਇਹ ਗ੍ਰਿਫ਼ਤਾਰੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਰਣਜੀਤ ਸਿੰਘ ਦੀ ਸ਼ਿਕਾਇਤ ਦੇ ਆਧਾਰ 'ਤੇ ਹੋਈ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਰਣਜੀਤ ਸਿੰਘ ਨੇ ਦੱਸਿਆ ਕਿ ਸ੍ਰੀ ਆਨੰਦਪੁਰ ਸਾਹਿਬ ਦੇ ਪਿੰਡ ਗੱਗ ਦੇ ਸੁਰਜੀਤ ਸਿੰਘ ਗੱਗ ਵੱਲੋਂ 'ਗੱਗਬਾਣੀ' ਸਿਰਲੇਖ ਹੇਠ ਆਏ ਦਿਨ ਉਲਟਾ-ਸਿੱਧਾ ਲਿਖਿਆ ਜਾਂਦਾ ਹੈ। ਉਸ ਨੇ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੀ ਜਿੱਥੇ ਆਪਣੇ ਆਪ ਨਾਲ ਤੁਲਨਾ ਕੀਤੀ, ਉੱਥੇ ਉਨ੍ਹਾਂ ਬਾਰੇ ਅਪਸ਼ਬਦ ਵੀ ਆਪਣੇ ਫੇਸਬੁੱਕ ਪੇਜ 'ਤੇ ਲਿਖੇ।
ਉਨ੍ਹਾਂ ਕਿਹਾ ਕਿ ਇਹ ਮਾਮਲਾ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਅਮਰਜੀਤ ਸਿੰਘ ਚਾਵਲਾ ਦੇ ਧਿਆਨ ਵਿੱਚ ਲਿਆਂਦਾ ਅਤੇ ਉਨ੍ਹਾਂ ਨੇ ਪੁਲੀਸ ਨੂੰ ਸੂਚਨਾ ਦਿੱਤੀ, ਜਿਸ ਤੋਂ ਬਾਅਦ ਪੁਲੀਸ ਨੇ ਗੱਗ ਖ਼ਿਲਾਫ਼ ਧਾਰਾ 295 ਏ ਤਹਿਤ ਕੇਸ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ।
ਇਸ ਦੌਰਾਨ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਇਲਾਕੇ ਦੀਆਂ ਸਿੱਖ ਜਥੇਬੰਦੀਆਂ ਦੀ ਮੀਟਿੰਗ ਹੋਈ। ਹਲਕੇ ਦੇ ਸ਼੍ਰੋਮਣੀ ਕਮੇਟੀ ਮੈਂਬਰ ਪ੍ਰਿੰਸੀਪਲ ਸੁਰਿੰਦਰ ਸਿੰਘ ਨੇ ਕਿਹਾ ਕਿ ਮਾਮਲੇ ਦੀ ਬਾਰੀਕੀ ਨਾਲ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਪਤਾ ਲੱਗ ਸਕੇ ਕਿ ਫੇਸਬੁੱਕ 'ਤੇ ਅਪਸ਼ਬਦ ਬੋਲਣ ਪਿੱਛੇ ਕੀ ਸਾਜ਼ਿਸ਼ ਹੈ? ਉਨ੍ਹਾਂ ਕਿਹਾ ਕਿ ਇਸ ਇਲਾਕੇ ਦੇ ਸ਼ਾਂਤਮਈ ਵਾਤਾਵਰਣ ਨੂੰ ਗੰਧਲਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜੋ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸਿੱਖ ਵਿਦਵਾਨ ਭਾਈ ਹਰਸਿਮਰਨ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਨਿਆਂਪਾਲਿਕਾ 'ਤੇ ਭਰੋਸਾ ਹੈ ਕਿ ਧਰਮ ਦੇ ਨਾਂ 'ਤੇ ਹਾਲਾਤ ਖ਼ਰਾਬ ਕਰਨ ਵਾਲੇ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ। ਇਸ ਮੌਕੇ ਹੈੱਡ ਗ੍ਰੰਥੀ ਗਿਆਨੀ ਫੂਲਾ ਸਿੰਘ, ਮੈਨੇਜਰ ਰਣਜੀਤ ਸਿੰਘ, ਕੌਂਸਲ ਪ੍ਰਧਾਨ ਮਹਿੰਦਰ ਸਿੰਘ ਵਾਲੀਆ, ਮੋਹਣ ਸਿੰਘ ਡੂਮੇਵਾਲ, ਹਰਜੀਤ ਸਿੰਘ ਅਚਿੰਤ, ਸੰਦੀਪ ਸਿੰਘ ਕਲੌਤਾ, ਪ੍ਰਿੰਸੀਪਲ ਗੁਰਮਿੰਦਰ ਸਿੰਘ ਭੁੱਲਰ, ਦਲਬੀਰ ਸਿੰਘ ਧੂੜੀਆ ਤੇ ਪ੍ਰਿੰਸੀਪਲ ਨਰਿੰਜਣ ਸਿੰਘ ਰਾਣਾ ਹਾਜ਼ਰ ਸਨ।



### *ਪੀਐਸਯੂ ਵੱਲੋਂ ਸੰਘਰਸ਼ ਵਿੱਢਣ ਦੀ ਚਿਤਾਵਨੀ*

ਜਨਤਕ ਜਥੇਬੰਦੀਆਂ ਵੱਲੋਂ ਸੁਰਜੀਤ ਗੱਗ ਦੀ ਗ੍ਰਿਫ਼ਤਾਰੀ ਦੀ ਨਿਖੇਧੀ ਕੀਤੀ ਜਾ ਰਹੀ ਹੈ। ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਆਗੂ ਰਣਬੀਰ ਰੰਧਾਵਾ ਨੇ ਦੋਸ਼ ਲਾਇਆ ਕਿ ਪੰਜਾਬ ਵਿੱਚ ਸਿਆਸੀ ਦਬਾਅ ਹੇਠ ਬੋਲਣ ਦੀ ਆਜ਼ਾਦੀ ਦਾ ਘਾਣ ਕਰਕੇ ਕਵੀਆਂ ਅਤੇ ਲੇਖਕਾਂ ਖ਼ਿਲਾਫ਼ ਸੰਗੀਨ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਜਾ ਰਹੇ ਹਨ। ਉਨ੍ਹਾਂ ਮੰਗ ਕੀਤੀ ਕਿ ਸੁਰਜੀਤ ਗੱਗ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਉਨ੍ਹਾਂ ਪੰਜਾਬ ਸਰਕਾਰ ਤੇ ਪੁਲੀਸ-ਪ੍ਰਸ਼ਾਸਨ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਸੁਰਜੀਤ ਗੱਗ ਨੂੰ ਰਿਹਾਅ ਨਾ ਕੀਤਾ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ।

## ਕੇਂਦਰੀ ਪੰਜਾਬੀ ਲੇਖਕ ਸਭਾ ਨੇ ਕਵਿਤਾ 'ਚ ਵਰਤੀ ਭਾਸ਼ਾ ਨਾਲ ਅਸਹਿਮਤੀ ਜਤਾਈ

**ਚੰਡੀਗੜ੍ਹ :** ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਨੇ ਪੰਜਾਬੀ ਕਵੀ ਸੁਰਜੀਤ ਗੱਗ ਦੀ ਗ੍ਰਿਫ਼ਤਾਰੀ ਦੀ ਨਿੰਦਾ ਕਰਦਿਆਂ ਜਿੱਥੇ ਉਸ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ ਹੈ, ਉੱਥੇ ਨਾਲ ਹੀ ਜਿਸ ਕਵਿਤਾ ਨੂੰ ਆਧਾਰ ਬਣਾ ਕੇ ਕੇਸ ਦਰਜ ਕੀਤਾ ਗਿਆ ਹੈ, ਉਸ ਵਿਚ ਵਰਤੀ ਗਈ ਭਾਸ਼ਾ ਨਾਲ ਵੀ ਅਸਹਿਮਤੀ ਜਤਾਈ ਹੈ। ਇੱਥੋਂ ਜਾਰੀ ਇਕ ਸਾਂਝੇ ਪ੍ਰੈਸ ਬਿਆਨ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਜਨਰਲ ਸੱਕਤਰ ਸੁਸ਼ੀਲ ਦੁਸਾਂਝ ਅਤੇ ਸੀਨੀਅਰ ਮੀਤ ਪ੍ਰਧਾਨ ਡਾ. ਜੋਗਾ ਸਿੰਘ ਨੇ ਕਿਹਾ ਹੈ ਕਿ ਕੇਂਦਰੀ ਲੇਖਕ ਸਭਾ ਲਿਖਣ-ਬੋਲਣ ਦੀ ਆਜ਼ਾਦੀ ਦੀ ਮੁੱਦਈ ਹੈ ਅਤੇ ਵਿਚਾਰਾਂ ਦੇ ਪ੍ਰਗਟਾਵੇ 'ਤੇ ਕਿਸੇ ਵੀ ਤਰ੍ਹਾਂ ਦਾ ਹਮਲਾ ਬਰਦਾਸ਼ਤਯੋਗ ਨਹੀਂ ਹੈ ਪਰ ਇਸ ਆਜ਼ਾਦੀ ਦਾ ਭਾਵ ਇਹ ਵੀ ਨਹੀਂ ਹੈ ਕਿ ਕੋਈ ਜ਼ਾਬਤਾ ਹੀ ਨਾ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਭਾਰਤ ਵਰਗੇ ਬਹੁ-ਧਰਮੀ, ਬਹੁ-ਸਭਿਆਚਾਰਕ ਮੁਲਕ ਵਿਚ ਸਹਿਮਤੀ/ਅਸਹਿਮਤੀ ਵਾਲੇ ਵਿਚਾਰਾਂ ਲਈ ਸੰਵਾਦ ਜ਼ਰੂਰੀ ਹੈ ਨਾ ਕਿ ਭਾਸ਼ਾਈ ਮਰਿਆਦਾ ਦੀਆਂ ਧੱਜੀਆਂ ਉਡਾ ਕੇ ਇਕ-ਦੂਸਰੇ 'ਤੇ ਹਮਲੇ ਕਰਨਾ। ਸੁਰਜੀਤ ਗੱਗ ਦੇ ਮਾਮਲੇ ਵਿਚ ਵੀ ਦੋਵਾਂ ਧਿਰਾਂ ਨੂੰ ਸੰਵਾਦ ਵੱਲ ਵਧਣਾ ਚਾਹੀਦਾ ਹੈ। ਡਾ. ਸਰਬਜੀਤ ਸਿੰਘ, ਸੁਸ਼ੀਲ ਦੁਸਾਂਝ ਅਤੇ ਡਾ. ਜੋਗਾ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਲੇਖਕ ਦਾ ਹੱਕ ਹੈ ਕਿ ਉਹ ਆਪਣੀ ਰਚਨਾ ਵਿਚ ਖੁਲ੍ਹ ਕੇ ਆਪਣੇ ਵਿਚਾਰ ਰੱਖੇ ਪਰ ਨਾਲ ਹੀ ਉਸ ਨੂੰ ਸਾਹਿਤ-ਸੌਂਦਰਯ ਅਤੇ ਭਾਸ਼ਾ ਦੀ ਮਰਿਆਦਾ ਦਾ ਵੀ ਗਿਆਨ ਹੋਣਾ ਚਾਹੀਦਾ ਹੈ। ਸਹਿਜ ਅਤੇ ਸੂਹਜ ਹੀ ਕਿਸੇ ਵੀ ਸਾਹਿਤਕ ਕਿਰਤ ਦੀ ਅਸਲੀ ਤਾਕਤ ਹੁੰਦੇ ਹਨ। ਲੇਖਕ ਆਗੂਆਂ ਨੇ ਪਿਛਲੇ ਦਿਨੀਂ ਸੁਰਜੀਤ ਗੱਗ ਦੀ ਪਤਨੀ ਅਤੇ ਬੇਟੀ ਦੇ ਬਲਾਤਕਾਰ ਦੀਆਂ ਧਮਕੀਆਂ ਦੇਣ ਵਾਲਿਆਂ ਵਿਰੁੱਧ ਵੀ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਯਾਦ ਰਹੇ ਕਿ ਕੁੱਝ ਦਿਨ ਪਹਿਲਾਂ ਸੁਰਜੀਤ ਗੱਗ ਦੇ ਮੋਬਾਈਲ ਫੋਨ 'ਤੇ ਦੋ ਵਿਅਕਤੀਆਂ ਵਲੋਂ ਬੇਹੱਦ ਭੱਦੀ ਸ਼ਬਦਾਵਲੀ ਵਿਚ ਗੱਗ ਦੀ ਪਤਨੀ ਅਤੇ ਬੇਟੀ ਨਾਲ ਬਲਾਤਕਾਰ ਕਰਨ ਦੀ ਧਮਕੀ ਦਿੱਤੀ ਗਈ ਸੀ, ਜਿਸ ਦੀ ਲਿਖਤੀ ਸ਼ਿਕਾਇਤ ਸੁਰਜੀਤ ਗੱਗ ਨੇ ਤੁਰੰਤ ਐਸ.ਐਸ.ਐਸ.ਪੀ. ਸ੍ਰੀ ਆਨੰਦਪੁਰ ਸਾਹਿਬ ਨੂੰ ਕਰ ਦਿੱਤੀ ਸੀ ਪਰ ਹਾਲੇ ਤੱਕ ਪੁਲੀਸ ਵਲੋਂ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ।

ਅੰਮ੍ਰਿਤਸਰ ਟਾਈਮਜ਼ AMRITSAR TIMES

12 ਜੁਲਾਈ 2017 ਤੋਂ 18 ਜੁਲਾਈ 2017

### ਅਮਰਨਾਥ ਯਾਤਰਾ ਵਾਰਦਾਤ

## ਕਸ਼ਮੀਰ ਦੀ ਅਰਥ-ਵਿਵਸਥਾ ’ਤੇ ਦਹਿਸ਼ਤੀ ਹਮਲਾ

ਦਹਿਸ਼ਤਗਰਦੀ ਦਾ ਕੋਈ ਚਿਹਰਾ ਨਹੀਂ ਹੁੰਦਾ...ਤੇ ਨਾ ਹੀ ਇਸ ਦਾ ਕੋਈ ਦੀਨ-ਧਰਮ ਹੁੰਦਾ ਹੈ। ਸਿਆਸੀ ਮਖੌਟਿਆਂ ਪਿਛੇ ਲੁਕੇ ਇਹ ਉਹ ਚਿਹਰੇ ਹੁੰਦੇ ਹਨ ਜੋ ਆਪਣੀ ‘ਚੌਧਰ’ ਕਾਇਮ ਰੱਖਣ ਲਈ ਦੁਨੀਆ ਨੂੰ ਦਹਿਸ਼ਤਜ਼ਦਾ ਕਰੀ ਰੱਖਦੇ ਹਨ। ਸਿਆਸਤ ਤੇ ਦਹਿਸ਼ਤਗਰਦੀ ਦੀਆਂ ਤੰਦਾਂ ਆਪੋ-ਵਿਚੀਂ ਇਕ ਸੂਤਰ ਹੋ ਕੇ ਮਾਨਵੀ ਧਰਮ ਨੂੰ ਉਲਝਾਉਣ ਵਿਚ ਲੱਗੀਆਂ ਹੋਈਆਂ ਹਨ। ਦਹਿਸ਼ਤਗਰਦੀ ਦਾ ਤਾਂਡਵ ਦੁਨੀਆ ਦੇ ਹਰ ਹਿੱਸੇ ਵਿਚ ਕਿਸੇ ਨਾ ਕਿਸੇ ਸਮੇਂ ਵਾਪਰ ਰਿਹਾ ਹੈ ਤੇ ਇਸ ਦਾ ਸ਼ਿਕਾਰ ਸਿਰਫ਼ ਤੇ ਸਿਰਫ਼ ਆਮ ਲੋਕ ਹੀ ਹੋ ਰਹੇ ਹਨ। ਆਪਣੇ ਆਪਣੇ ਮੁਲਕ ਦੀ ਅਗਵਾਈ ਕਰ ਰਹੇ ਮੁਖੀ ਅਰਬਾਂ ਰੁਪਏ ਖ਼ਰਚ ਕਰਕੇ ‘ਅਤਿਵਾਦ ਦੇ ਟਾਕਰੇ ਲਈ ਇਕਜੁਟਤਾ’ ਦਾ ਪਰੰਪਚ ਰਚ ਰਹੇ ਹਨ ਪਰ ਇਹ ਘਟਨਾਵਾਂ ਰੁਕਣ ਦੀ ਥਾਂ ਵਧਦੀਆਂ ਜਾ ਰਹੀਆਂ ਹਨ। ਦਹਿਸ਼ਤਗਰਦੀ ਦਾ ਅਜਿਹਾ ਹੀ ਕਾਰਾ ਸੋਮਵਾਰ ਦੀ ਰਾਤ ਜੰਮੂ-ਕਸ਼ਮੀਰ ਦੇ ਅਨੰਤਨਾਗ ਵਿਚ ਉਸ ਵੇਲੇ ਵਾਪਰਿਆ ਜਦੋਂ ਹਮਲੇ ਵਿਚ 7 ਅਮਰਨਾਥ ਯਾਤਰੀ ਮਾਰੇ ਗਏ। ਇਹ ਹਮਲਾ ਪਹਿਲੀ ਵਾਰ ਨਹੀਂ ਹੋਇਆ। ਇਸ ਤੋਂ ਪਹਿਲਾਂ 2 ਅਗਸਤ 2002 ਵਿਚ ਪਹਿਲਗਾਮ ਦੇ ਬੇਸ ਕੈਂਪ ’ਚ ਹਮਲੇ ਦੌਰਾਨ 32 ਲੋਕ ਮਾਰੇ ਗਏ ਸਨ। 20 ਜੁਲਾਈ 2001 ਵਿਚ ਅਮਰਨਾਥ ਗੁਫ਼ਾ ਦੇ ਰਸਤੇ ਦੀ ਸਭ ਤੋਂ ਉਚਾਈ ’ਤੇ ਸਥਿਤ ਸ਼ੇਸ਼ਨਾਗ ’ਤੇ ਹੋਏ ਹਮਲੇ ਦੌਰਾਨ 13 ਲੋਕ ਮਾਰੇ ਗਏ। ਇਸ ਤੋਂ ਬਾਅਦ ਅਮਰਨਾਥ ਯਾਤਰੀਆਂ ਦੀ ਸੁਰੱਖਿਆ ਵਧਾਏ ਜਾਣ ਦੇ ਬਾਵਜੂਦ 2002 ਵਿਚ ਦਹਿਸ਼ਤੀ ਹਮਲੇ ਵਿਚ 9 ਲੋਕ ਮਾਰੇ ਗਏ। ਇਸ ਵਾਰ ਸੁਰੱਖਿਆ ਵਿਚ ਤੈਨਾਤ ਜਵਾਨਾਂ ਦੀ ਸੰਖਿਆ ਪਹਿਲਾਂ ਨਾਲੋਂ ਦੁੱਗਣੀ ਸੀ। ਤਾਜ਼ਾ ਹਮਲੇ ਮਗਰੋਂ ਸੋਸ਼ਲ ਮੀਡੀਆ ’ਤੇ ਵੀ ਇਸ ਨੂੰ ‘ਹਿੰਦੂਆਂ’ ’ਤੇ ਹਮਲਾ ਕਰਾਰ ਦਿੰਦਿਆਂ ਕਸ਼ਮੀਰੀ ਲੋਕਾਂ ਖ਼ਿਲਾਫ਼ ਵੀ ਭੜਾਸ ਕੱਢੀ ਗਈ ਹੈ।

ਪਰ ਇਸ ਵੱਲ ਗੌਰ ਨਹੀਂ ਕੀਤਾ ਗਿਆ ਕਿ ਇਹ ਯਾਤਰਾ ਜੇਕਰ ਹਿੰਦੂਆਂ ਲਈ ਆਸਥਾ ਰੱਖਦੀ ਹੈ ਤਾਂ ਕਸ਼ਮੀਰੀ ਮੁਸਲਮਾਨਾਂ ਲਈ ਇਹ ਰੋਜ਼ੀ-ਰੋਟੀ ਦਾ ਸਵਾਲ ਹੈ। ਇਹ ਹਮਲਾ ਕਸ਼ਮੀਰ ਦੀ ਭਾਈਚਾਰਕ ਸਾਂਝ ਤੇ ਅਰਥ-ਵਿਵਸਥਾ ’ਤੇ ਹੈ। ਹੋਟਲਾਂ, ਸਰਾਵਾਂ ਵਾਲਿਆਂ ਤੋਂ ਲੈ ਕੇ ਘੋੜਿਆਂ ਤੇ ਖੱਚਰ ਮਾਲਕਾਂ, ਦੁਕਾਨਦਾਰਾਂ ਲਈ ਇਹ ਯਾਤਰਾ ਸਾਲ ਭਰ ਵਿਚ ਕਮਾਈ ਕਰਨ ਦਾ ਵਧੀਆ ਜ਼ਰੀਆ ਹੈ। ਸਿਰਫ਼ ਇਹੀ ਨਹੀਂ, ਅਮਰਨਾਥ ਯਾਤਰਾ ਦੇ ਬਹਾਨੇ ਲੋਕ ਨਾਲ ਲਗਦੇ ਇਲਾਕਿਆਂ ਵਿਚ ਸੈਰ-ਸਪਾਟੇ ਲਈ ਵੀ ਜਾਂਦੇ ਹਨ ਤੇ ਉਥੋਂ ਦੀਆਂ ਮਸ਼ਹੂਰ ਪਸ਼ਮੀਨਾ ਸ਼ਾਲਾਂ ਤੇ ਸੁੱਕੇ ਮੇਵਿਆਂ ਦੀ ਖ਼ਰੀਦਦਾਰੀ ਵੀ ਕਰਦੇ ਹਨ। ਤੇ ਇਨ੍ਹਾਂ ਵਪਾਰਕ ਕੰਮਾਂ ਵਿਚ ਜੁਟੇ ਲੋਕ ਜ਼ਿਆਦਾਤਰ ਮੁਸਲਮਾਨ ਹੀ ਹਨ। ਸੋ, ਇਹ ਤਿਉਹਾਰ ਹਿੰਦੂਆਂ ਲਈ ਹੀ ਨਹੀਂ, ਮੁਸਲਮਾਨਾਂ ਲਈ ਵੀ ਅਹਿਮਤੀਅਤ ਰੱਖਦਾ ਹੈ। ਇਥੋਂ ਦੇ ਹਾਲਾਤ ਕਾਰਨ ਆਰਥਿਕ ਸਥਿਤੀ ਪਹਿਲਾਂ ਹੀ ਡਾਵਾਂ-ਡੋਲ ਹੈ, ਅਜਿਹੇ ਵਿਚ ਕਦੇ-ਕਦਾਈਂ ਮਿਲਣ ਵਾਲੇ ਰੁਜ਼ਗਾਰ ਦੇ ਅਜਿਹੇ ਮੌਕੇ, ਇਨ੍ਹਾਂ ਲੋਕਾਂ ਲਈ ਵਰਦਾਨ ਵਾਂਗ ਹਨ। ਜਿਵੇਂ ਕਿਸਾਨ ਨੂੰ ਆਪਣੀ ਫ਼ਸਲ ਤੋਂ ਉਮੀਦਾਂ ਹੁੰਦੀਆਂ ਹਨ, ਉਸੇ ਤਰ੍ਹਾਂ ਕਸ਼ਮੀਰੀਆਂ ਨੂੰ ਸਾਲ ਬਾਅਦ ਹੋਣ ਵਾਲੇ ਚੌਖੀ ਕਮਾਈ ਦੀ ਉਡੀਕ ਰਹਿੰਦੀ ਹੈ।

ਜੇਕਰ ਧਾਰਮਿਕ ਪੱਖ ਤੋਂ ਇਸ ਬਾਰੇ ਜਾਣਨਾ ਹੋਵੇ ਤਾਂ 14000 ਫੁੱਟ ਦੀ ਉਚਾਈ ’ਤੇ ਵਸੀ ਇਸ ਗੁਫ਼ਾ ਦੀ ਖੋਜ ਮੁਸਲਮਾਨ ਚਰਵਾਹੇ ਬੂਟਾ ਮਲਿਕ ਨੇ 19ਵੀਂ ਸ਼ਤਾਬਦੀ ਵਿਚ ਕੀਤੀ ਸੀ। ਇਥੇ ਪੂਜਾ ਤਾਂ ਹਿੰਦੂ ਹੀ ਕਰਦੇ ਹਨ ਪਰ ਗੁਫ਼ਾ ਦੀ ਸੁਰੱਖਿਆ ਦਾ ਜ਼ਿੰਮਾ ਅੱਜ ਵੀ ਮਲਿਕ ਪਰਿਵਾਰ ਕੋਲ ਹੈ। ਇਸ ਲਈ ਇਹ ਹਮਲਾ ਹਿੰਦੂ ਭਾਈਚਾਰੇ ਖ਼ਿਲਾਫ਼ ਨਹੀਂ, ਬਲਕਿ ਸਾਂਝੇ ਸਭਿਆਚਾਰ ਅਤੇ ਅਰਥਵਿਵਸਥਾ ’ਤੇ ਹੈ। ਇਥੇ ਇਹ ਗੱਲ ਵੀ ਸਮਝਣ ਵਾਲੀ ਹੈ ਕਿ ਜੰਮੂ-ਕਸ਼ਮੀਰ ਪੁਲੀਸ ਤੇ ਸੀ.ਆਰ.ਪੀ.ਐਫ. ਮੁਤਾਬਕ ਜਿਸ ਬੱਸ ’ਤੇ ਹਮਲਾ ਕੀਤਾ ਗਿਆ, ਉਹ ਯਾਤਰਾ ’ਤੇ ਜਾਣ ਵਾਲੇ ਜਥੇ ਦਾ ਹਿੱਸਾ ਨਹੀਂ ਸੀ ਤੇ ਯਾਤਰੀਆਂ ਨੇ ਨਿਯਮਾਂ ਦਾ ਪਾਲਣ ਨਹੀਂ ਕੀਤਾ। ਨਾ ਹੀ ਇਹ ਬੱਸ ਅਮਰਨਾਥ ਸ਼ਰਾਈਨ ਬੋਰਡ ਨਾਲ ਰਜਿਸਟਰਡ ਸੀ ਤੇ ਨਾ ਹੀ ਇਸ ਦੇ ਯਾਤਰੀਆਂ ਵਲੋਂ ਸੁਰੱਖਿਆ ਨਿਯਮਾਂ ਦਾ ਪਾਲਣ ਕੀਤਾ ਜਾ ਰਿਹਾ ਸੀ।

ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਇਹ ਬੱਸ ਪੁਲੀਸ ਪਾਰਟੀ ਅਤੇ ਅਤਿਵਾਦੀਆਂ ਵਿਚਾਲੇ ਚੱਲ ਰਹੀ ਮੁੱਠਭੇੜ ਵਿਚਾਲੇ ਆ ਗਈ। ਇਸ ਤੋਂ ਇਲਾਵਾ ਕਸ਼ਮੀਰ ਵਿਚ 15 ਸਾਲ ਪਹਿਲਾਂ ਵਾਅਦਾ ਕੀਤਾ ਗਿਆ ਸੀ ਕਿ ਉਹ ਅਮਰਨਾਥ ਯਾਤਰੀਆਂ ’ਤੇ ਹਮਲਾ ਨਹੀਂ ਕਰਨਗੇ। ਪਿਛਲੇ ਸਾਲ ਮੁਕਾਬਲੇ ਵਿਚ ਮਾਰੇ ਗਏ ਹਿਜਬੁਲ ਬੁਰਹਾਨ ਵਾਨੀ ਦਾ ਵੀ ਇਕ ਵੀਡੀਓ ਜਾਰੀ ਹੋਇਆ ਸੀ, ਜਿਸ ਵਿਚ ਉਹ ਅਮਰਨਾਥ ਯਾਤਰੀਆਂ ਨੂੰ ਵਿਸ਼ਵਾਸ ਦੇ ਰਿਹਾ ਸੀ ਕਿ ਉਨ੍ਹਾਂ ਨੂੰ ਅਤਿਵਾਦੀਆਂ ਵਲੋਂ ਨੁਸਕਾਨ ਨਹੀਂ ਪਹੁੰਚਾਇਆ ਜਾਵੇਗਾ।

ਉਧਰ ਸਿਆਸੀ ਧਿਰਾਂ ਕਸ਼ਮੀਰੀ ਦੀ ਸਥਿਤੀ ਨੂੰ ਸੁਲਝਾਉਣ ਦੀ ਬਜਾਏ ਅੱਗ ਵਿਚ ਘਿਓ ਪਾਉਣ ਦਾ ਕੰਮ ਕਰ ਰਹੀਆਂ ਹਨ। ਜੰਮੂ-ਕਸ਼ਮੀਰ ਦੀ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਦਾ ਕਹਿਣਾ ਹੈ ਕਿ ਅਮਰਨਾਥ ਯਾਤਰੀਆਂ ’ਤੇ ਹੋਇਆ ਅਤਿਵਾਦੀ ਹਮਲਾ ਸਾਰੇ ਮੁਸਲਮਾਨਾਂ ਤੇ ਕਸ਼ਮੀਰੀਆਂ ’ਤੇ ਧੱਬਾ ਹੈ। ਭਾਜਪਾ ਨਾਲ ਭਾਈਵਾਲੀ ਕਰਕੇ ਸੱਤਾ ਵਿਚ ਆਈ ਮਹਿਬੂਬਾ ਮੁਫ਼ਤੀ ਕਸ਼ਮੀਰ ਦੇ ਮੌਜੂਦਾ ਹਾਲਾਤ ’ਤੇ ਕਾਬੂ ਪਾਉਣ ਵਿਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ। ਉਪਰੋਂ ਅਜਿਹੇ ਨਾਜ਼ੁਕ ਸਮੇਂ ’ਤੇ ਉਨ੍ਹਾਂ ਦਾ ਬਿਆਨ ਕਸ਼ਮੀਰੀਆਂ ਤੇ ਮੁਸਲਮਾਨਾਂ ਨੂੰ ਅਲੱਗ-ਥਲੱਗ ਕਰਨ ਦੇ ਨਾਲ ਨਾਲ, ਹਾਲਾਤ ਨੂੰ ਹੋਰ ਬਦਤਰ ਕਰਨ ਵਾਲਾ ਹੈ। ਉਨ੍ਹਾਂ ਦਾ ਇਹ ਗੈਰ-ਜ਼ਿੰਮੇਵਾਰਾਨਾ ਬਿਆਨ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਕਸ਼ਮੀਰੀ ਤੇ ਮੁਸਲਮਾਨ ਹੀ ਇਸ ਹਮਲੇ ਲਈ ਜ਼ਿੰਮੇਵਾਰ ਹਨ। ਅਜਿਹੇ ਹਾਲਾਤ ਲਈ ਸਿਆਸੀ ਧਿਰਾਂ ਦੀ ਜ਼ਿੰਮਵਾਰੀ ਕੌਣ ਤੈਅ ਕਰੇਗਾ?

ਕਸ਼ਮੀਰੀ ਲੋਕ ਵੀ ਸ਼ਾਂਤੀ ਚਾਹੁੰਦੇ ਹਨ, ਰੁਜ਼ਗਾਰ ਤੇ ਦੋ ਵਕਤ ਦੀ ਰੋਟੀ ਚਾਹੁੰਦੇ ਹਨ। ਪਰ ਸਿਆਸੀ ਚਾਲਾਂ ਨੇ ਕਸ਼ਮੀਰੀਆਂ ਨੂੰ ਭਾਰਤ ਅੰਦਰ ਹੀ ਖ਼ੌਫ਼ਨਾਕ ਬਣਾ ਧਰਿਆ ਹੈ। ਮੁਲਕ ਦੇ ਬਾਕੀ ਹਿੱਸੇ ਵਿਚ ਤਾਂ ਉਨ੍ਹਾਂ ਨੂੰ ‘ਸ਼ੱਕੀ’ ਵਜੋਂ ਦੇਖਿਆ ਜਾਂਦਾ ਹੀ ਹੈ, ਆਪਣੀ ਧਰਤੀ ’ਤੇ ਵੀ ਉਨ੍ਹਾਂ ਪ੍ਰਤੀ ਬੇਗ਼ਾਨਗੀ ਤੇ ਬੇਯਕੀਨੀ ਹੈ। ਕਰੀਬ ਇਕ ਸਾਲ ਤੋਂ ਕਸ਼ਮੀਰ ਦੇ ਬੱਚਿਆਂ ਤਕ ਦੇ ਹੱਥਾਂ ਵਿਚ ਪੱਥਰ ਹਨ। ਆਪਣੇ ਖ਼ਿਲਾਫ਼ ਹੋ ਰਹੇ ਜ਼ੁਲਮਾਂ ਦੀ ਕਿਤੇ ਕੋਈ ਸੁਣਵਾਈ ਨਾ ਹੋਣ ਕਾਰਨ ਕੁੜੀਆਂ ਤੱਕ ਪੱਥਰਬਾਜ਼ੀ ਵਿਚ ਸ਼ਾਮਲ ਹੋ ਗਈਆਂ ਹਨ। ਕਸ਼ਮੀਰ ਵਿਚ ਸਰਕਾਰ ਭਾਵੇਂ ਲੋਕਾਂ ਵਲੋਂ ਚੁਣੀ ਗਈ ਹੈ ਪਰ ਇਹ ਲੋਕਾਂ ਦੀ ਨੁਮਾਇੰਦਗੀ ਕਦਾਚਿਤ ਨਹੀਂ ਕਰ ਰਹੀ। ਦਹਿਸ਼ਤੀ ਹਮਲਾ ਕਿਤੇ ਵੀ ਹੋਵੇ, ਉਸ ਦੀ ਪੂਰਜ਼ੋਰ ਨਿੰਦਾ ਕਰਨੀ ਬਣਦੀ ਹੈ ਪਰ ਇਸ ਨੂੰ ਧਰਮ ਤੋਂ ਉਪਰ ਉਠ ਕੇ ਇਸ ਦੇ ਸਿਆਸੀ ਕਾਰਨ ਤੇ ਹੱਲ ਤਲਾਸ਼ਣੇ ਹੀ ਪੈਣਗੇ। ਭਾਜਪਾ-ਪੀਡੀਪੀ ਸਰਕਾਰ ਨੇ ਜੋ ਭਰੋਸਾ ਵੋਟਾਂ ਵੇਲੇ ਕਸ਼ਮੀਰੀਆਂ ਨੂੰ ਦਿੱਤਾ ਸੀ, ਉਸ ਉੱਤੇ ਪੂਰਾ ਉਤਰਨ ਲਈ ਮਹਿਜ਼ ਸ਼ਬਦੀ ਗੱਲਾਂ ਹੀ ਨਹੀਂ ਕਸ਼ਮੀਰ ਮਸਲੇ ਦੇ ਹੱਕ ਲਈ ਸੌੜੇ ਰਾਜਸੀ ਹਿੱਤਾਂ ਤੋਂ ਉੱਪਰ ਉਠ ਕੇ ਅਮਲੀ ਤੌਰ ਉੱਤੇ ਕੁਝ ਕਰਨਾ ਹੀ ਪਏਗਾ।

# ਕੈਪਟਨ ਦੇ ਵਾਅਦਿਆਂ ਤੇ ਅਮਲਾਂ ਵਿਚ ਅਜੇ ਵੱਡਾ ਅੰਤਰ

**ਗੋਬਿੰਦ ਠੁਕਰਾਲ***
(ਫੋਨ: 94170-16030)



ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਸਿਆਸਤਦਾਨਾਂ ਵਿੱਚੋਂ ਹਨ ਜਿਹੜੇ ਕਥਨੀ ਤੇ ਕਰਨੀ ਵਿੱਚ ਬਹੁਤਾ ਅੰਤਰ ਨਹੀਂ ਰੱਖਦੇ।



ਉਨ੍ਹਾਂ ਨੇ ਵਿਧਾਨ ਸਭਾ ਚੋਣਾਂ ਸਮੇਂ ਜੋ ਵਾਅਦੇ ਕੀਤੇ ਸਨ, ਉਨ੍ਹਾਂ ਦੀ ਪੂਰਤੀ ਲਈ ਯਤਨਸ਼ੀਲ ਹਨ। ਪਰ ਉਨ੍ਹਾਂ ਦੇ ਦੁਆਲੇ ਕੁਝ ਅਜਿਹੇ ਗਰੁੱਪ ਸਰਗਰਮ ਹਨ, ਜਿਨ੍ਹਾਂ ਦਾ ਆਪਣਾ ਵੱਖਰਾ ਏਜੰਡਾ ਹੈ। ਹਰ ਕੋਈ ਸਰਕਾਰੀ ਮੰਡਿਆਂ ਨੂੰ ਵੱਧ ਤੋਂ ਵੱਧ ਛਕਣਾ ਚਾਹੁੰਦਾ ਹੈ ਅਤੇ ਅਜਿਹਾ ਕਰਦਿਆਂ ਕਈ ਵਾਰ ਆਪਣੀਆਂ ਆਸਾਂ ਨਾਲੋਂ ਵੀ ਵੱਧ ਮਾਰ, ਮਾਰ ਜਾਂਦਾ ਹੈ। ਸ਼ੈਕਸਪੀਅਰ ਦੇ ਡਰਾਮੇ ਦੇ ਨਾਇਕ ਹੈਮਲੈੱਟ ਦੀ ਤਰ੍ਹਾਂ ਕੈਪਟਨ ਵੀ ਦੁਬਿਧਾ ਵਿੱਚ ਫਸੇ ਹੋਏ ਹਨ। ਉਹ ਬਦਲਾਖੋਰੀ ਦੀ ਸਿਆਸਤ ਤੋਂ ਬਚਣਾ ਚਾਹੁੰਦੇ ਹਨ ਅਤੇ ਨਿਆਂਇਕ ਕਾਰਵਾਈ ਸਿਰਫ਼ ਉੱਥੇ ਕਰਨਾ ਚਾਹੁੰਦੇ ਹਨ ਜਿੱਥੇ ਇਹ ਕਰਨੀ ਜ਼ਰੂਰੀ ਹੈ। ਇੱਕ ਹੋਰ ਫ਼ਰਕ ਵੀ ਹੈ ਕਿ ਕੈਪਟਨ ਅਮਰਿੰਦਰ ਸਿੰਘ, ਲੋਕਤੰਤਰ ਵਿੱਚ ਇੱਕ ਚੁਣਿਆ ਹੋਇਆ ਨੇਤਾ ਹੈ। ਉਹ ਆਪਣੇ ਅਹੁਦੇ ਦੇ ਆਰਜ਼ੀ ਖਾਸੇ ਤੋਂ ਭਲੀਭਾਂਤ ਵਾਕਿਫ਼ ਹਨ।

ਪੰਜਾਬ ਵਿੱਚ ਕਾਂਗਰਸ ਦਸ ਸਾਲਾਂ ਬਾਅਦ ਸੱਤਾ ਵਿੱਚ ਮੁੜ ਆਈ ਹੈ। ਇਸ ਨੇ ਆਪਣੇ ਲੰਬੇ-ਚੌੜੇ ਚੋਣ ਮੈਨੀਫੈਸਟੋ ਵਿੱਚ ਵਿਸ਼ਾਲ ਏਜੰਡਾ ਮਿੱਥਿਆ ਹੋਇਆ ਹੈ। ਪਾਰਟੀ ਨੂੰ ਇਹ ਵੀ ਪਤਾ ਹੈ ਕਿ ਜੇ ਇਸ ਉਪਰ ਅਮਲ ਨਾ ਕੀਤਾ ਗਿਆ ਤਾਂ ਇਹ ਮੁਸੀਬਤ ਬਣ ਜਾਵੇਗਾ। ਜੇ ਕੁਝ ਸ਼ੁਭ ਸ਼ਗਨ ਹੋਣਗੇ ਤਾਂ ਕੁਝ ਬੁਰੇ ਸੰਕੇਤ ਵੀ ਮਿਲਣਗੇ। ਇੱਕ ਪਾਸੇ ਜੇ ਸੱਤਾ ਵਿੱਚ ਆਉਣ ਤੋਂ ਛੇਤੀ ਬਾਅਦ ਨਵੀਂ ਸਰਕਾਰ ਨੇ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਦਾ ਕੰਮ ਬਿਹਤਰ ਢੰਗ ਨਾਲ ਨੇਪਰੇ ਚਾੜ੍ਹਿਆ ਅਤੇ ਦੂਜੇ ਪਾਸੇ ਨਸ਼ਿਆਂ, ਜਿਨ੍ਹਾਂ ਨੇ ਪੰਜਾਬ ਦੀ ਇੱਕ ਪੀੜ੍ਹੀ ਨੂੰ ਲਗਪਗ ਤਬਾਹ ਹੋਣ ਤਕ ਪਹੁੰਚਾ ਦਿੱਤਾ ਹੈ, ਖ਼ਿਲਾਫ਼ ਮੁਹਿੰਮ ਵਿੱਚ ਜ਼ਿਕਰਯੋਗ ਸਫਲਤਾ ਹਾਸਲ ਕੀਤੀ ਹੈ। ਨਸ਼ਿਆਂ ਦੇ ਕਾਰੋਬਾਰ ਵਿੱਚ ਗ੍ਰਸਤ ਕੁਝ ਵੱਡੇ ਲੋਕ ਧਰੇ ਗਏ। ਇਨ੍ਹਾਂ ਦੇ ਸਪਲਾਈ ਰਾਹ ਰੋਕ ਲਏ ਗਏ। ਸਿਆਸਤਦਾਨਾਂ-ਪੁਲੀਸ-ਸਮੱਗਲਰਾਂ ਦੀਆਂ ਭਾਈਵਾਲੀਆਂ ਤੋੜਨ ਦੇ ਉੱਦਮ ਹੋਏ ਹਨ। ਪਰ ਇਹ ਇੱਕ ਗੱਠਜੋੜ ਛਿੰਨ-ਭਿੰਨ ਕਰਨ ਲਈ ਮਹਿਜ਼ ਸਿਆਸੀ ਇੱਛਾ-ਸ਼ਕਤੀ ਹੀ ਸਭ ਕੁਝ ਨਹੀਂ। ਬਹੁਤ ਕੁਝ ਹੋਰ ਕਰਨ ਦੀ ਲੋੜ ਹੈ।

ਉਹ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਲੰਬਾ ਸਮਾਂ ਵਿਧਾਇਕ ਰਹੇ ਬੇਦਾਗ਼ ਸਿਆਸਤਦਾਨ ਸੁਨੀਲ ਜਾਖੜ, ਪਾਰਟੀ ਦੇ ਸੂਬਾਈ ਪ੍ਰਧਾਨ ਵਜੋਂ ਮਿਲੇ ਹਨ। ਇਹ ਸੁਨੀਲ ਜਾਖੜ ਹੀ ਹਨ, ਜਿਨ੍ਹਾਂ ਨੇ ਮੁੱਖ ਮੰਤਰੀ ਨੂੰ ਟਰੱਕ ਯੂਨੀਅਨਾਂ ਭੰਗ ਕਰਨ ਲਈ ਮਨਾਇਆ ਕਿਉਂਕਿ ਇਹ ਕਥਿਤ ਤੌਰ ’ਤੇ ਮਾਫ਼ੀਆ ਬਣ ਗਈਆਂ ਸਨ ਅਤੇ ਹਰੇਕ ਸਾਲ, ਵਪਾਰੀਆਂ ਤੇ ਟਰੱਕ ਅਪਰੇਟਰਾਂ ਕੋਲੋਂ ਕਰੋੜਾਂ ਰੁਪਏ ਇਕੱਠੇ ਕਰਦੀਆਂ ਸਨ।

ਜਿੱਥੋਂ ਤਕ ਰੇਤ ਖਣਨ ਕਾਰੋਬਾਰ ਨੂੰ ਲੀਹ ’ਤੇ ਲਿਆਉਣ ਦੇ ਯਤਨਾਂ ਦੀ ਗੱਲ ਹੈ, ਇਸ ਵਿੱਚ ਫਿਲਹਾਲ ਸਫਲਤਾ ਨਹੀਂ ਮਿਲੀ ਕਿਉਂਕਿ ਉਨ੍ਹਾਂ ਦਾ ਇੱਕ ਮੰਤਰੀ ਭ੍ਰਿਸ਼ਟ ਢੰਗ ਅਪਣਾਉਣ ਦੇ ਦੋਸ਼ਾਂ ਦੇ ਘੇਰੇ ਵਿੱਚ ਆ ਗਿਆ ਹੈ। ਕੈਪਟਨ ਅਮਰਿੰਦਰ ਸਿੰਘ ਜਾਣਦੇ ਹਨ ਕਿ ਇਸ ਦਾ ਉਨ੍ਹਾਂ ਦੀ ਸਰਕਾਰ ਦੇ ਅਕਸ ਉਪਰ ਜਿੱਥੇ ਬਹੁਤ ਮਾੜਾ ਪ੍ਰਭਾਵ ਪਿਆ, ਉੱਥੇ ਉਨ੍ਹਾਂ ਦੀ ਭ੍ਰਿਸ਼ਟਾਚਾਰ ਖ਼ਿਲਾਫ਼ ਜੰਗ ਨੂੰ ਕਮਜ਼ੋਰ ਕਰ ਦਿੱਤਾ ਹੈ। ਕਾਂਗਰਸ ਨੇ ਪਹਿਲੇ ਥੋੜ੍ਹ ਚਿਰੇ ਬਜਟ ਸੈਸ਼ਨ ਨੂੰ ਸੁਖਾਵੇਂ ਢੰਗ ਨਾਲ ਸਿਰੇ ਚਾੜ੍ਹਨ ਦੇ ਯਤਨ ਤਾਂ ਕੀਤੇ, ਪਰ ਇਸ ਨੂੰ ਇਕਮੁੱਠ ਵਿਰੋਧੀ ਧਿਰ ਤੇ ਵਿਧਾਨ ਸਭਾ ਅੰਦਰ ਬਹੁਤ ਖ਼ਰਾਬ ਮਾਹੌਲ ਦਾ ਸਾਹਮਣਾ ਕਰਨਾ ਪਿਆ। ਇਹ ਹੁਣ ਤਕ ਦੇ ਸਾਰੇ ਵਿਧਾਨ ਸਭਾ ਸੈਸ਼ਨਾਂ ਨਾਲੋਂ ਵੱਧ ਹੰਗਾਮਾਖੇਜ਼ ਅਤੇ ਵਿਅਰਥ ਸੈਸ਼ਨ ਸੀ, ਜਿੱਥੇ ਸਾਰੀਆਂ ਸੰਸਦੀ ਮਾਣ-ਮਰਿਆਦਾਵਾਂ ਦੀਆਂ ਧੱਜੀਆਂ ਉਡਾਈਆਂ ਗਈਆਂ ਸਨ।

ਇੱਕ ਹੋਰ ਖੇਤਰ ਜਿਹੜਾ ਮੁਸ਼ਕਿਲਾਂ ਪੈਦਾ ਕਰ ਰਿਹਾ ਹੈ, ਉਹ ਸਰਕਾਰ ਦੀ ਕੇਬਲ ਕਾਰੋਬਾਰ ਵਿੱਚ ਅਜਾਰੇਦਾਰੀ ਖ਼ਤਮ ਕਰਨ ਲਈ ਸੰਜੀਦਾ ਕਦਮ ਉਠਾਉਣ ਲਈ ਇੱਛਾ ਸ਼ਕਤੀ ਦੀ ਘਾਟ ਕਹੀ ਜਾ ਸਕਦੀ ਹੈ। ਇਸ ਅਜਾਰੇਦਾਰੀ ਕਾਰਨ ਬਹੁਤ ਸਾਰੇ ਟੈਲੀਵਿਜ਼ਨ ਚੈਨਲ ਬੰਦ ਹੋ ਗਏ ਜਾਂ ਉਨ੍ਹਾਂ ਦਾ ਪੰਜਾਬ ਵਿੱਚ ਦਾਖਲਾ ਰੋਕ ਦਿੱਤਾ ਗਿਆ ਸੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਮਾਲਕੀ ਵਾਲੇ ਇੱਕ ਚੈਨਲ ਦੀ ਅਜਾਰੇਦਾਰੀ ਬਣ ਗਈ ਸੀ। ਜਿੱਥੇ ਕੈਪਟਨ ਅਮਰਿੰਦਰ ਸਿੰਘ ਨੇ ਸਾਫ ਕਿਹਾ ਹੈ ਕਿ ਵਿਜੀਲੈਂਸ ਵਿਭਾਗ ਕੋਈ ਜਾਂਚ ਨਹੀਂ ਕਰੇਗਾ, ਉੱਥੇ ਸਥਾਨਕ ਸਰਕਾਰ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਪੰਜਾਬ ਦੇ ਕੇਬਲ ਮਾਫੀਏ ਖ਼ਿਲਾਫ਼ ਜੰਗ ਐਲਾਨੀ ਹੋਈ ਹੈ ਅਤੇ ਬਾਦਲਾਂ ਦੀ ਤਥਾਕਥਿਤ ਮਾਲਕੀ ਵਾਲੇ ’ਫਾਸਟਵੇਅ’ ਕੇਬਲ ਨੈੱਟਵਰਕ ਅਤੇ ’ਰਿਲਾਇੰਸ ਕਮਿਊਨੀਕੇਸ਼ਨਜ਼’ ਦੀਆ ’4-ਜੀ ਮੋਬਾਈਲ ਸੇਵਾਵਾਂ’ ਵਾਸਤੇ ਕੇਬਲ ਤਾਰਾਂ ਮੁਫ਼ਤ ਵਿਛਾ ਕੇ, ਕਰੋੜਾਂ ਰੁਪਏ ਦਾ ਸਰਕਾਰ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਲਾਏ ਹਨ। ਉਨ੍ਹਾਂ ਅਨੁਸਾਰ ਕੰਪਨੀ ਨੂੰ ਕੇਬਲ ਵਿਛਾਉਣ ਲਈ ਸੜਕ ਕੱਟਣ ਦੇ ਪ੍ਰਤੀ ਮੀਟਰ ਦੇ ਹਿਸਾਬ ਨਾਲ 500 ਰੁਪਏ ਅਤੇ ਹਰੇਕ ਮੈਨਹੋਲ ਦੀ ਵਰਤੋਂ ਵਾਸਤੇ 1000 ਰੁਪਏ ਦੇਣੇ ਬਣਦੇ ਹਨ, ਪਰ ਫਾਸਟਵੇਅ ਨੇ ਪੰਜਾਬ ਵਿੱਚ ਆਪਣਾ ਨੈੱਟਵਰਕ ਵਿਛਾਉਣ ਲਈ ਕੋਈ ਰਾਸ਼ੀ ਅਦਾ ਨਹੀਂ ਕੀਤੀ। ਉਨ੍ਹਾਂ ਇਹ ਦੋਸ਼ ਵਿਧਾਨ ਸਭਾ ਅੰਦਰ ਅਤੇ ਬਾਹਰ ਸੂਬਾਈ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਦੀ ਹਾਜ਼ਰੀ ਵਿੱਚ ਲਾਏ ਅਤੇ ਕਿਹਾ ਕਿ ਜਿੱਥੇ ਟੈਕਸ ਚੋਰੀ ਦੇ 680 ਕਰੋੜ ਰੁਪਏ ਵਸੂਲੇ ਜਾਣਗੇ, ਉਥੇ ਸਾਰੇ ਕੇਬਲ ਅਪਰੇਟਰਾਂ ਤੇ ਟੀ.ਵੀ. ਚੈਨਲਾਂ ਨੂੰ ਮੁਕਾਬਲੇ ਦਾ ਮਾਹੌਲ ਮੁਹੱਈਆ ਕੀਤਾ ਜਾਵੇਗਾ।

ਸ੍ਰੀ ਸਿੱਧੂ ਨੇ ਸੂਚਨਾ ਅਧਿਕਾਰ ਐਕਟ ਤਹਿਤ ਪ੍ਰਾਪਤ ਕੀਤੀ ਜਾਣਕਾਰੀ ਦਾ ਹਵਾਲਾ ਦਿੰਦਿਆਂ ਕਿਹਾ ਕਿ ’ਫਾਸਟਵੇਅ ਕੇਬਲ ਨੈੱਟਵਰਕ’ ਨਾਲ ਕੁੱਲ 8000 ਕੇਬਲ ਅਪਰੇਟਰਾਂ ਵਿੱਚੋਂ 6000 ਸਿੱਧੇ ਤੇ 1500 ਅਪਰੇਟਰ ਅਸਿੱਧੇ ਰੂਪ ਵਿੱਚ ਜੁੜੇ ਹੋਏ ਹਨ, ਪਰ ਇਨ੍ਹਾਂ ਦੇ ਖਾਤੇ ਵਿੱਚ ਸਿਰਫ਼ 1500 ਅਪਰੇਟਰ ਦਰਜ ਹਨ। ਮੁੱਖ ਮੰਤਰੀ ਜੋਖ਼ਿਮ ਉਠਾ ਰਹੇ ਹੋਣਗੇ, ਜੇ ਉਹ ਇਸ ਦੀ ਜਾਂਚ ਕਰਾਉਣ ਅਤੇ ਕੇਬਲ ਨੈੱਟਵਰਕ ਨੂੰ ਨਵੇਂ ਕਾਨੂੰਨ ਦੇ ਦਾਇਰੇ ਵਿੱਚ ਲਿਆਉਣ ਦੀ ਮੰਗ ਨੂੰ ਨਜ਼ਰਅੰਦਾਜ਼ ਕਰਦੇ ਹਨ।

ਇਕ ਹੋਰ ਖੇਤਰ ਹੈ ਜਿੱਥੇ ਉਨ੍ਹਾਂ ਖੇਤੀਬਾੜੀ ਸੰਕਟ ਨਾਲ ਨਿਪਟਣ ਲਈ ਰਣਨੀਤੀ ਬਣਾਉਣ ਵਾਸਤੇ ਕਾਫੀ ਸਮਾਂ ਦਿੱਤਾ ਹੈ। ਮਾੜੀਆਂ ਮੰਡੀ ਹਾਲਤਾਂ ਅਤੇ ਨਿੱਤ ਹੋਰ ਕਿਸਾਨਾਂ ਵੱਲੋਂ ਖੁਦਕੁਸ਼ੀਆਂ ਕੀਤੇ ਜਾਣ ਕਾਰਨ, ਸਰਕਾਰ ਨੇ ਕੁਝ ਕਦਮ ਐਲਾਨੇ ਹਨ। ਟ੍ਰਿਬਿਊਨ ਲਈ ਇੱਥੇ ਆਪਣੇ ਲੇਖ ਵਿੱਚ ਉਨ੍ਹਾਂ ਛੋਟੇ ਤੇ ਦਰਮਿਆਨੇ ਕਿਸਾਨਾਂ ਦੇ 2 ਲੱਖ ਰੁਪਏ ਤਕ ਮੁਆਫ਼ ਕਰਕੇ ਉਨ੍ਹਾਂ ਨੂੰ ਮੁੜ ਖੇਤੀ ਕਰਨ ਜੋਗੇ ਬਣਾਉਣ ਅਤੇ ਖੁਦਕੁਸ਼ੀਆਂ ਕਰ ਗਏ ਕਿਸਾਨਾਂ ਦੇ ਪਰਿਵਾਰਾਂ ਲਈ ਮੁਆਵਜ਼ਾ ਰਾਸ਼ੀ ਵਧਾਉਣ ਦਾ ਜ਼ਿਕਰ ਕੀਤਾ ਹੈ ਪ੍ਰੰਤੂ ਕਰਜ਼ੇ ਮੁਆਫ ਕੀਤੇ ਜਾਣ ਦੇ ਬਾਵਜੂਦ ਕਿਸਾਨ ਖੁਦਕੁਸ਼ੀਆਂ ਜਾਰੀ ਰਹਿਣ ਬਾਰੇ ਉਹ ਖ਼ਾਮੋਸ਼ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਖੇਤੀ ਸੰਕਟ ਕੌਮੀ ਸਮੱਸਿਆ ਹੈ। ਐੱਨ.ਡੀ.ਏ. ਸਰਕਾਰ ਨੇ ਇਸ ਨਾਲ ਨਿਪਟਣ ਲਈ ਜਿਹੜੇ ਫਸਲੀ ਬੀਮਾ, ਖੋਜ ਤੇ ਭੂਮੀ ਪਰਖ ਕਾਰਡ ਵਰਗੇ ਐਲਾਨ ਕੀਤੇ, ਉਨ੍ਹਾਂ ਦੇ ਨਤੀਜੇ ਸਾਹਮਣੇ ਨਹੀਂ ਆਏ। ਇਥੋਂ ਤੱਕ ਕਿ ਕਿਸਾਨਾਂ ਦੀ ਆਮਦਨ ਖਰਚ ਨਾਲੋਂ 50 ਫੀਸਦੀ ਵਧਾਉਣ ਦੇ ਵਾਅਦੇ ਤੋਂ ਮੁੱਕਰ ਕੇ ਹੁਣ 2022 ਤੱਕ ਆਮਦਨ ਦੁੱਗਣੀ ਕਰਨ ਦੇ ਲਾਰੇ ਲਾਉਣੇ ਸ਼ੁਰੂ ਕਰ ਦਿੱਤੇ ਹਨ। ਦੂਜੇ ਪਾਸੇ ਸ੍ਰੀ ਅਵਤਾਰ ਸਿੰਘ ਵਰਗੇ ਕਿਸਾਨਾਂ ਨੇ ਇਸ ਸੰਕਟ ਦੇ ਹੱਲ ਬਾਰੇ ਨਵੀਂ ਆਸ ਜਗਾਈ ਹੈ। ਉਹ ਤਿੰਨ ਭਰਾ ਹਨ ਤੇ ਉਨ੍ਹਾਂ ਕੋਲ ਸਾਢੇ ਤਿੰਨ ਏਕੜ ਜ਼ਮੀਨ, ਚੰਡੀਗੜ੍ਹ ਤੋਂ 10 ਕਿਲੋਮੀਟਰ ਦੂਰ ਪਿੰਡ ਤੀੜਾ ਵਿੱਚ ਹੈ। ਉਹ ਹਲਦੀ (ਆਰਗੈਨਿਕ) ਦੀ ਖੇਤੀ ਚਾਰ ਏਕੜ (ਦੋ ਏਕੜ ਠੇਕੇ ’ਤੇ) ਵਿੱਚ ਕਰਦੇ ਹਨ। ਉਹ ਹਲਦੀ ਨੂੰ ਸਾਫ਼ ਕਰਕੇ, ਭਾਫ ਦੇ ਕੇ ਅਤੇ ਪੀਸ ਕੇ ਬਰੁਕ ਬਾਂਡ ਚਾਹ ਦੀ ਤਰ੍ਹਾਂ ਪੈਕਟਾਂ ਵਿੱਚ ਭਰ ਕੇ ਵੇਚਦਾ ਹੈ। ਇਸ ਰਾਹੀਂ ਉਸ ਨੇ ਚਾਰ ਲੱਖ ਰੁਪਏ ਕਮਾਏ ਹਨ। ਹੋਰ ਅੱਧੇ ਏਕੜ ਵਿੱਚ ਗੰਡੋਇਆਂ ਵਾਲੀ ਖਾਦ ਤਿਆਰ ਕਰਕੇ ਹੋਰ ਸੱਤ ਲੱਖ ਰੁਪਏ ਵੱਟੇ ਹਨ। ਇਹ ਵੀ ਛੋਟੇ ਤੇ ਵੱਡੇ ਪੈਕਟ ਬਣਾ ਕੇ ਵੇਚੀ ਹੈ। ਪੰਜਾਬ ਵਿੱਚ ਇਸ ਵੇਲੇ ਕਰੀਬ 12,000 ਏਕੜਾਂ ਵਿੱਚ ਆਰਗੈਨਿਕ ਫਸਲਾਂ ਬੀਜੀਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਹੇਠ ਹੋਰ ਰਕਬਾ ਵਧਦਾ ਜਾ ਰਿਹਾ ਹੈ।

ਕੈਪਟਨ ਅਮਰਿੰਦਰ ਸਿੰਘ ਨੂੰ ਅਵਤਾਰ ਸਿੰਘ ਵਰਗੇ ਕਿਸਾਨਾਂ ਨਾਲ ਬੈਠ ਕੇ ਖੇਤੀ ਦੇ ਸੰਕਟ ਉਪਰ ਕਾਬੂ ਪਾਉਣ ਬਾਰੇ ਸਿੱਖਣਾ ਚਾਹੀਦਾ ਹੈ ਨਾ ਕਿ ਏ.ਸੀ. ਕਮਰਿਆਂ ਅੰਦਰ ਬੈਠ ਕੇ ਵੱਡੀਆਂ ਤਨਖਾਹਾਂ ਪਾਉਣ ਵਾਲੇ ਮਾਹਿਰਾਂ’ ਨਾਲ ਮੀਟਿੰਗਾਂ ਕਰਕੇ।

‘ਲੇਖਕ ਸੀਨੀਅਰ ਪੱਤਰਕਾਰ ਹੈ।

# ਚੀਨ ਤੇ ਭਾਰਤ ਨੂੰ ਅਸਲਵਾਦੀ ਪਹੁੰਚ ਦੀ ਲੋੜ

**ਜੇ ਭੂਟਾਨ ਵਿੱਚ ਚੀਨ ਦੀ ਵਧਦੀ ਜਾ ਰਹੀ ਘੁਸਪੈਠ ਨੂੰ ਰੋਕਣ ਲਈ ਭਾਰਤ ਅੱਗੇ ਨਾ ਆਉਂਦਾ ਤਾਂ ਭੂਟਾਨ ਨੂੰ ਭਾਰਤ ਦੀ ਭਰੋਸੇਯੋਗਤਾ ਉੱਤੇ ਕਿੰਤੂ ਕਰਨ ਦਾ ਅਧਿਕਾਰ ਮਿਲ ਜਾਣਾ ਸੀ। ਇਹ ਵੀ ਸੰਭਵ ਹੈ ਕਿ ਚੀਨ ਨੇ ਟਰੰਪ-ਮੋਦੀ ਮੁਲਾਕਾਤ ਦੀ ਅਹਿਮੀਅਤ ਦਾ ਕੋਈ ਗ਼ਲਤ ਮਤਲਬ ਕੱਢ ਲਿਆ ਹੋਵੇ। ਭਾਰਤ ਅਤੇ ਅਮਰੀਕਾ ਦੇ ਸਾਂਝੇ ਬਿਆਨ ਵਿੱਚ ਤਾਂ ਬਿਨਾਂ ਨਾਮ ਲਏ ਇਹ ਸਪਸ਼ਟ ਹੀ ਕਰ ਦਿੱਤਾ ਗਿਆ ਸੀ ਕਿ ਨਿਯਮਾਂ ਉੱਤੇ ਆਧਾਰਤ ਕੌਮਾਂਤਰੀ ਵਿਵਸਥਾ, ਮਹਾਂਸਾਗਰਾਂ ਦੀ ਆਜ਼ਾਦੀ ਅਤੇ ਏਸ਼ਿਆਈ ਸੁਰੱਖਿਆ ਨੂੰ ਚੀਨ ਤੋਂ ਵੱਡਾ ਖ਼ਤਰਾ ਹੈ।**

**ਕੇ.ਸੀ. ਸਿੰਘ***

ਭੂਟਾਨ ਤੇ ਚੀਨ ਜਿਹੇ ਦੇਸ਼ਾਂ ਅਤੇ ਭਾਰਤੀ ਸੂਬੇ ਸਿੱਕਿਮ ਦੀਆਂ ਸਰਹੱਦਾਂ ਲਾਗਲੇ ਤੀਹਰੇ ਜੰਕਸ਼ਨ ਡੋਕਲਾਮ ਖੇਤਰ ਨੂੰ ਲੈ ਕੇ ਹਿੰਦ-ਚੀਨ ਰੇੜਕਾ ਹੁਣ ਗੰਭੀਰ ਰੂਪ ਅਖ਼ਤਿਆਰ ਕਰਦਾ ਜਾ ਰਿਹਾ ਹੈ। ਹੁਣ ਤਕ ਸਾਹਮਣੇ ਆਏ ਤੱਥਾਂ ਮੁਤਾਬਕ 16 ਜੂਨ ਨੂੰ ਚੀਨ ਦੀ ਪੀਪਲਜ਼ ਲਿਬਰੇਸ਼ਨ ਆਰਮੀ (ਪੀ.ਐੱਲ.ਏ.) ਦੀ ਉਸਾਰੀ ਕਰਨ ਵਾਲੀ ਇੱਕ ਟੀਮ ਡੋਕਲਾਮ ਖੇਤਰ ਰਾਹੀਂ ਭੂਟਾਨ ਦੇ ਅਧਿਕਾਰ-ਖੇਤਰ ਵਿੱਚ ਦਾਖ਼ਲ ਹੋਈ। ਭੂਟਾਨ ਨੇ ਤੁਰੰਤ ਚੀਨ ਕੋਲ ਆਪਣਾ ਵਿਰੋਧ ਪ੍ਰਗਟਾਇਆ ਕਿ ਇਹ 1988 ਅਤੇ 1998 ਦੇ ਸਮਝੌਤਿਆਂ ਦੀ ਉਲੰਘਣਾ ਹੈ। ਭੂਟਾਨ ਸਰਕਾਰ ਦੇ ਤਾਲਮੇਲ ਨਾਲ ਭਾਰਤ ਨੇ ਆਪਣੇ ਸੁਰੱਖਿਆਕਰਮੀ, ਜੋ ਪਹਿਲਾਂ ਤੋਂ ਹੀ ਡੋਕਾ ਲਾ ਇਲਾਕੇ ਵਿਖੇ ਮੌਜੂਦ ਸਨ, ਭੂਟਾਨ ਦੀ ਸਹਾਇਤਾ ਲਈ ਭੇਜੇ। ਚੀਨ ਤੇ ਭਾਰਤ ਦੇ ਫ਼ੌਜੀ ਬਲ ਆਹਮੋ-ਸਾਹਮਣੇ ਤਾਂ ਨਹੀਂ, ਪਰ ਬਹੁਤ ਨੇੜੇ ਜ਼ਰੂਰ ਹਨ। ਇਹ ਸਾਰੇ ਤੱਥ 30 ਜੂਨ, 2017 ਨੂੰ ਭਾਰਤ ਨੇ ਇੱਕ ਪ੍ਰੈੱਸ ਬਿਆਨ ਰਾਹੀਂ ਉਜਾਗਰ ਕੀਤੇ ਸਨ।

26 ਜੂਨ ਨੂੰ ਚੀਨ ਦੇ ਵਿਦੇਸ਼ ਮੰਤਰਾਲੇ ਨੇ ਇੱਕ ਪ੍ਰਸ਼ਨ ਦੇ ਉੱਤਰ ਵਿੱਚ ਕਿਹਾ ਕਿ ਕਿਉਂਕਿ ਸਿੱਕਿਮ ਅਤੇ ਤਿੱਬਤ ਨਾਲ ਸਬੰਧਤ ਸਰਹੱਦਾਂ ਦੀ ਹੱਦਬੰਦੀ ਗ੍ਰੇਟ ਬ੍ਰਿਟੇਨ ਅਤੇ ਚੀਨ ਵਿਚਾਲੇ ਹੋਏ ਇਤਿਹਾਸਕ ਸਮਝੌਤਿਆਂ ਰਾਹੀਂ ਕੀਤੀ ਗਈ ਸੀ, ਇਸ ਲਈ ਭਾਰਤ ਵੱਲੋਂ ਹੁਣ "ਇੱਕਤਰਫ਼ਾ ਢੰਗ ਨਾਲ ਸਮੱਸਿਆ ਪੈਦਾ ਕੀਤੀ ਗਈ ਹੈ।" ਚੀਨ ਦੇ ਰੱਖਿਆ ਮੰਤਰਾਲੇ ਨੇ 29 ਜੂਨ ਨੂੰ ਭਾਰਤੀ ਥਲ ਸੈਨਾ ਮੁਖੀ ਦੇ ਪਹਿਲੇ ਬਿਆਨਾਂ ਨੂੰ ਕੁਝ ਵਧੇਰੇ ਹੀ ਕੜਵਾਹਟ ਭਰੇ ਢੰਗ ਨਾਲ 'ਬਹੁਤ ਜ਼ਿਆਦਾ ਗ਼ੈਰ-ਜ਼ਿੰਮੇਵਾਰਾਨਾ' ਕਰਾਰ ਦਿੱਤਾ ਅਤੇ ਨਾਲ ਹੀ ਇਹ ਦੋਸ਼ ਵੀ ਲਾਇਆ ਕਿ 'ਭਾਰਤੀ ਸਰਹੱਦੀ ਰਾਖਿਆਂ' ਨੇ ਚੀਨ ਦੇ ਅਧਿਕਾਰ-ਖੇਤਰ ਵਿੱਚ ਦਾਖ਼ਲ ਹੋਣ ਦੀ ਜੁਰਅੱਤ ਕੀਤੀ ਹੈ।

ਭਾਰਤ ਨੇ ਉਸ ਤਕਰਾਰ ਨੂੰ ਕੋਈ ਬਹੁਤੀ ਅਹਿਮੀਅਤ ਨਾ ਦਿੱਤੀ ਕਿਉਂਕਿ ਭਾਰਤ ਤੇ ਭੂਟਾਨ ਦੀ ਏਕਤਾ, ਉਹ ਖੇਤਰ ਅਤੇ ਉਸ ਖੇਤਰ ਵਿੱਚ ਫ਼ੌਜੀ ਬਲਾਂ ਦੀ ਤਾਇਨਾਤੀ ਸਭ ਕੁਝ ਭਾਰਤ ਦੇ ਹੱਕ ਵਿੱਚ ਸੀ; ਇਸੇ ਲਈ ਚੀਨ ਨੂੰ ਆਪਣੀ ਭੜਾਸ ਕੱਢ ਲੈਣ ਦਿੱਤੀ ਗਈ। ਦਰਅਸਲ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਰਮਨੀ ਵਿੱਚ ਜੀ-20 ਦੇਸ਼ਾਂ ਦੀ ਮੀਟਿੰਗ ਵਿੱਚ ਭਾਗ ਲੈਣ ਲਈ ਜਾਣ ਤੋਂ ਪਹਿਲਾਂ ਤਿੰਨ ਦਿਨਾਂ ਵਾਸਤੇ ਇਜ਼ਰਾਈਲ ਰੁਕਣਾ ਸੀ; ਇਸੇ ਲਈ ਦਿੱਲੀ ਦੇ ਦੱਖਣੀ ਬਲਾਕ ਭਾਵ ਭਾਰਤੀ ਵਿਦੇਸ਼ ਮੰਤਰਾਲੇ ਨੇ ਇਹੋ ਸੋਚਿਆ ਕਿ ਚੀਨ ਦਾ ਇਹ ਰਾਗ ਆਪੇ ਬੰਦ ਹੋ ਜਾਵੇਗਾ।

ਪਰ ਨਵੀਂ ਦਿੱਲੀ ਵਿਚ ਚੀਨ ਦੇ ਸਫ਼ੀਰ ਨੇ ਸਥਿਤੀ ਨੂੰ 'ਬਹੁਤ ਗੰਭੀਰ' ਆਖ ਕੇ ਮਾਮਲੇ ਨੂੰ ਹੋਰ ਹਵਾ ਦੇ ਦਿੱਤੀ। ਉਸ ਨੇ ਦਲੀਲ ਦਿੱਤੀ ਕਿ ਭਾਰਤ ਨੂੰ ਇਹ ਮਸਲਾ ਹੱਲ ਕਰਨਾ ਹੋਵੇਗਾ ਕਿਉਂਕਿ ਉਸ ਨੂੰ ਚੀਨ-ਭੂਟਾਨ ਸਰਹੱਦੀ ਵਾਰਤਾ ਵਿਚ ਦਖ਼ਲ ਦੇਣ ਅਤੇ ਭੂਟਾਨ ਦੀ ਤਰਫ਼ੋਂ ਕਿਸੇ ਖੇਤਰ ਬਾਰੇ ਦਾਅਵੇ ਕਰਨ ਦਾ ਕੋਈ ਅਧਿਕਾਰ ਨਹੀਂ ਹੈ।

ਇਹ ਕੂਟਨੀਤਕ ਦਮਗਜਾ ਵੀ ਹੋ ਸਕਦਾ ਹੈ ਅਤੇ ਸਾਊਥ ਬਲਾਕ ਚੀਨ ਦੇ ਮੰਤਵਾਂ ਬਾਰੇ ਕੋਈ ਅਨੁਮਾਨ ਨਹੀਂ ਲਾਉਣੇ ਚਾਹ ਰਿਹਾ। ਪਰ ਇਹ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਇਹ ਸਾਰੀਆਂ ਘਟਨਾਵਾਂ 26 ਜੂਨ ਨੂੰ ਮੋਦੀ-ਟਰੰਪ ਦੀ ਮਿਲਣੀ ਤੋਂ ਬਾਅਦ ਹੀ ਵਾਪਰੀਆਂ ਹਨ। ਇਹ ਸੰਭਵ ਹੈ ਕਿ ਪੀਪਲ'ਜ਼ ਲਿਬਰੇਸ਼ਨ ਆਰਮੀ ਭਾਵ ਚੀਨੀ ਫ਼ੌਜ ਡੋਕਲਾਮ ਖੇਤਰ ਵਿੱਚ ਨਿੱਤ ਹੀ ਅੱਗੇ ਵਧਦੀ ਰਹੀ ਹੋਵੇ ਕਿ ਤਾਂ ਜੋ ਉਹ ਇਸ ਖੇਤਰ ਉੱਤੇ ਕਬਜ਼ਾ ਕਰ ਸਕੇ ਅਤੇ ਉਸ ਨੂੰ ਸੜਕ ਰਸਤੇ ਨਾਲ ਜੋੜ ਸਕੇ ਕਿਉਂਕਿ ਇਸ ਨਾਲ ਫ਼ੌਜ ਦੀ ਤਾਇਨਾਤੀ ਵਿੱਚ ਲਾਭ ਪੁੱਜੇਗਾ। ਇਹ ਸੰਭਾਵਨਾ ਵੀ ਹੋ ਸਕਦੀ ਹੈ ਕਿ ਭੂਟਾਨੀ ਖੇਤਰ ਵਿੱਚ ਘੁਸਪੈਠ ਕਰ ਕੇ ਚੀਨੀ ਇਹ ਪਰਖਣਾ ਚਾਹੁੰਦੇ ਹੋਣ ਕਿ ਭਾਰਤ-ਭੂਟਾਨ ਗਠਜੋੜ ਵਿਚੋਂ ਕਮਜ਼ੋਰ ਧਿਰ ਕਿਹੜੀ ਹੈ ਤੇ ਕੀ ਉਸ ਨੂੰ ਅਜਿਹੀਆਂ ਧਮਕੀਆਂ ਨਾਲ ਡਰਾਇਆ ਜਾ ਸਕਦਾ ਹੈ। ਜੇ ਭੂਟਾਨ ਵਿੱਚ ਚੀਨ ਦੀ ਵਧਦੀ ਜਾ ਰਹੀ ਘੁਸਪੈਠ ਨੂੰ ਰੋਕਣ ਲਈ ਭਾਰਤ ਅੱਗੇ ਨਾ ਆਉਂਦਾ ਤਾਂ ਭੂਟਾਨ ਨੂੰ ਭਾਰਤ ਦੀ ਭਰੋਸੇਯੋਗਤਾ ਉੱਤੇ ਕਿੰਤੂ ਕਰਨ ਦਾ ਅਧਿਕਾਰ ਮਿਲ ਜਾਣਾ ਸੀ।

ਇਹ ਵੀ ਸੰਭਵ ਹੈ ਕਿ ਚੀਨ ਨੇ ਟਰੰਪ-ਮੋਦੀ ਮੁਲਾਕਾਤ ਦੀ ਅਹਿਮੀਅਤ ਦਾ ਕੋਈ ਗ਼ਲਤ ਮਤਲਬ ਕੱਢ ਲਿਆ ਹੋਵੇ। ਭਾਰਤ ਅਤੇ ਅਮਰੀਕਾ ਦੇ ਸਾਂਝੇ ਬਿਆਨ ਵਿੱਚ ਤਾਂ ਬਿਨਾਂ ਨਾਮ ਲਏ ਇਹ ਸਪਸ਼ਟ ਹੀ ਕਰ ਦਿੱਤਾ ਗਿਆ ਸੀ ਕਿ ਨਿਯਮਾਂ ਉੱਤੇ ਆਧਾਰਤ ਕੌਮਾਂਤਰੀ ਵਿਵਸਥਾ, ਮਹਾਂਸਾਗਰਾਂ ਦੀ ਆਜ਼ਾਦੀ ਅਤੇ ਏਸ਼ਿਆਈ ਸੁਰੱਖਿਆ ਨੂੰ ਚੀਨ ਤੋਂ ਵੱਡਾ ਖ਼ਤਰਾ ਹੈ। ਪ੍ਰਸ਼ਾਂਤ ਮਹਾਂਸਾਗਰ ਪਾਰ ਦੀ ਭਾਈਵਾਲੀ ਅਤੇ ਮਾਰ-ਓ ਲਾਗਾ ਵਿਚ ਚੀਨ ਨਾਲ ਲੈਣ-ਦੇਣ ਦੇ ਸਮਝੌਤੇ ਤੋਂ ਟਰੰਪ ਦੇ ਪਿਛਾਂਹ ਹਟ ਜਾਣ ਨਾਲ ਚੀਨ ਦੇ ਰਾਸ਼ਟਰਪਤੀ ਸ਼ੀ ਚਿਨਪਿੰਗ ਨੇ ਸ਼ਾਇਦ ਭੁਲੇਖੇ ਨਾਲ ਕਿਤੇ ਇਹ ਸਮਝ ਲਿਆ ਹੋਵੇ ਕਿ ਅਮਰੀਕਾ ਹੁਣ ਚੀਨ ਨੂੰ ਰੋਕਣ ਲਈ ਰਾਸ਼ਟਰਪਤੀ ਬਰਾਕ ਓਬਾਮਾ ਵਾਂਗ ਸਿੱਧੇ ਤੌਰ 'ਤੇ ਜਾਂ ਏਸ਼ੀਆ ਦੇ 'ਡੈਮੋਕਰੈਟਿਕ ਵਫ਼ਾਦਾਰਾਂ' ਨਾਲ ਹੱਥ ਮਿਲਾ ਕੇ ਅਸਿੱਧੇ ਤੌਰ 'ਤੇ ਆਪਣੇ ਫ਼ੌਜੀ ਵਸੀਲੇ ਵਰਤਣ ਦਾ ਚਾਹਵਾਨ ਨਹੀਂ ਰਿਹਾ। ਦੱਖਣੀ ਚੀਨ ਸਾਗਰ ਵਿੱਚ ਖ਼ੁਦ ਨੂੰ ਮਜ਼ਬੂਤ ਕਰਨ ਤੋਂ ਬਾਅਦ ਚੀਨ ਹੁਣ ਭਾਰਤ ਉੱਤੇ ਆਪਣਾ ਦਬਾਅ ਵੀ ਵਧਾਉਂਦਾ ਹੋ ਸਕਦਾ ਹੈ, ਤਾਂ ਜੋ ਉਹ ਦਲਾਈ ਲਾਮਾ ਦੀ ਭੂਮਿਕਾ ਉੱਤੇ ਕਾਬੂ ਪਾਉਣਾ ਯਕੀਨੀ ਬਣਾ



ਸਕੇ ਜਾਂ ਫਿਰ ਉਹ ਸਬੰਧਤ ਖੇਤਰੀ-ਪੱਟੀਆਂ ਅਤੇ ਸੜਕ-ਉਸਾਰੀ ਦੀਆਂ ਆਪਣੀਆਂ ਪਹਿਲਕਦਮੀਆਂ ਉੱਤੇ ਭਾਰਤ ਵੱਲੋਂ ਪ੍ਰਗਟਾਏ ਇਤਰਾਜ਼ਾਂ ਦੇ ਪ੍ਰਤੀਕਰਮ ਵਜੋਂ ਅਜਿਹਾ ਕਰ ਰਿਹਾ ਹੋਵੇ।

ਚੀਨ ਨੇ ਭਾਵੇਂ ਨੋਟਿਸ ਕੀਤਾ ਹੈ ਜਾਂ ਨਹੀਂ, ਪਰ ਕੁਝ ਅਜਿਹਾ ਵਾਪਰਿਆ ਹੈ ਕਿ ਜਿਸ ਕਾਰਨ ਟਰੰਪ ਨੇ ਚੀਨ ਨਾਲ ਸਾਂਝੀਆਂ ਗਤੀਵਿਧੀਆਂ ਬੰਦ ਕਰ ਦਿੱਤੀਆਂ ਹਨ। ਅਜਿਹਾ ਸ਼ਾਇਦ ਕੋਰੀਆ ਜਮਹੂਰੀ ਗਣਰਾਜ (ਉੱਤਰੀ ਕੋਰੀਆ) ਦੀਆਂ ਖ਼ਤਰਨਾਕ ਮਿਸਾਈਲਾਂ ਤੇ ਪਰਮਾਣੂ ਹਥਿਆਰਾਂ ਦੀ ਸਮਰੱਥਾ ਨੂੰ ਨਾ ਰੋਕਣ ਦੀ ਚੀਨ ਦੀ ਅੜੀ ਜਾਂ ਉਸ ਦੀ ਅਸਮਰੱਥਾ ਕਾਰਨ ਹੋ ਸਕਦਾ ਹੈ। ਕੋਰੀਆ ਨੇ ਹੁਣ ਇੱਕ ਤੋਂ ਦੂਜੇ ਮਹਾਂਦੀਪ ਤਕ ਮਾਰ ਕਰਨ ਵਾਲੀ ਬੈਲਿਸਟਿਕ ਮਿਸਾਈਲ ਦੀ ਸਫ਼ਲ ਅਜ਼ਮਾਇਸ਼ ਕੀਤੀ ਹੈ, ਜਿਸ ਦੇ ਅਮਰੀਕਾ ਦੀ ਧਰਤੀ ਤਕ ਮਾਰ ਕਰਨ ਦੀ ਸੰਭਾਵਨਾ ਪ੍ਰਗਟ ਕੀਤੀ ਜਾ ਰਹੀ ਹੈ। ਅਜਿਹੀਆਂ ਗੱਲਾਂ ਨਾਲ ਟਰੰਪ ਹੋਰ ਪਰੇਸ਼ਾਨ ਹੋ ਸਕਦੇ ਹਨ। ਇਸ ਤੋਂ ਪਹਿਲਾਂ ਉਹ ਅਮਰੀਕੀ ਵਿਦਿਆਰਥੀ ਔਟੋ ਵਾਰੰਬੀਅਰ ਦੀ ਮੌਤ ਤੋਂ ਵੀ ਪਰੇਸ਼ਾਨ ਹੋਏ ਸਨ, ਜਿਸ ਨੂੰ ਕੋਰੀਆ ਨੇ ਕੋਮਾ ਦੀ ਹਾਲਤ ਵਿੱਚ ਵਾਪਸ ਭੇਜਿਆ ਸੀ ਅਤੇ ਹਾਲੇ ਤਕ ਉਹ ਮਾਮਲਾ ਵੀ ਇੱਕ ਭੇਤ ਬਣਿਆ ਹੋਇਆ ਹੈ। ਰਾਸ਼ਟਰਪਤੀ ਬਣਨ ਤੋਂ ਪਹਿਲਾਂ ਟਰੰਪ ਨੇ ਕੋਰੀਆ ਦੇ ਅਜਿਹੇ ਵਿਹਾਰ ਲਈ ਚੀਨ ਨੂੰ ਦੋਸ਼ੀ ਠਹਿਰਾਇਆ ਸੀ, ਪਰ ਅਪ੍ਰੈਲ ਮਹੀਨੇ ਚੀਨ ਦੇ ਰਾਸ਼ਟਰਪਤੀ ਸ਼ੀ ਚਿਨਪਿੰਗ ਨਾਲ 10 ਮਿੰਟ ਗੱਲਬਾਤ ਤੋਂ ਬਾਅਦ ਉਨ੍ਹਾਂ ਆਪਣੇ ਵਿਚਾਰ ਬਦਲ ਲਏ ਸਨ। ਕੁਝ ਚੀਨੀ ਰਿਪੋਰਟਾਂ ਤੋਂ ਪਤਾ ਲੱਗਾ ਸੀ ਕਿ ਟਰੰਪ ਵੱਲੋਂ ਉੱਤਰੀ ਕੋਰੀਆ ਬਾਰੇ ਸਮੇਂ ਸਮੇਂ ਕੀਤੀਆਂ ਫ਼ੋਨ ਕਾਲਾਂ ਕਰਨ ਕਰਕੇ ਸ਼ੀ ਚਿਨਪਿੰਗ ਕੁਝ ਖਿੱਝ ਗਏ ਸਨ ਕਿਉਂਕਿ ਉਨ੍ਹਾਂ ਕਦੇ ਉਸ ਦੇਸ਼ ਬਾਰੇ ਸੋਚਿਆ ਵੀ ਨਹੀਂ ਹੈ। ਵਾਰੰਬੀਅਰ ਦੀ ਮੌਤ ਪਿੱਛੋਂ 21 ਜੂਨ ਨੂੰ ਟਰੰਪ ਨੇ ਟਵੀਟ ਕੀਤਾ ਸੀ ਕਿ 'ਉੱਤਰੀ ਕੋਰੀਆ ਨਾਲ ਗੱਲਬਾਤ ਕਰਨ ਲਈ ਰਾਸ਼ਟਰਪਤੀ ਸ਼ੀ ਅਤੇ ਚੀਨ ਨੇ ਉਪਰਾਲੇ ਕੀਤੇ, ਪਰ ਉਨ੍ਹਾਂ ਦਾ ਕੋਈ ਲਾਭ ਨਹੀਂ ਹੋਇਆ।'

ਇਹ ਸੰਭਾਵਨਾ ਹੈ ਕਿ ਮੋਦੀ ਦਾ ਇਹ ਦੌਰਾ ਬਹੁਤ ਵੇਲੇ ਸਿਰ ਹੋਇਆ ਹੈ ਤੇ ਇਸ ਨਾਲ ਭਾਰਤ ਨੂੰ ਹੀ ਲਾਭ ਪੁੱਜੇਗਾ ਕਿਉਂਕਿ ਹੁਣ ਟਰੰਪ ਸ਼ਾਇਦ ਚੀਨ ਬਾਰੇ ਆਪਣੀ ਨੀਤੀ ਉੱਤੇ ਮੁੜ ਵਿਚਾਰ ਕਰ ਰਹੇ ਹਨ। ਅਮਰੀਕੀ ਸਮੁੰਦਰੀ ਜਹਾਜ਼ਾਂ ਦੇ ਦੱਖਣੀ ਚੀਨ ਦੇ ਸਮੁੰਦਰ ਵਿੱਚ ਤੀਖਣ ਗਸ਼ਤ ਤੋਂ ਇਹ ਪੁਸ਼ਟੀ ਹੁੰਦੀ ਹੈ ਕਿ ਅਮਰੀਕਾ ਨੇ ਚੀਨ ਪ੍ਰਤੀ ਆਪਣੀ ਪਹੁੰਚ ਵਿੱਚ ਸੋਧ ਕੀਤੀ ਹੈ। ਜੀ-20 ਦੇਸ਼ਾਂ ਦੇ ਸਿਖ਼ਰ ਸੰਮੇਲਨ ਦੌਰਾਨ ਟਰੰਪ-ਸ਼ੀ ਚਿਨਪਿੰਗ ਦੇ ਹੱਥ ਮਿਲਾਉਣ ਤੋਂ ਬਾਅਦ ਅਜਿਹੀ ਨੀਤੀ ਵਿੱਚ ਮੁੜ ਦਾਅਪੇਚਾਂ ਨਾਲ ਕੋਈ ਤਬਦੀਲੀ ਹੋ ਸਕਦੀ ਹੈ; ਇਸ ਬਾਰੇ ਸਭ ਦੀ ਉਤਸੁਕਤਾ ਕਾਇਮ ਹੈ। ਇਸ ਕਹਾਣੀ ਤੋਂ ਇਹੋ ਸਿੱਖਿਆ ਮਿਲਦੀ ਹੈ ਕਿ ਅਮਰੀਕੀ ਰਾਸ਼ਟਰਪਤੀ ਦੇ ਸਨਕੀ ਹੋਣ ਕਾਰਨ ਭਾਰਤ ਅਤੇ ਚੀਨ ਵੱਲੋਂ ਉਨ੍ਹਾਂ ਦੇ ਅਨੁਮਾਨਿਤ ਵਿਹਾਰ ਦੇ ਆਧਾਰ ਉੱਤੇ ਸਰਹੱਦੀ ਨੀਤੀ ਉਲੀਕਣ ਦੀ ਬੱਜਰ ਗ਼ਲਤੀ ਕੀਤੀ ਜਾ ਸਕਦੀ ਹੈ।

ਮੋਦੀ ਅਤੇ ਸ਼ੀ ਚਿਨਪਿੰਗ ਜਰਮਨੀ ਵਿਚ ਜੀ-20 ਸਿਖ਼ਰ ਸੰਮੇਲਨ ਵਿੱਚ ਭਾਗ ਲੈ ਰਹੇ ਹਨ। ਸ਼ੀ ਚਿਨਪਿੰਗ ਰੂਸ ਅਤੇ ਜਰਮਨੀ ਦੀ ਦੁਵੱਲੀ ਯਾਤਰਾ ਕਰਦੇ ਹੋਏ ਉਸ ਸੰਮੇਲਨ ਵਿੱਚ ਪੁੱਜਣਗੇ। ਮੋਦੀ ਉੱਥੇ ਆਪਣੀ ਤਿੰਨ ਦਿਨਾ ਇਜ਼ਰਾਈਲ ਯਾਤਰਾ ਤੋਂ ਬਾਅਦ ਪੁੱਜ ਰਹੇ ਹਨ। ਜੇ ਉੱਥੇ ਉਨ੍ਹਾਂ ਦੀ ਮੁਲਾਕਾਤ ਨਹੀਂ ਹੁੰਦੀ, ਤਾਂ ਇਹੋ ਅਨੁਮਾਨ ਲਾਏ ਜਾਣਗੇ ਕਿ ਚੀਨ ਇਸ ਗੱਲ ਤੋਂ ਪਰੇਸ਼ਾਨ ਹੈ ਕਿ ਡੋਕਲਾਮ ਵਿਚ ਭਾਰਤ ਉਸ ਨੂੰ ਅੱਗੇ ਵਧਣ ਤੋਂ ਰੋਕ ਰਿਹਾ ਹੈ। ਜੇ ਉਹ ਮੁਲਾਕਾਤ ਕਰ ਲੈਂਦੇ ਹਨ ਤਾਂ ਉਨ੍ਹਾਂ ਨੂੰ ਇਹ ਰੇੜਕਾ ਖ਼ਤਮ ਕਰਨ ਅਤੇ ਹੱਲ ਲੱਭਣ ਲਈ ਮਜਬੂਰ ਕੀਤਾ ਜਾਵੇਗਾ ਅਤੇ ਦੋਵੇਂ ਆਪਸ ਵਿਚ ਗੱਲਬਾਤ ਕਰ ਸਕਣਗੇ। ਸ਼ੀ ਚਿਨਪਿੰਗ ਨੂੰ ਹੁਣ ਇੱਕ ਪਾਸੇ ਤਾਂ ਉਸ ਅਮਰੀਕਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਹੜਾ ਮੁੜ ਹੱਠਧਰਮੀ ਉੱਤੇ ਉਤਰ ਆਇਆ ਹੈ ਅਤੇ ਉਸ ਨੇ ਦੱਖਣੀ ਕੋਰੀਆ ਨਾਲ ਸਾਂਝਾ ਮਿਸਾਈਲ ਅਭਿਆਸ ਵੀ ਕੀਤਾ ਹੈ ਅਤੇ ਦੂਜੇ ਪਾਸੇ ਦ੍ਰਿੜ੍ਹ ਭਾਰਤ ਹੈ, ਜੋ ਡੋਕਲਾਮ ਦੇ ਤੀਹਰੇ ਜੰਕਸ਼ਨ ਵਾਲੇ ਖੇਤਰ ਦੇ ਮਾਮਲੇ ਵਿੱਚ ਪਿੱਛੇ ਹਟਣ ਲਈ ਤਿਆਰ ਨਹੀਂ ਹੈ ਕਿਉਂਕਿ ਉਹੀ ਇਲਾਕਾ ਸਮੁੱਚੇ ਭਾਰਤ ਨੂੰ ਉਸ ਦੇ ਪੂਰਬੀ ਸੂਬਿਆਂ ਨਾਲ ਜੋੜਦਾ ਹੈ। ਦੋਵੇਂ ਰਾਸ਼ਟਰਵਾਦੀ ਆਗੂਆਂ ਨੂੰ ਇਸ ਸੰਕਟ ਦਾ ਕੋਈ ਸਨਮਾਨਯੋਗ ਹੱਲ ਲੱਭਣ ਦੀ ਜ਼ਰੂਰਤ ਹੈ।

ਸ਼ੀ ਨੂੰ ਨੈਤਿਕ ਦਬਦਬੇ ਦੀ ਲੋੜ ਹੈ ਕਿਉਂਕਿ ਪੰਜ ਸਾਲਾ ਪਾਰਟੀ ਕਾਂਗਰਸ ਹੁਣ ਨੇੜੇ ਹੈ, ਜਿਸ ਨੇ ਫ਼ੈਸਲਾ ਕਰਨਾ ਹੈ ਕਿ ਅਗਲੇ ਪੰਜ ਵਰ੍ਹੇ ਤੇ ਉਸ ਤੋਂ ਬਾਅਦ ਚੀਨ ਉੱਤੇ ਹਕੂਮਤ ਕੌਣ ਕਰੇਗਾ। ਉੱਧਰ, ਮੋਦੀ ਆਪਣੇ 'ਭਾਰਤ ਮਾਤਾ' ਦੇ ਰਾਖੇ ਦੇ ਆਪਣੇ ਅਕਸ ਤੋਂ ਪਿਛਾਂਹ ਨਹੀਂ ਹਟ ਸਕਦੇ। ਗੁਆਚੇ ਮਾਣ ਨੂੰ ਬਹਾਲ ਕਰਨ ਲਈ ਇਹ 'ਰਾਸ਼ਟਰੀ ਸ਼ਰਮ' ਦਾ 1962 ਵਾਲਾ ਜਾਂ 1987 ਦੇ 'ਅਪਰੇਸ਼ਨ ਫ਼ਾਲਕਨ' ਵਾਲਾ ਛਿਣ ਵੀ ਨਹੀਂ ਹੈ। ਨਿਸ਼ਚਿਤ ਤੌਰ 'ਤੇ ਇਹ ਦੋਵੇਂ ਆਗੂਆਂ ਲਈ ਇੱਕ ਸੁਰੱਖਿਅਤ ਏਸ਼ੀਆ ਵੱਲ ਕਦਮ ਅੱਗੇ ਵਧਾਉਣ ਵਾਸਤੇ ਪੁਨਰ-ਮੁਲਾਂਕਣ ਦਾ ਵੇਲਾ ਹੈ। ਉਂਜ, ਦੋਵੇਂ ਰਹਿਨੁਮਾਵਾਂ ਨੂੰ ਇਹ ਜ਼ਰੂਰ ਚੇਤੇ ਰੱਖਣਾ ਚਾਹੀਦਾ ਹੈ ਕਿ ਪਹਿਲੀ ਵਿਸ਼ਵ ਜੰਗ ਕੇਵਲ ਇੱਕ ਗੋਲੀ ਨਾਲ ਹੀ ਸ਼ੁਰੂ ਹੋਈ ਸੀ।

**(* ਲੇਖਕ ਭਾਰਤੀ ਵਿਦੇਸ਼ ਮੰਤਰਾਲੇ ਦਾ ਸਾਬਕਾ ਸਕੱਤਰ ਹੈ।)**

## ਗੈਂਗਸਟਰਾਂ ਨੂੰ ਪਨਾਹ ਦੇਣ ਵਾਲੇ ਪਰਵਾਸੀ ਪੰਜਾਬੀ ਦੀ ਅਗਾਊਂ ਜ਼ਮਾਨਤ ਅਰਜ਼ੀ ਰੱਦ

**ਮੋਗਾ/ਬਿਊਰੋ ਨਿਊਜ਼ :**

ਨਾਭਾ ਜੇਲ੍ਹ ਬਰੇਕ ਕਾਂਡ ਵਿੱਚ ਨਾਮਜ਼ਦ ਗੈਂਗਸਟਰ ਗੁਰਪ੍ਰੀਤ ਸਿੰਘ ਸੇਖੋਂ ਤੇ ਉਸ ਦੇ ਸਾਥੀਆਂ ਨੂੰ ਪਨਾਹ ਦੇਣ ਤੋਂ ਇਲਾਵਾ ਹਥਿਆਰ ਖ਼ਰੀਦਣ ਲਈ ਮਾਲੀ ਮੱਦਦ ਕਰਨ ਦੇ ਦੋਸ਼ਾਂ ਵਿੱਚ ਘਿਰੇ ਪਰਵਾਸੀ ਪੰਜਾਬੀ ਨੂੰ ਸੁਪਰੀਮ ਕੋਰਟ ਤੋਂ ਵੀ ਰਾਹਤ ਨਹੀਂ ਮਿਲ ਸਕੀ ਹੈ। ਉਸ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਹੋਣ ਤੋਂ ਬਾਅਦ ਥਾਣਾ ਅਜੀਤਵਾਲ ਪੁਲੀਸ ਨੇ ਉਸ ਨੂੰ ਭਗੌੜਾ ਐਲਾਨਣ ਦੀ ਕਵਾਇਦ ਸ਼ੁਰੂ ਕਰ ਦਿੱਤੀ ਹੈ। ਇਸ ਕੇਸ ਦੇ ਤਫ਼ਤੀਸ਼ੀ ਅਫ਼ਸਰ ਥਾਣਾ ਅਜੀਤਵਾਲ ਦੇ ਏਐਸਆਈ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਪਰਵਾਸੀ ਪੰਜਾਬੀ ਕੁਲਤਾਰ ਸਿੰਘ ਉਰਫ ਗੋਲਡੀ (ਪਿੰਡ ਢੁੱਡੀਕੇ) ਅਤੇ ਉਸ ਦੇ ਸਾਥੀ ਗੁਰਵਿੰਦਰ ਸਿੰਘ ਉਰਫ ਗੋਰੀ ਵਾਸੀ ਦਸਮੇਸ਼ ਨਗਰ ਮੋਗਾ ਦੀ ਅਗਾਊਂ ਜ਼ਮਾਨਤ ਅਰਜ਼ੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ ਰੱਦ ਹੋਣ ਮਗਰੋਂ ਸੁਪਰੀਮ ਕੋਰਟ ਕੋਲੋਂ ਵੀ ਖ਼ਾਰਜ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਦੋਵੇਂ ਮੁਲਜ਼ਮਾਂ ਨੂੰ ਭਗੌੜਾ ਕਰਾਰ ਦੇਣ ਦੀ ਕਾਰਵਾਈ ਚੱਲ ਰਹੀ ਹੈ।

ਗ਼ੌਰਤਲਬ ਹੈ ਕਿ ਵਿਧਾਨ ਸਭਾ ਚੋਣਾਂ ਦੌਰਾਨ ਇਸ ਪਰਵਾਸੀ ਪੰਜਾਬੀ ਨੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਡਟ ਕੇ ਚੋਣ ਪ੍ਰਚਾਰ ਕੀਤਾ ਸੀ। ਉਸ ਨੇ ਆਪਣੀ ਅਗਾਊਂ ਜ਼ਮਾਨਤ ਦੀ ਅਰਜ਼ੀ ਵਿੱਚ ਦਾਅਵਾ ਕੀਤਾ ਸੀ ਕਿ ਉਹ 2009 ਤੋਂ ਆਸਟਰੇਲੀਆ ਵਿੱਚ ਰਹਿ ਰਿਹਾ ਹੈ ਤੇ ਇਸ ਵਰ੍ਹੇ ਇੱਕ ਮਹੀਨੇ ਲਈ 23 ਜਨਵਰੀ ਨੂੰ ਭਾਰਤ ਆਇਆ ਸੀ। ਉਸ ਨੇ 24 ਫਰਵਰੀ ਨੂੰ ਵਾਪਸ ਜਾਣਾ ਸੀ। ਉਹ 12 ਫਰਵਰੀ ਨੂੰ ਲੁਧਿਆਣਾ ਵਿੱਚ ਮੈਡੀਕਲ ਚੈਕਅੱਪ ਕਰਵਾਉਣ ਗਿਆ ਹੋਇਆ ਸੀ ਕਿ ਪਨਾਹ ਮਾਮਲੇ ਵਿੱਚ ਨਾਮਜ਼ਦ ਗੁਰਵਿੰਦਰ ਸਿੰਘ ਉਰਫ ਗੋਰੀ ਨੇ ਫੋਨ 'ਤੇ ਕਿਹਾ ਕਿ ਉਸ ਦੇ ਰਿਸ਼ਤੇਦਾਰ ਮੁਸੀਬਤ ਵਿੱਚ ਹਨ। ਉਸ ਨੂੰ ਨਹੀਂ ਪਤਾ ਸੀ ਕਿ ਗੋਰੀ ਨੇ ਜਿਨ੍ਹਾਂ ਨੂੰ ਆਪਣੇ ਰਿਸ਼ਤੇਦਾਰ ਦੱਸ ਕੇ ਉਸ ਦੇ ਘਰ ਲਿਆਂਦਾ, ਉਹ ਗੈਂਗਸਟਰ ਹਨ।

## ਸਿੱਖ ਕੌਮ ਨੂੰ ਇੱਕ ਮੰਚ 'ਤੇ ਲਿਆਉਣ ਲਈ ਮਹਾਂ ਸਿੱਖ ਸੰਮੇਲਨ ਸੱਦਾਂਗੇ : ਭਾਈ ਧਿਆਨ ਸਿੰਘ ਮੰਡ

**ਸੰਗਰੂਰ/ਬਿਊਰੋ ਨਿਊਜ਼ :** ਸਮੁੱਚੀ ਸਿੱਖ ਕੌਮ ਨੂੰ ਇੱਕ ਮੰਚ 'ਤੇ ਇਕੱਠਾ ਕਰਨ ਲਈ ਦੋ ਮਹੀਨਿਆਂ ਬਾਅਦ ਪੰਜਾਬ ਵਿੱਚ 'ਮਹਾਂ ਸਿੱਖ ਸੰਮੇਲਨ' ਕੀਤਾ ਜਾਵੇਗਾ, ਜਿਸ ਵਿੱਚ ਸਿੱਖ ਕੌਮ ਦੇ ਭਵਿੱਖ ਦਾ ਏਜੰਡਾ ਰੱਖਿਆ ਜਾਵੇਗਾ। ਇਹ ਪ੍ਰਗਟਾਵਾ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਇੱਥੇ ਗੁਰਦੁਆਰਾ ਅਕਾਲਸਰ ਸਾਹਿਬ ਵਿਖੇ ਕੀਤਾ। ਉਹ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਲਈ ਚਲਾਈ ਮੁਹਿੰਮ ਤਹਿਤ ਜ਼ਿਲ੍ਹਾ ਭਰ ਦੇ ਗ੍ਰੰਥੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਨ ਲਈ ਪੁੱਜੇ ਸਨ। ਉਨ੍ਹਾਂ ਕਿਹਾ ਕਿ ਸਿੱਖ ਪੰਥ ਵੱਲੋਂ ਕੁਰਬਾਨੀਆਂ ਦੇ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੋਂਦ ਵਿੱਚ ਲਿਆਂਦੀ ਗਈ ਸੀ ਪਰ ਪਿਛਲੇ ਲੰਮੇ ਸਮੇਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਤਖ਼ਤਾਂ 'ਤੇ ਕਾਬਜ਼ ਜਥੇਦਾਰਾਂ ਨੇ ਸਿੱਖ ਪੰਥ ਅਤੇ ਕੌਮ ਦੇ ਹਿਤਾਂ ਨੂੰ ਪਹਿਲ ਦੇਣ ਦੀ ਬਜਾਏ ਸਮੇਂ ਦੀਆਂ ਸਰਕਾਰਾਂ ਅਤੇ ਨਿੱਜੀ ਮੁਫ਼ਾਦਾਂ ਨੂੰ ਪਹਿਲ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਲਈ ਸ਼੍ਰੋਮਣੀ ਕਮੇਟੀ ਪੂਰਨ ਰੂਪ ਵਿੱਚ ਮਰ ਚੁੱਕੀ ਹੈ, ਜਿਸ ਤੋਂ ਕੌਮ ਨੂੰ ਕੋਈ ਉਮੀਦ ਨਹੀਂ ਹੈ। ਐਸਜੀਪੀਸੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਭਾਵੇਂ ਸੁਧਾਰ ਕਰਨਾ ਚਾਹੁੰਦੇ ਹਨ ਪ੍ਰੰਤੂ



ਉਹ ਬੇਵੱਸ ਹਨ। ਬਹਿਬਲ ਕਲਾਂ ਕਾਂਡ ਲਈ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਜ਼ਿੰਮੇਵਾਰ ਠਹਿਰਾਉਣ ਦੇ ਦਿੱਤੇ ਬਿਆਨ 'ਤੇ ਜਥੇਦਾਰ ਮੰਡ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਬਿਆਨਬਾਜ਼ੀ ਤੋਂ ਉਪਰ ਉਠ ਕੇ ਅਮਲੀ ਰੂਪ ਵਿੱਚ ਕਾਰਵਾਈ ਕਰਨੀ ਚਾਹੀਦੀ ਹੈ।

# ਕਿਸਾਨਾਂ ਦੀਆਂ ਲਗਾਤਾਰ ਖ਼ੁਦਕੁਸ਼ੀਆਂ ਲਈ ਜ਼ਿੰਮੇਵਾਰ ਕੌਣ... ?

**ਰਿਚਾ ਜੈਨ ਕਾਲਰਾ**

**ਜੇ ਸਰਕਾਰ ਹੁਣ ਨਾ ਜਾਗੀ ਤਾਂ ਕਿਸਾਨੀ ਛੱਡਣ ਵਾਲਿਆਂ ਦੀ ਗਿਣਤੀ ਲਗਾਤਾਰ ਵਧਦੀ ਜਾਵੇਗੀ। ਦੇਸ਼ ਲਈ ਅਨਾਜ ਪੈਦਾ ਕਰਨ ਵਾਲੇ ਕਿਸਾਨਾਂ ਦਾ ਆਪਣਾ ਭਾਂਡਾ ਖਾਲੀ ਹੋਵੇਗਾ ਤਾਂ ਦੇਸ਼ ਦਾ ਢਿੱਡ ਬਹੁਤ ਦਿਨਾਂ ਤਕ ਭਰਿਆ ਨਹੀਂ ਰਹਿ ਸਕਦਾ। ਬਾਹਰੋਂ ਮੰਗ ਕੇ ਅਸੀਂ ਭਾਵੇਂ ਆਪਣੀ ਥਾਲੀ ਭਰ ਲਈਏ, ਪਰ ਅਸੀਂ ਹਮੇਸ਼ਾ ਆਪਣੀਆਂ ਖੁਰਾਕੀ ਲੋੜਾਂ ਲਈ ਦੂਜਿਆਂ 'ਤੇ ਨਿਰਭਰ ਨਹੀਂ ਰਹਿ ਸਕਦੇ। ਨੋਟਬੰਦੀ, ਜੀ.ਐਸ.ਟੀ. ਸਮੇਤ ਕਈ ਵੱਡੇ ਅਤੇ ਸਖਤ ਫੈਸਲੇ ਕਰਨ ਵਾਲੀ ਸਰਕਾਰ ਕੀ ਖੇਤੀ ਦੀ ਤਸਵੀਰ ਸੁਧਾਰਨ ਲਈ ਕੋਈ ਨੀਤੀ ਤਿਆਰ ਕਰੇਗੀ ਜਾਂ ਕਿਸਾਨ ਹੁਣ ਵੀ ਕਰਜ਼, ਬਿਚੌਲੀਏ ਅਤੇ ਮਾੜੀ ਸਰਕਾਰੀ ਨੀਤੀਆਂ ਦੀ ਚੱਕੀ 'ਚ ਪਿਸਣ ਲਈ ਮਜਬੂਰ ਹੋਵੇਗਾ।**



ਹਾਲ ਹੀ ਦੇ ਦਿਨਾਂ 'ਚ ਕਿਸਾਨਾਂ ਦੇ ਕਰਜ਼ੇ ਦੀਆਂ ਖ਼ਬਰਾਂ ਕਾਫੀ ਚਰਚਾਵਾਂ 'ਚ ਰਹੀਆਂ। ਮਹਾਰਾਸ਼ਟਰ ਤੋਂ ਲੈ ਕੇ ਮੱਧ ਪ੍ਰਦੇਸ਼ ਅਤੇ ਪੰਜਾਬ 'ਚ ਕਿਸਾਨ ਅੰਦੋਲਨਾਂ ਨੇ ਸਰਕਾਰਾਂ ਨੂੰ ਝੁਕਾਇਆ, ਪਰ ਜੇ ਕਰਜ਼ ਮਾਫ਼ੀ ਹੀ ਸਮੱਸਿਆ ਦਾ ਹੱਲ ਹੁੰਦਾ ਤਾਂ ਆਏ ਦਿਨ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀਆਂ ਖ਼ਬਰਾਂ ਸੁਰਖੀਆਂ ਨਾ ਬਣਦੀਆਂ। ਦੇਸ਼ ਲਈ ਅਨਾਜ, ਫਲ, ਸਬਜ਼ੀ ਉਗਾਉਣ ਵਾਲੇ ਕਿਸਾਨ ਜੇ ਖ਼ੂਨ ਦੇ ਹੰਝੂ ਰੋ ਰਹੇ ਹਨ, ਮੌਤ ਨੂੰ ਗਲੇ ਲਗਾ ਰਹੇ ਹਨ ਤਾਂ ਜ਼ਿੰਮੇਵਾਰ ਸਰਕਾਰ ਹੀ ਨਹੀਂ ਉਹ ਤੰਤਰ ਵੀ ਹੈ, ਜਿਸ ਨੇ ਫ਼ਸਲਾਂ ਦੇ ਭਾਅ ਤੋਂ ਲੈ ਕੇ ਸਪਲਾਈ ਤਕ 'ਤੇ ਕਬਜ਼ਾ ਕੀਤਾ ਹੋਇਆ ਹੈ।

ਮੌਤ ਨੂੰ ਗਲੇ ਲਗਾਉਣ ਵਾਲਾ ਕਿਸਾਨ ਸਿਰਫ਼ ਕਰਜ਼ੇ ਨਾਲ ਹੀ ਨਹੀਂ ਮਰਦਾ, ਉਸ ਨੂੰ ਮਾਰਨ ਵਾਲਾ ਉਹ ਸਿਸਟਮ ਹੈ, ਜੋ ਫ਼ਸਲ ਖ਼ਰਾਬ ਹੋਣ 'ਤੇ ਉਸ ਨੂੰ ਨਿਚੋੜ ਲੈਂਦਾ ਹੈ ਅਤੇ ਬੰਪਰ ਫ਼ਸਲ ਹੋਣ 'ਤੇ ਲਾਗਤ ਤਕ ਪੂਰੀ ਨਹੀਂ ਹੋਣ ਦਿੰਦਾ। ਮਤਲਬ ਦੋਵੇਂ ਪਾਸਿਉਂ ਮਾਰ ਕਿਸਾਨ 'ਤੇ ਹੀ ਪੈਂਦੀ ਹੈ। ਬੰਪਰ ਫ਼ਸਲ ਕਾਰਨ ਪੰਜਾਬ 'ਚ ਆਲੂ ਖੇਤਾਂ 'ਚ ਪਿਆ-ਪਿਆ ਸੜ ਰਿਹਾ ਹੈ। ਇਸ ਨੂੰ ਮੰਡੀਆਂ ਜਾਂ ਕੋਲਡ ਸਟੋਰੇਜ ਤਕ ਪਹੁੰਚਾਉਣ ਦੀ ਲਾਗਤ ਜੋੜ ਦਿਓ ਤਾਂ ਲਾਗਤ ਨਿਕਲਣੀ ਤਾਂ ਦੂਰ ਘਾਟਾ ਹੀ ਕਿਸਾਨਾਂ ਦੀ ਪ੍ਰੇਸ਼ਾਨੀ ਵਧਾ ਦਿੰਦਾ ਹੈ। ਕਿਸਾਨ ਦੀ ਆਲੂ ਦੀ ਫਸਲ ਦੀ ਲਾਗਤ 5 ਰੁਪਏ ਕਿੱਲੋ ਤੋਂ ਘੱਟ ਨਹੀਂ ਹੈ ਅਤੇ ਬਾਜ਼ਾਰ 'ਚ ਬੈਠੇ ਆੜ੍ਹਤੀ ਅਤੇ ਬਿਚੌਲੀਏ ਦੋ ਰੁਪਏ ਕਿੱਲੋ ਤੋਂ ਵੱਧ ਦੇਣ ਲਈ ਤਿਆਰ ਨਹੀਂ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹੀ ਆਲੂ ਦਿੱਲੀ, ਮੁੰਬਈ ਅਤੇ ਹੋਰ ਸ਼ਹਿਰਾਂ ਦੇ ਬਾਜ਼ਾਰਾਂ 'ਚ 15 ਤੋਂ 20 ਰੁਪਏ ਕਿੱਲੋ ਦੇ ਭਾਅ ਵਿਕ ਰਿਹਾ ਹੈ। ਇਸ ਦਾ ਮਤਲਬ ਕਿਸਾਨਾਂ ਦੇ ਹੱਥ ਖਾਲੀ ਅਤੇ ਗਾਹਕਾਂ ਦੀ ਜੇਬ 'ਤੇ ਡਾਕਾ।

ਕਿਸਾਨ ਤੋਂ ਗਾਹਕ ਤੱਕ ਪੁੱਜਦੇ-ਪੁੱਜਦੇ 6 ਤੋਂ 7 ਤਰ੍ਹਾਂ ਦੇ ਬਿਚੌਲੀਆਂ 'ਚੋਂ ਗੁਜਰਨ ਵਾਲੀ ਫ਼ਸਲ ਦਾ ਭਾਅ 900 ਗੁਣਾ ਵੱਧ ਜਾਂਦਾ ਹੈ। ਕਿਸਾਨ ਲੱਖਾਂ ਰੁਪਏ ਦੇ ਕਰਜ਼ੇ ਕਾਰਨ ਆਪਣੀਆਂ ਜਾਨਾਂ ਦੇ ਰਹੇ ਹਨ ਅਤੇ ਬਿਚੌਲੀਏ ਚਾਂਦੀ ਕੁੱਟ ਰਹੇ ਹਨ। ਇਹੋ ਹਾਲ ਦੇਸ਼ 'ਚ ਖ਼ੁਸ਼ਹਾਲ ਖੇਤੀ ਲਈ ਪ੍ਰਸਿੱਧ ਰਹੇ ਪੰਜਾਬ ਦਾ ਹੈ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਸਿਰਫ ਇਕ ਪਹਿਲੂ ਹੈ।

ਅਜਿਹਾ ਨਹੀਂ ਹੈ ਕਿ ਸਰਕਾਰ ਬੇਖਬਰ ਹੈ। ਸਰਕਾਰ ਨੇ ਕੋਲਡ ਸਟੋਰੇਜ ਅਤੇ ਭੰਡਾਰਣ ਦੇ ਜ਼ਰੂਰੀ ਇੰਤਜ਼ਾਮ ਕੀਤੇ ਹੁੰਦੇ ਤਾਂ ਹਜ਼ਾਰਾਂ ਟਨ ਪਿਆਜ਼ ਮੱਧ ਪ੍ਰਦੇਸ਼ 'ਚ ਪਾਣੀ ਵਿੱਚ ਪਏ-ਪਏ ਖਰਾਬ ਨਾ ਹੁੰਦੇ। ਕਿਸਾਨਾਂ ਤੋਂ 8 ਰੁਪਏ ਕਿੱਲੋ ਦੇ ਭਾਅ ਨਾਲ ਖਰੀਦੇ ਪਿਆਜ਼ ਸਰਕਾਰ 2 ਤੋਂ 3 ਰੁਪਏ ਕਿਲੋ ਦੇ ਭਾਅ 'ਤੇ ਨੀਲਾਮ ਕਰ ਰਹੀ ਹੈ।

ਅਜਿਹਾ ਇਸ ਲਈ ਕਿ ਪਿਆਜ਼ ਦੀ ਬੰਪਰ ਫ਼ਸਲ ਨੂੰ ਰੱਖਣ ਲਈ ਲੋੜੀਂਦੇ ਗੋਦਾਮ ਨਹੀਂ ਹਨ। ਇਸ ਕਾਰਨ ਸਰਕਾਰੀ ਖ਼ਜ਼ਾਨੇ ਨੂੰ 500 ਕਰੋੜ ਤੋਂ ਵੱਧ ਦਾ ਘਾਟਾ ਹੋਣ ਦੀ ਸੰਭਾਵਨਾ ਹੈ। ਇਸ ਦਾ ਸਿੱਧਾ ਮਤਲਬ ਹੈ ਜਨਤਾ ਦੇ ਟੈਕਸ ਦੇ ਪੈਸੇ ਦੀ ਬਰਬਾਦੀ। ਹਾਲ ਹੀ 'ਚ ਕਿਸਾਨ ਅੰਦੋਲਨਾਂ ਦੀ ਅੱਗ 'ਚ ਸੜੇ ਮੱਧ ਪ੍ਰਦੇਸ਼ਾਂ 'ਚ ਵਾਅਦਿਆਂ ਦੀ ਝੜੀ ਲੱਗ ਗਈ, ਪਰ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀਆਂ ਘਟਨਾਵਾਂ ਘੱਟ ਹੋਣ ਦਾ ਨਾਂ ਨਹੀਂ ਲੈ ਰਹੀਆਂ। ਬੀਤੇ 24 ਦਿਨਾਂ 'ਚ 46 ਤੋਂ ਵੱਧ ਕਿਸਾਨ ਖ਼ੁਦਕੁਸ਼ੀਆਂ ਕਰ ਚੁੱਕੇ ਹਨ। ਇਨ੍ਹਾਂ 'ਚੋਂ 10 ਤਾਂ ਮੁੱਖ ਮੰਤਰੀ ਦੇ ਗ੍ਰਹਿ ਜ਼ਿਲ੍ਹੇ ਸੀਹੋਰ ਤੋਂ ਹਨ। ਇਕ ਅਨੁਮਾਨ ਮੁਤਾਬਕ ਬੀਤੇ 16 ਸਾਲਾਂ 'ਚ ਮੱਧ ਪ੍ਰਦੇਸ਼ ਵਿੱਚ 21 ਹਜ਼ਾਰ ਕਿਸਾਨ ਜਾਨ ਦੇ ਚੁੱਕੇ ਹਨ। ਨੈਸ਼ਨਲ ਕ੍ਰਾਇਮ ਰਿਕਾਰਡ ਬਿਊਰੋ ਦੇ ਅੰਕੜੇ ਦੱਸਦੇ ਹਨ ਕਿ ਇਨ੍ਹਾਂ ਕਰਜ਼ਿਆਂ ਦੇ ਬੋਝ ਦੇ ਨਾਲ-ਨਾਲ ਫ਼ਸਲ ਦਾ ਸਹੀ ਕੀਮਤ 'ਤੇ ਨਾ ਵਿਕ ਪਾਉਣਾ, ਫ਼ਸਲ ਬਰਬਾਦ ਹੋਣ ਤੋਂ ਲੈ ਕੇ ਗਰੀਬੀ ਅਤੇ ਜ਼ਮੀਨੀ ਵਿਵਾਦ ਜਿਹੇ ਕਈ ਕਾਰਨ ਹਨ। ਪਿਛਲੇ ਸਾਲ ਵੀ ਪਿਆਜ਼ ਤੋਂ ਬਰਬਾਦ ਹੋਏ ਕਿਸਾਨਾਂ ਨੇ ਮਾਲਵਾ ਦੇ ਇਲਾਕਿਆਂ 'ਚ ਸੜਕਾਂ 'ਤੇ ਪਿਆਜ਼ ਸੁੱਟ ਦਿੱਤਾ ਸੀ। ਪਿਆਜ਼ ਦੇ ਹੰਝੂ ਕੀ ਹੁੰਦੇ ਹਨ, ਇਹ ਕੋਈ ਇਨ੍ਹਾਂ ਕਿਸਾਨਾਂ ਤੋਂ ਪੁੱਛੇ।

ਪਿਆਜ਼ ਦੇ ਹੰਝੂ ਜੇ ਕਿਸਾਨਾਂ ਨੂੰ ਰੁਆ ਰਹੇ ਹਨ ਤਾਂ ਦੂਜੇ ਪਾਸੇ ਖਰੀਦਾਰ ਵੀ ਇਸ ਬੰਪਰ ਫ਼ਸਲ ਦਾ ਕੋਈ ਲਾਭ ਨਹੀਂ ਲੈ ਰਹੇ। ਦਿੱਲੀ ਸਮੇਤ ਕਈ ਸ਼ਹਿਰਾਂ 'ਚ ਰਿਟੇਲ ਵਿੱਚ ਪਿਆਜ਼ 15 ਤੋਂ 20 ਰੁਪਏ ਕਿੱਲੋ ਦੀ ਦਰ ਨਾਲ ਵਿੱਕ ਰਿਹਾ ਹੈ। ਮਤਲਬ ਬਿਚੌਲੀਏ ਆਪਣੀਆਂ ਜੇਬਾਂ ਭਰ ਰਹੇ ਹਨ। ਹਰ ਬੰਪਰ ਫ਼ਸਲ 'ਚ ਕਿਸਾਨਾਂ ਨੂੰ ਅਜਿਹੀ ਮਾਰ ਨਾਲ ਜੂਝਣਾ ਪੈਂਦਾ ਹੈ। ਮੱਧ ਪ੍ਰਦੇਸ਼ ਪਿਆਜ਼ ਦਾ ਦੂਜਾ ਸਭ ਤੋਂ ਵੱਡਾ ਉਤਪਾਦਕ ਸੂਬਾ ਹੈ ਅਤੇ ਪਹਿਲੇ ਨੰਬਰ 'ਤੇ ਮਹਾਰਾਸ਼ਟਰ ਹੈ। ਪਿਛਲੇ ਸਾਲ ਸਤੰਬਰ 'ਚ 8000 ਟਨ ਪਿਆਜ਼ ਬਰਬਾਦ ਹੋ ਗਿਆ। ਇਹ ਸਰਕਾਰੀ ਨੀਤੀਆਂ ਦੀ ਨਾਕਾਮੀ ਨਹੀਂ ਤਾਂ ਹੋਰ ਕੀ ਹੈ? ਕਿਉਂ ਸਾਲ ਦਰ ਸਾਲ ਕਦੇ ਕਣਕ, ਕਦੇ ਦਾਲਾਂ, ਕਦੇ ਪਿਆਜ਼ ਜਾਂ ਆਲੂ ਦੀ ਬੰਪਰ ਫ਼ਸਲ ਹੋਣ 'ਤੇ ਮਾੜੇ ਪ੍ਰਬੰਧਾਂ ਕਾਰਨ ਇਕ ਵੱਡੀ ਖੇਪ ਬਰਬਾਦ ਹੋ ਜਾਂਦੀ ਹੈ। ਦੂਜੇ ਪਾਸੇ ਸਸਤੀ ਦਰਾਮਦ ਅਤੇ ਦਰਾਮਦ ਡਿਊਟੀ ਵੱਖਰੀ ਕਿਸਾਨਾਂ ਦਾ ਲੱਕ ਤੋੜ ਰਹੀ ਹੈ। ਸਰਕਾਰ ਨੇ ਦਾਲਾਂ ਦਾ ਭਾਅ ਵਧਣ 'ਤੇ ਦਾਲਾਂ ਦੀ ਭਰਪੂਰ ਦਰਾਮਦ ਕੀਤੀ। ਅਰਹਰ ਨੂੰ ਹੀ ਲੈ ਲਓ, ਘਰੇਲੂ ਬਾਜ਼ਾਰ 'ਚ ਪਿਛਲੇ ਵਿੱਤੀ ਸਾਲ 'ਚ ਉਤਪਾਦਨ 80 ਫ਼ੀਸਦੀ ਤਕ ਵਧਿਆ, ਪਰ ਬਾਹਰੀ ਦੇਸ਼ਾਂ ਤੋਂ ਦਾਲਾਂ ਦੀ ਦਰਾਮਦ ਨਹੀਂ ਰੋਕੀ ਗਈ। ਨਤੀਜੇ ਵਜੋਂ ਕਈ ਥਾਵਾਂ 'ਤੇ ਕਿਸਾਨਾਂ ਨੂੰ ਆਪਣੀ ਫ਼ਸਲ ਘੱਟੋ-ਘੱਟ ਸਮਰਥਨ ਮੁੱਲ ਤੋਂ ਘੱਟ ਕੀਮਤ 'ਤੇ ਵੇਚਣੀ ਪਈ। ਜੇ ਸਰਕਾਰ ਹੁਣ ਵੀ ਨਾ ਜਾਗੀ ਤਾਂ ਕਿਸਾਨੀ ਛੱਡਣ ਵਾਲਿਆਂ ਦੀ ਗਿਣਤੀ ਲਗਾਤਾਰ ਵਧਦੀ ਜਾਵੇਗੀ। ਦੇਸ਼ ਲਈ ਅਨਾਜ ਪੈਦਾ ਕਰਨ ਵਾਲੇ ਕਿਸਾਨਾਂ ਦਾ ਆਪਣਾ ਭਾਂਡਾ ਖਾਲੀ ਹੋਵੇਗਾ ਤਾਂ ਦੇਸ਼ ਦਾ ਢਿੱਡ ਬਹੁਤ ਦਿਨਾਂ ਤਕ ਨਹੀਂ ਭਰਿਆ ਰਹਿ ਸਕਦਾ। ਬਾਹਰੋਂ ਮੰਗ ਕੇ ਅਸੀਂ ਭਾਵੇਂ ਆਪਣੀ ਥਾਲੀ ਭਰ ਲਈਏ, ਪਰ ਅਸੀਂ ਹਮੇਸ਼ਾ ਆਪਣੀਆਂ ਖੁਰਾਕੀ ਲੋੜਾਂ ਲਈ ਦੂਜਿਆਂ 'ਤੇ ਨਿਰਭਰ ਨਹੀਂ ਰਹਿ ਸਕਦੇ। ਨੋਟਬੰਦੀ, ਜੀ.ਐਸ.ਟੀ. ਸਮੇਤ ਕਈ ਵੱਡੇ ਅਤੇ ਸਖਤ ਫੈਸਲੇ ਕਰਨ ਵਾਲੀ ਸਰਕਾਰ ਕੀ ਖੇਤੀ ਦੀ ਤਸਵੀਰ ਸੁਧਾਰਨ ਲਈ ਕੋਈ ਨੀਤੀ ਤਿਆਰ ਕਰੇਗੀ ਜਾਂ ਕਿਸਾਨ ਹੁਣ ਵੀ ਕਰਜ਼, ਬਿਚੌਲੀਏ ਅਤੇ ਮਾੜੀ ਸਰਕਾਰੀ ਨੀਤੀਆਂ ਦੀ ਚੱਕੀ 'ਚ ਪਿਸਣ ਲਈ ਮਜਬੂਰ ਹੋਵੇਗਾ।

# ਰਿਕਾਰਡ ਪੈਦਾਵਾਰ ਹੋਣ ਦੇ ਬਾਵਜੂਦ ਅਨਾਜ ਦੀ ਕਮੀ ਦੀ ਚਿੰਤਾ

***ਕੇਂਦਰੀ ਖੇਤੀ ਤੇ ਕਿਸਾਨ ਭਲਾਈ ਮੰਤਰੀ ਨੇ ਕਿਹਾ ਹੈ ਕਿ ਦੇਸ਼ 'ਚ ਅਨਾਜ ਦੀ ਰਿਕਾਰਡ ਪੈਦਾਵਾਰ ਦੇ ਬਾਵਜੂਦ ਅਨਾਜ ਨੂੰ ਲੈ ਕੇ ਅਸੀਂ ਬੇਫਿਕਰ ਨਹੀਂ ਹਾਂ। ਅੱਗੇ ਦੀਆਂ ਲੋੜਾਂ ਦੇ ਹਿਸਾਬ ਨਾਲ ਇਹ ਰਿਕਾਰਡ ਉਤਪਾਦਨ ਵੀ ਘੱਟ ਪੈ ਰਿਹਾ ਹੈ।***

**ਸੁਧੀਰ ਜੈਨ**



ਕੇਂਦਰੀ ਖੇਤੀ ਤੇ ਕਿਸਾਨ ਭਲਾਈ ਮੰਤਰੀ ਰਾਧਾ ਮੋਹਨ ਸਿੰਘ ਨੇ ਕਿਹਾ ਹੈ ਕਿ ਦੇਸ਼ 'ਚ ਅਨਾਜ ਦੀ ਰਿਕਾਰਡ ਪੈਦਾਵਾਰ ਦੇ ਬਾਵਜੂਦ ਅਸੀਂ ਅਨਾਜ ਨੂੰ ਲੈ ਕੇ ਬੇਫਿਕਰ ਨਹੀਂ ਹਾਂ। ਅੱਗੇ ਦੀਆਂ ਘੱਟੋ-ਘੱਟ ਲੋੜਾਂ ਦੇ ਹਿਸਾਬ ਨਾਲ ਇਹ ਰਿਕਾਰਡ ਉਤਪਾਦਨ ਵੀ ਘੱਟ ਪੈ ਰਿਹਾ ਹੈ। ਇਹ ਗੱਲ ਕੋਈ ਹੋਰ ਕਹਿੰਦਾ ਤਾਂ ਇਸ ਨੂੰ ਸਰਕਾਰ ਦਾ ਵਿਰੋਧ ਕਰਨ ਦੀ ਰਾਜਨੀਤੀ ਸਮਝਿਆ ਜਾਂਦਾ, ਪਰ ਖੁਦ ਖੇਤੀ ਮੰਤਰੀ ਦਾ ਇਹ ਕਹਿਣਾ ਸੋਚਣ ਲਈ ਮਜਬੂਰ ਕਰ ਰਿਹਾ ਹੈ। ਅਜਿਹਾ ਨਹੀਂ ਹੈ ਕਿ ਇਸ ਬਾਰੇ ਆਪਣੀ ਮੌਜੂਦਾ ਸਰਕਾਰ ਨੂੰ ਸਾਵਧਾਨ ਨਾ ਕੀਤਾ ਗਿਆ ਹੋਵੇ। ਇਸੇ ਸਬੰਧ 'ਚ ਅੱਜ ਤੋਂ ਲਗਭਗ 15 ਮਹੀਨੇ ਪਹਿਲਾਂ ਇਕ ਵਿਸ਼ੇਸ਼ ਲੇਖ ਲਿਖਿਆ ਗਿਆ ਸੀ। ਉਸ ਸਮੇਂ ਸਰਕਾਰ ਦਾ ਧਿਆਨ ਹੋਰ ਲੋੜੀਂਦੇ ਸਾਧਨਾਂ ਵੱਲ ਸੀ, ਇਸ ਲਈ ਉਸ ਨੂੰ ਸਾਵਧਾਨ ਕਰਨ ਦੀ ਜ਼ਰੂਰਤ ਸਮਝੀ ਗਈ ਸੀ।

**ਅਰਥਸ਼ਾਸਤਰ ਦੇ ਨਿਯਮ ਤੋੜਦਾ ਹੈ ਅਨਾਜ :**
ਅਰਥਸ਼ਾਸਤਰ 'ਚ ਸਭ ਤੋਂ ਆਸਾਨ ਸਿਧਾਂਤ ਮੰਗ ਅਤੇ ਪੂਰਤੀ ਦਾ ਸਿਧਾਂਤ ਮੰਨਿਆ ਜਾਂਦਾ ਹੈ। ਜੇ ਮੰਗ ਵੱਧ ਤੇ ਪੂਰਤੀ ਘੱਟ ਹੈ ਤਾਂ ਮਹਿੰਗਾਈ ਵਧਦੀ ਹੈ। ਇੱਥੇ ਕਣਕ-ਚੌਲ ਦੀ ਮੰਗ ਵੱਧ ਰਹੀ ਹੈ, ਪਰ ਭਾਅ ਨਹੀਂ ਵੱਧ ਰਹੇ। ਹਾਲਤ ਇਹ ਹੈ ਕਿ ਉਨ੍ਹਾਂ ਦੇ ਭਾਅ ਵਧਾਉਣ ਲਈ ਕਿਸਾਨਾਂ ਨੂੰ ਅੰਦੋਲਨ ਕਰਨਾ ਪੈ ਰਿਹਾ ਹੈ। ਕਿਸਾਨ ਨੂੰ ਉਤਪਾਦਨ ਦੀ ਲਾਗਤ ਵੀ ਨਹੀਂ ਮਿਲ ਰਹੀ ਤਾਂ ਇਸ ਤੋਂ ਵੱਡੀ ਹੈਰਾਨੀ ਦੀ ਗੱਲ ਕੀ ਹੋ ਸਕਦੀ ਹੈ। ਇਹੀ ਅੰਕੜਾ ਅਰਥਸ਼ਾਸਤੀਆਂ ਨੂੰ ਆਪਣੀ ਮੰਗ-ਪੂਰਤੀ ਦੇ ਸਿਧਾਂਤ ਦੀ ਜਾਂਚ-ਪੜਤਾਲ ਕਰਨ ਦਾ ਸੁਝਾਅ ਦੇ ਰਿਹਾ ਹੈ।

**ਰਿਕਾਰਡ ਉਤਪਾਦਨ ਦਾ ਸੱਚ :**
ਕਿਸੇ ਦੇਸ਼ ਦੀ ਵਿਵਸਥਾ ਦਾ ਸਭ ਤੋਂ ਜ਼ਰੂਰੀ ਕੰਮ ਭੋਜਨ-ਪਾਣੀ ਦਾ ਪ੍ਰਬੰਧ ਹੈ। ਇਤਿਹਾਸ ਦੇ ਧੱਕੜ ਤੋਂ ਧੱਕੜ ਸ਼ਾਸਕ ਆਪਣੇ ਨਾਗਰਿਕਾਂ ਲਈ ਭੋਜਨ-ਪਾਣੀ ਦੇ ਇੰਤਜ਼ਾਮ ਨੂੰ ਲੈ ਕੇ ਹਮੇਸ਼ਾ ਚੌਕਸ ਰਹੇ। ਤੁਗਲਕ ਅਤੇ ਸਟਾਲਿਨ ਤਕ। ਪਰ ਮੌਜੂਦਾ ਸਮੇਂ ਦੇ ਸ਼ਾਸਕਾਂ ਵਿਚ ਇਹ ਆਦਤ ਵਿਖਾਈ ਦੇ ਰਹੀ ਹੈ ਕਿ ਉਹ ਅਨਾਜ ਨੂੰ ਦੂਜੇ ਦੇਸ਼ਾਂ ਤੋਂ ਖਰੀਦਣ ਦੀ ਵਿਵਸਥਾ ਕਾਰਨ ਬੇਫਿਕਰ ਰਹਿਣ ਲੱਗੇ ਹਨ। ਜੋ ਦੇਸ਼ ਆਪਣੀ ਬੇਫਿਕਰੀ ਲਈ ਅਨਾਜ ਦਾ ਵਾਧੂ ਉਤਪਾਦਨ ਕਰਦੇ ਹਨ, ਉਨ੍ਹਾਂ ਲਈ ਇਸ ਤੋਂ ਚੰਗੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਉਨ੍ਹਾਂ ਦਾ ਵਾਧੂ ਅਨਾਜ ਦੂਜੇ ਦੇਸ਼ਾਂ 'ਚ ਵਿਕਦਾ ਰਹੇ। ਪਰ ਉਸ ਖਰੀਦਾਰ ਦੇਸ਼ ਦੀ ਬੇਬਸੀ ਨੂੰ ਹਾਲੇ ਸਮਝਿਆ ਨਹੀਂ ਜਾ ਰਿਹਾ ਹੈ, ਜਿਸ ਨੂੰ ਖੇਤੀ ਪ੍ਰਧਾਨ ਕਿਹਾ ਜਾਂਦਾ ਹੈ ਅਤੇ ਜਿੱਥੇ ਅੱਧੀ ਤੋਂ ਵੱਧ ਆਬਾਦੀ ਕਿਸਾਨਾਂ ਦੀ ਹੋਵੇ। ਕਿਤੇ ਅਜਿਹਾ ਤਾਂ ਨਹੀਂ ਕਿ ਰਿਕਾਰਡ ਉਤਪਾਦਨ ਦਾ ਪ੍ਰਚਾਰ ਇਸ ਲਈ ਜ਼ਰੂਰੀ ਹੋ ਜਾਂਦਾ ਹੋਵੇ ਕਿ ਬੁਨਿਆਦੀ ਲੋੜਾਂ ਵਾਲੀਆਂ ਚੀਜ਼ਾਂ, ਜਿਵੇਂ ਅਨਾਜ ਦੇ ਭਾਅ ਨਾ ਵੱਧ ਜਾਣ ਅਤੇ ਆਮ ਆਦਮੀ ਨੂੰ ਪ੍ਰੇਸ਼ਾਨੀ ਹੋਵੇ। ਇੱਥੇ ਸੋਚਣ ਦੀ ਗੱਲ ਇਹ ਹੈ ਕਿ ਅਨਾਜ ਦਾ ਉਤਪਾਦਕ ਵੀ ਆਮ ਆਦਮੀ ਹੈ ਅਤੇ ਉਹੀ ਅਨਾਜ ਉਤਪਾਦਨ ਤੋਂ ਆਪਣੀ ਲਾਗਤ ਨਹੀਂ ਕੱਢ ਪਾ ਰਿਹਾ ਹੈ। ਦੂਜੀ ਗੱਲ ਇਹ ਕਿ ਰਿਕਾਰਡ ਉਤਪਾਦਨ ਵਾਲੇ ਦੇਸ਼ 'ਚ ਅਨਾਜ ਦੀ ਦਰਾਮਦਗੀ ਕੀ ਕਿਸੇ ਹੈਰਾਨੀ ਤੋਂ ਘੱਟ ਹੈ?

**ਭਵਿੱਖ ਦੀ ਮੰਗ ਦਾ ਬਹਾਨਾ :** ਕੇਂਦਰੀ ਖੇਤਰੀ ਮੰਤਰੀ ਨੇ ਅਨੁਮਾਨਤ ਅੰਕੜੇ ਦਿੱਤੇ ਹਨ ਕਿ 13 ਸਾਲ ਬਾਅਦ, ਮਤਲਬ ਸਾਲ 2030 ਅਤੇ 33 ਸਾਲ ਬਾਅਦ ਮਤਲਬ ਸਾਲ 2050 'ਚ ਸਾਨੂੰ ਘੱਟੋ-ਘੱਟ ਕਿੰਨੇ ਅਨਾਜ ਦੀ ਲੋੜ ਹੋਵੇਗੀ। ਅੱਜ ਦੀ ਜਾਂ ਆਉਣ ਵਾਲੇ ਸਾਲ-ਦੋ ਸਾਲ ਦੀ ਪ੍ਰੇਸ਼ਾਨੀ ਛੱਡ ਕੇ ਦਹਾਕਿਆਂ ਬਾਅਦ ਦੀ ਚਿੰਤਾ ਹੈ। ਹੋ ਸਕਦਾ ਹੈ ਕਿ ਇਹ ਅੱਜ ਦੀ ਪ੍ਰੇਸ਼ਾਨੀ ਨਾ ਹੋਵੇ, ਪਰ ਕਿਸਾਨਾਂ ਵੱਲੋਂ ਕਿਸਾਨੀ ਛੱਡ ਕੇ ਸ਼ਹਿਰਾਂ 'ਚ ਮਜ਼ਦੂਰੀ ਜਾਂ ਚੌਕੀਦਾਰੀ ਦੇ ਕੰਮ ਦੀ ਭਾਲ 'ਚ ਪਿੰਡ ਛੱਡਣਾ ਕੀ ਖੇਤੀ 'ਤੇ ਅੱਜ ਦੇ ਸੰਕਟ ਵਜੋਂ ਨਹੀਂ ਵੇਖਿਆ ਜਾਣਾ ਚਾਹੀਦਾ? ਉਂਜ ਵੀ ਖੁਰਾਕ ਸੁਰੱਖਿਆ ਕਾਨੂੰਨ ਨੂੰ ਇਮਾਨਦਾਰੀ ਨਾਲ ਲਾਗੂ ਕਰਦੇ ਰਹਿਣ ਲਈ ਸਰਕਾਰੀ ਤੌਰ 'ਤੇ ਜਿੰਨੇ ਅਨਾਜ ਦੀ ਸਾਨੂੰ ਲੋੜ ਪੈਂਦੀ ਰਹਿਣੀ ਹੈ, ਉਸ ਹਿਸਾਬ ਨਾਲ ਖੇਤੀ ਮੰਤਰੀ ਦੀ ਚਿੰਤਾ ਸਹੀ ਲੱਗਦੀ ਹੈ। ਪਰ ਇਕ ਸਵਾਲ ਇਹ ਵੀ ਹੈ ਕਿ ਇਸ ਨੂੰ ਭਵਿੱਖ ਦੀ ਚਿੰਤਾ ਮੰਨਿਆ ਜਾਵੇ ਜਾਂ ਇਹ ਅੱਜ ਦੀ ਚਿੰਤਾ ਵੀ ਹੈ।

**ਜੇ ਅੱਜ ਪੂਰਾ ਅਨਾਜ ਹੈ ਤਾਂ! :**
ਰਿਕਾਰਡ ਉਤਪਾਦਨ ਦੇ ਧੜਾਧੜ ਪ੍ਰਚਾਰ ਵਿਚਕਾਰ ਜੇ ਮੰਨ ਲਈਏ ਕਿ ਅੱਜ ਦੇਸ਼ 'ਚ ਭਰਪੂਰ ਅਨਾਜ ਹੈ ਤਾਂ ਅਸੀਂ ਇਸ ਗੱਲ ਦਾ ਜਵਾਬ ਨਹੀਂ ਦੇ ਸਕਾਂਗੇ ਕਿ ਅਨਾਜ ਦੀ ਦਰਾਮਦ ਕਿਉਂ? ਪਰ 15 ਤੋਂ 30 ਸਾਲ ਬਾਅਦ ਅਨਾਜ ਦੀ ਘਾਟ ਨਾਲ ਸਾਨੂੰ ਛੇਤੀ ਤੋਂ ਛੇਤੀ ਨਜਿੱਠ ਲੈਣਾ ਚਾਹੀਦਾ ਹੈ। ਇਸ ਬਾਰੇ ਇਹ ਸਵਾਲ ਚੁੱਕਿਆ ਜਾ ਸਕਦਾ ਹੈ ਕਿ ਮੰਗ ਅਤੇ ਸਪਲਾਈ ਦੇ ਨਿਯਮ ਦੇ ਹਿਸਾਬ ਨਾਲ ਇਹ ਰਿਕਾਰਡ ਉਤਪਾਦਨ ਦਾ ਪ੍ਰਚਾਰ ਹੀ ਤਾਂ ਕਿਸਾਨਾਂ ਨੂੰ ਉਸ ਦੇ ਆਪਣੇ ਉਤਪਾਦਨ ਦਾ ਸਹੀ ਭਾਅ ਦਿਵਾਉਣ 'ਚ ਪ੍ਰੇਸ਼ਾਨੀ ਨਹੀਂ ਹੈ। ਜੇ ਅਜਿਹਾ ਹੈ ਤਾਂ ਭਵਿੱਖ 'ਚ ਅਨਾਜ ਦੀ ਕਮੀ ਦਾ ਅਨੁਮਾਨ ਇਹ ਸੁਝਾਅ ਦੇ ਰਿਹਾ ਹੈ ਕਿ 20-30 ਸਾਲ ਬਾਅਦ ਕਿਸਾਨਾਂ ਨੂੰ ਅਨਾਜ ਦੇ ਸਹੀ ਭਾਅ ਮਿਲਣ ਦੇ ਹਾਲਾਤ ਆਪਣੇ ਆਪ ਬਣ ਜਾਣਗੇ, ਕਿਉਂਕਿ ਉਦੋਂ ਅਨਾਜ ਦਾ ਉਤਪਾਦਨ ਮੰਗ ਤੋਂ ਬਹੁਤ ਘੱਟ ਹੋਵੇਗਾ ਅਤੇ ਕਿਸਾਨ ਨੂੰ ਸਹੀ ਭਾਅ ਮਿਲਣ 'ਚ ਆਸਾਨੀ ਹੋਵੇਗੀ। ਪਰ ਉਦੋਂ ਤਕ ਕੀ ਕਿਸਾਨ ਆਪਣੇ ਖੇਤ ਬਚਾ ਕੇ ਰੱਖ ਸਕੇਗਾ, ਅਜਿਹੇ ਹਾਲਾਤ ਨਹੀਂ ਵਿਖਾਈ ਦੇ ਰਹੇ।

**ਛੋਟਾ ਹੁੰਦਾ ਜਾ ਰਿਹਾ ਹੈ ਦੇਸ਼ ਦਾ ਔਸਤ ਖੇਤ :**
ਕੇਂਦਰੀ ਖੇਤੀ ਮੰਤਰੀ ਦੇ ਬਿਆਨ 'ਚ ਇਕ ਜ਼ਿਕਰ ਇਹ ਵੀ ਹੈ ਕਿ ਦੇਸ਼ ਦਾ ਔਸਤ ਖੇਤ ਦਿਨ-ਬ-ਦਿਨ ਛੋਟਾ ਹੁੰਦਾ ਜਾ ਰਿਹਾ ਹੈ। ਅਨਾਜ ਦਾ ਇਹ ਅੰਕੜਾ ਇਕ ਹੈਕਟੇਅਰ ਮਤਲਬ ਢਾਈ ਏਕੜ ਤੋਂ ਵੀ ਘੱਟ ਹੋ ਗਿਆ ਹੈ। ਸਾਲ 2030 ਤਕ ਔਸਤ ਖੇਤ ਇਕ ਤਿਹਾਈ ਮਤਲਬ ਇਕ ਏਕੜ ਤੋਂ ਵੀ ਘੱਟ ਰਹਿ ਜਾਵੇਗਾ। ਇਸ ਹਾਲਤ 'ਚ ਇਹ ਸਨਸਨੀਖੇਜ਼ ਤੱਥ ਨਹੀਂ ਜੁੜਿਆ ਹੈ ਕਿ ਇਸ ਸਮੇਂ ਕਿੰਨੇ ਕਿਸਾਨ ਖੇਤੀ ਛੱਡ ਕੇ ਪਿੰਡਾਂ ਤੋਂ ਹਿਜਰਤ ਕਰ ਰਹੇ ਹਨ ਅਤੇ ਉਦੋਂ ਤਕ ਕਿਸਾਨੀ ਕਰਨ ਵਾਲੇ ਕਿੰਨੇ ਲੋਕ ਬਚਣਗੇ। ਇਕ ਅੰਦਾਜ਼ਾ ਲਗਾਇਆ ਗਿਆ ਹੈ ਕਿ ਪਿਛਲੀ ਮਰਦਮਸ਼ੁਮਾਰੀ 'ਚ ਜਿੰਨੇ ਲੋਕ ਖੇਤੀ ਨਾਲ ਜੁੜੇ ਸਨ, ਉਹ ਅਗਲੀ ਮਰਦਮਸ਼ੁਮਾਰੀ ਮਤਲਬ 2021 ਤਕ ਘੱਟ ਕੇ ਇਕ ਤਿਹਾਈ ਰਹਿ ਜਾਣਗੇ। ਖੇਤੀ ਕਿਸਾਨੀ ਨੂੰ ਘਾਟੇ ਦਾ ਕੰਮ ਸਾਬਤ ਕਰਨ ਲਈ ਇਸ ਤੱਥ ਤੋਂ ਇਲਾਵਾ ਹੋਰ ਕੀ ਸਬੂਤ ਚਾਹੀਦੇ ਹਨ। ਇਸ ਤੋਂ ਬਾਅਦ ਵੀ ਖੇਤੀ ਦੇ ਧੰਦੇ ਨੂੰ ਆਕਰਸ਼ਕ ਬਣਾਉਣ ਦੇ ਉਪਾਆ 'ਤੇ ਚਰਚਾ ਬਿਲਕੁਲ ਸਹੀ ਨਹੀਂ ਹੈ। ਇਨ੍ਹਾਂ ਹਾਲਾਤ 'ਚ ਭਵਿੱਖ ਵਿੱਚ ਅਨਾਜ ਦੀ ਘਾਟ 'ਤੇ ਸਿਰਫ ਚਿੰਤਾ ਜਤਾਉਣ ਦਾ ਮਕਸਦ ਸਮਝ 'ਚ ਨਹੀਂ ਆਉਂਦਾ।

**ਅਨਾਜ ਦੀ ਘਾਟ 'ਤੇ ਇਕ ਹੋਰ ਨਜ਼ਰ :** ਖੇਤੀ-ਕਿਸਾਨੀ ਦਾ ਕੰਮ ਘੱਟ ਹੋਣਾ ਸੰਕਟ ਹੈ। ਉਸ ਤੋਂ ਵੀ ਵੱਡਾ ਸੰਕਟ ਹਾਲੇ ਸਾਡੀ ਨਜ਼ਰ ਤੋਂ ਦੂਰ ਜਾ ਰਿਹਾ ਹੈ ਕਿ ਦੇਸ਼ ਦੀ ਵਸੋਂ ਘੱਟੋ-ਘੱਟ 15 ਫ਼ੀਸਦੀ ਪ੍ਰਤੀ ਦਹਾਕੇ ਦੇ ਹਿਸਾਬ ਨਾਲ ਵੱਧ ਰਹੀ ਹੈ। ਮਤਲਬ 2011 ਦਾ ਅੰਕੜਾ 121 ਕਰੋੜ ਤੋਂ ਵੱਧ ਕੇ ਸਾਲ 2021 ਦੀ ਮਰਦਮਸ਼ੁਮਾਰੀ ਤਕ 140 ਕਰੋੜ ਪਹੁੰਚ ਜਾਣ ਦਾ ਖਤਰਾ ਸਾਡੇ ਸਿਰ 'ਤੇ ਹੈ। ਘੱਟੋ-ਘੱਟ 20 ਕਰੋੜ ਲੋਕਾਂ ਦੇ ਭੋਜਨ ਅਤੇ ਪਾਣੀ ਦਾ ਵੱਖਰਾ ਪ੍ਰਬੰਧ ਇਸੇ ਸਮੇਂ ਸੋਚਿਆ ਜਾਣਾ ਚਾਹੀਦਾ ਸੀ, ਪਰ ਸਰਕਾਰੀ ਮਾਹਰਾਂ ਅਤੇ ਯੋਜਨਾਕਾਰ ਪਤਾ ਨਹੀਂ ਸਾਰੀਆਂ ਗੱਲਾਂ ਸਾਲ 2030 ਅਤੇ 2050 ਤੋਂ ਬਾਅਦ ਦੀਆਂ ਹੀ ਕਿਉਂ ਕਰਦੇ ਹਨ?

# ਸਿੱਖ ਰਾਜ ਸਬੰਧੀ ਸੱਚ ਤੱਕ ਪੁੱਜਣ ਦਾ ਰਾਹ

**ਜਸਜੀਤ ਸਿੰਘ**

ਜਦੋਂ ਵੀ ਮਹਾਰਾਜਾ ਰਣਜੀਤ ਸਿੰਘ ਜਾਂ ਉਸਦੇ ਪਰਿਵਾਰ ਦੀ ਗੱਲ ਆਉਂਦੀ ਹੈ ਤਾਂ ਇਤਿਹਾਸ ਵਿਚ ਉਹਨਾਂ ਨਾਲ ਬਹੁਤ ਬੇਇਨਸਾਫੀ ਹੋਈ ਹੈ। ਪਰ ਅਸੀਂ ਵੀ ਉਸ ਇਤਿਹਾਸ ਨੂੰ ਆਪ ਫਰੋਲ ਕੇ ਨਹੀਂ ਦੇਖਿਆ, ਸਗੋਂ ਅੰਗਰੇਜ਼ਾਂ ਵਲੋਂ ਸਥਾਪਤ ਕੀਤੀਆਂ ਗੱਲਾਂ ਨੂੰ ਹੀ ਅੱਗੇ ਤੋਰਦੇ ਰਹੇ। ਇਹੀ ਕਾਰਨ ਹੈ ਕਿ ਪੰਜਾਬ ਵਿਚ ਮਹਾਰਾਜਾ ਦਲੀਪ ਸਿੰਘ ਬਾਰੇ ਕੋਈ ਬਹੁਤਾ ਨਹੀਂ ਪਤਾ, ਜੇ ਪਤਾ ਹੈ ਤਾਂ ਉਹ ਗਲਤ ਪਤਾ ਹੈ। 'ਮੈਂ ਥੋੜੀਆਂ ਜਿਹੀਆਂ ਹੀ ਉਦਾਹਰਨਾਂ ਦਿਆਂਗਾ :

– ਮਹਾਰਾਜਾ ਦਲੀਪ ਸਿੰਘ ਦੀ ਜਨਮ ਮਿਤੀ 23 ਭਾਦੋਂ 1895 ਬਿਕਰਮੀ ਹੈ ਅਤੇ ਇਸ ਦੇ ਬਾਰੇ ਇਤਿਹਾਸਕਾਰਾਂ 'ਚ ਕੋਈ ਮਤਭੇਦ ਨਹੀਂ। ਹੁਣ ਤਾਂ ਖੈਰ ਬਿਕਰਮੀ ਤਰੀਕ ਨੂੰ ਅੰਗਰੇਜ਼ੀ ਤਰੀਕ ਵਿਚ ਬਦਲਣ ਦੇ ਸਾਫਟਵੇਅਰ ਹੀ ਆ ਗਏ ਹਨ ਪਰ ਅਸੀਂ ਕਦੇ ਚੈੱਕ ਨਹੀਂ ਕੀਤੀ। ਉਸ ਦੀ ਕਬਰ 'ਤੇ ਵੀ ਤਰੀਕ 4 ਸਤੰਬਰ ਲਿਖੀ ਹੈ ਜਦੋਂ ਕਿ ਅਸਲ ਵਿਚ 6 ਸਤੰਬਰ 1838 ਬਣਦੀ ਹੈ।

– ਮਹਾਰਾਣੀ ਜਿੰਦਾਂ ਦੇ ਚਰਿਤਰ (Character) ਬਾਰੇ ਬਹੁਤ ਕੁੱਝ ਕਿਹਾ ਜਾਂਦਾ ਹੈ। ਇਥੋਂ ਤੱਕ ਕਿ ਸਿੱਖਾਂ ਦਾ ਇੱਕ ਵਰਗ ਵੀ ਕਹਿੰਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਅਧਰੰਗ ਹੋ ਗਿਆ ਸੀ ਅਤੇ ਉਹ ਬੁੱਢਾ ਵੀ ਸੀ ਇਸ ਲਈ ਦਲੀਪ ਸਿੰਘ ਉਸ ਦੀ ਔਲਾਦ ਨਹੀਂ। ਇਥੋਂ ਤੱਕ ਕਿ ਪਿਛਲੇ





ਸਾਲ ਹੀ ਵਿਲੀਅਮ ਡੈਰਿਅਮਪਲ ਅਤੇ ਅਨੀਤਾ ਅਨੰਦ ਨੇ ਕੋਹਿਨੂਰ ਬਾਰੇ ਕਿਤਾਬ ਲਿਖੀ ਹੈ। ਕੋਹਿਨੂਰ ਬਾਰੇ ਕਈ ਤੱਕ ਠੀਕ ਨਹੀਂ ਪਰ ਇਹਨਾਂ ਨੇ ਉਦੋਂ ਤਾਂ ਹੱਦ ਕਰ ਦਿੱਤੀ ਜਦੋਂ ਕਿਹਾ ਕਿ 'ਮਹਾਰਾਜਾ ਉਸ ਵੇਲੇ 55 ਸਾਲ ਦਾ ਸੀ ਇਸ ਲਈ ਲਗਦਾ ਹੈ (ਲੱਗਦਾ ਹੈ) ਕਿ ਦਲੀਪ ਸਿੰਘ ਕਿਸੇ ਨੌਕਰ ਦੀ ਔਲਾਦ ਹੋਵੇ'। ਏਥੇ ਕੋਈ ਸਬੂਤ ਨਹੀਂ ਆਪਣਾ ਇਕ ਕਾਲਪਨਿਕ ਵਿਚਾਰ (Opinion) ਹੈ ਪਰ ਕਿਸੇ ਵੀ ਸਿੱਖ ਇਤਿਹਾਸਕਾਰ ਨੇ ਇਸਦਾ ਜੁਆਬ ਨਹੀਂ ਦਿੱਤਾ। ਇਹੀ ਗੱਲ ਅੰਗਰੇਜ਼ ਮਹਾਰਾਜਾ ਦਲੀਪ ਸਿੰਘ ਦੇ ਦਿਮਾਗ ਵਿਚ ਬਿਠਾਉਂਦੇ ਰਹੇ ਕਿ ਉਹ ਨਜਾਇਜ਼ ਔਲਾਦ ਹੈ।

ਦਰਬਾਰ ਦਾ ਰੋਜਨਾਮਚਾ ਉੱਦਮਤ-ਉਤ-ਤਵਾਰੀਖ਼ (UMDAT-UT-TAWARIK) ਸਾਫ ਲਿਖਦਾ ਹੈ ਕਿ ਅਸੀਂ ਦਲੀਪ ਸਿੰਘ ਦੇ ਪੈਦਾ ਹੋਣ ਤੋਂ ਹਫਤਾ ਪਹਿਲਾਂ ਦਰਬਾਰ ਸਾਹਿਬ ਅਰਦਾਸ ਕਰਾਉਣ ਲਈ ਗਏ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਖੂਬ ਘੋੜਾ ਭਜਾਇਆ। ਹੁਣ ਦੱਸੋ ਅਧਰੰਗ ਵਾਲਾ ਬੰਦਾ ਘੋੜ ਸਵਾਰੀ ਕਰ ਸਕਦੈ ?

ਇਸੇ ਤਰ੍ਹਾਂ ਕੋਹਿਨੂਰ ਬਾਰੇ ਕਦੇ ਕਹਿੰਦੇ ਹਨ ਕਿ ਉਹ ਅੰਗਰੇਜ਼ਾਂ ਨੇ ਚੋਰੀ ਕੀਤਾ। ਕੋਈ ਕਹਿੰਦਾ ਹੈ ਕਿ ਮਹਾਰਾਜੇ ਨੇ ਇੰਗਲੈਂਡ ਦੀ ਮਹਾਰਾਣੀ ਨੂੰ ਗਿਫ਼ਟ ਦਿੱਤਾ। ਸਾਡੇ ਕੋਲ ਸਬੂਤ ਪਏ ਹਨ ਕਿ ਅੰਗਰੇਜ਼ਾਂ ਨੇ ਐਂਗਲੋ ਸਿੱਖ ਵਾਰ ਤੋਂ ਬਾਅਦ ਇਹ ਜਬਤ ਕੀਤਾ ਪਰ ਸਰਕਾਰੀ ਖਜ਼ਾਨੇ ਦੀ ਬਜਾਏ ਮਹਾਰਾਣੀ ਵਿਕਟੋਰੀਆ ਦੀ ਨਿੱਜੀ ਮਲਕੀਅਤ ਦੇ ਤੌਰ 'ਤੇ ਉਹਨੂੰ ਦਿੱਤਾ ਜਿਹੜੀ ਕਿ ਇੰਗਲੈਂਡ ਦੀ House of Commons ਦੇ ਰੂਲ ਦੀ ਵੀ ਉਲੰਘਣਾ ਸੀ। ਪਰ ਸਾਡੀ ਕਹਾਣੀ ਇਹ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਸ਼ਾਹ ਸੁਜਾ ਨੂੰ ਰਾਜਸੀ ਪਨਾਹ (Political Asylum) ਤਾਂ ਦਿੱਤੀ ਪਰ ਕੋਹਿਨੂਰ ਮੁਫ਼ਤ ਵਿੱਚ ਨਹੀਂ ਪਰ ਖਰੀਦਿਆ। ਉਹਨੇ ਬਕਾਇਦਾ 3 ਲੱਖ ਰੁਪਏ ਨਕਦੀ ਅਤੇ ਇਕ ਜਗੀਰ, ਜਿਸ ਦੀ ਆਮਦਨ ਉਸ ਵੇਲੇ 50 ਹਜ਼ਾਰ ਸੀ, ਉਹਨੂੰ ਦਿੱਤੀ ਅਤੇ ਨਾਲ ਉਸ ਦੇ ਭਰਾ ਕੋਲੋਂ ਉਸ ਦਾ ਰਾਜ ਬਹਾਲ ਕਰਨ ਲਈ ਮਦਦ ਦਾ ਵਾਅਦਾ ਕੀਤਾ। ਉਸ ਲਈ ਹਰੀ ਸਿੰਘ ਨਲੂਏ ਦੀ ਜਰਨੈਲੀ ਅਧੀਨ ਅਫਗਾਨਿਸਤਾਨ 'ਤੇ ਹਮਲਾ ਵੀ ਕੀਤਾ। ਇਸ ਕਹਾਣੀ ਦਾ ਜ਼ਿਕਰ ਤੁਸੀਂ ਅੱਜ ਤੱਕ ਕਿਧਰੇ ਸੁਣਿਆ ਨਹੀਂ ਹੋਵੇਗਾ।

ਅਸੀਂ ਤਾਂ Entertainment Industry ਦੇ ਬੰਦੇ ਹਾਂ। ਇਤਿਹਾਸ ਨੂੰ ਖੋਜਣਾ ਤੇ ਦਰੁੱਸਤ ਲਿਖਣਾ ਕਿਸੇ ਕੌਮ ਦੇ ਇਤਿਹਾਸਕਾਰਾਂ ਦਾ ਕੰਮ ਹੁੰਦਾ ਹੈ। ਹੋ ਸਕਦਾ ਹੈ ਸਾਡੀ ਇਸ ਫ਼ਿਲਮ ਦ ਬਲੈਕ ਪ੍ਰਿੰਸ ('The Black Prince) ਨਾਲ ਇਤਿਹਾਸਕਾਰਾਂ ਨੂੰ ਥੋੜਾ ਹਲੂਣਾ ਮਿਲੇ ਅਤੇ ਸੱਚ ਨੂੰ ਲੱਭਣਾ ਉਹਨਾਂ ਲਈ ਚੈਲੰਜ ਵੀ ਹੈ।

ਅਸੀਂ ਫ਼ਿਲਮ ਵਿਚ ਸੰਕੇਤ ਮਾਤਰ ਸਭ ਕੁਝ ਦਸਿਆ ਹੈ ਬਾਕੀ ਕੰਮ ਹੁਣ ਇਤਿਹਾਸਕਾਰ ਕਰਨ। ਅਸੀਂ ਮਹਾਰਾਜਾ ਦੇ Pardon ਬਾਰੇ ਜਾਂ ਉਹਦੀ ਮੌਤ ਬਤੌਰ ਸਿੱਖ ਹੋਣ ਬਾਰੇ ਸਬੂਤਾਂ 'ਤੇ ਅਧਾਰਤ ਫ਼ਿਲਮ ਬਣਾਈ ਹੈ। ਹੁਣ ਮੈਦਾਨ ਖੁੱਲ੍ਹਾ ਹੈ।

# ਸ਼ਹਿਜ਼ਾਦੀ ਡਿਆਨਾ ਦਾ ਭਰਾ ਬਰਤਾਨਵੀ ਰਾਜ ਵਿਰੁੱਧ ਬਣਾਈ ਗਈ 'ਦ ਬਲੈਕ ਪ੍ਰਿੰਸ' ਦੇ ਹੱਕ ਵਿਚ



**ਲੰਡਨ/ਬਿਊਰੋ ਨਿਊਜ਼:** ਦੁਨੀਆ ਦੀ ਬਹੁਤ ਹੀ ਪ੍ਰਸਿੱਧ ਅਤੇ ਅਪਣੇ ਜੀਵਨ ਕਾਲ ਤੋਂ ਬਾਅਦ ਵੀ ਬਹੁ ਚਰਚਿਤ ਚਲੀ ਆ ਰਹੀ ਵੇਲਜ ਦੀ ਸ਼ਹਿਜਾਦੀ ਡਿਆਨਾ ਦੇ ਮਾਪੇ ਉਸਦੀ ਦੁਖਦਾਈ ਮੌਤ ਤੋਂ ਬਾਅਦ ਇੰਗਲੈਂਡ ਦੇ ਰਾਜ ਘਰਾਣੇ ਤੋਂ ਨਾਖੁਸ਼ ਹਨ ਕਿਉਂਕਿ ਉਹ ਡਿਆਨਾ ਦੇ ਜਾਨ ਲੇਵਾ ਹਾਦਸੇ ਵਿੱਚ ਸ਼ਾਹੀ ਘਰਾਣੇ ਦਾ ਹੱਥ ਸਮਝਦੇ ਹਨ। ਪਿਛਲੇ ਹਫ਼ਤੇ ਡਿਆਨਾ ਦੇ 56ਵੇਂ ਜਨਮ ਦਿਨ (ਜੇ ਉਹ ਜਿਉਂਦੀ ਹੁੰਦੀ) ਮੌਕੇ ਬੋਲਦੇ ਹੋਏ ਉਸਦੇ ਭਰਾ ਅਰਲ ਸਪੈਂਸਰ ਨੇ ਕਿਹਾ ਕਿ ਇਤਿਹਾਸ ਵਿੱਚ ਲੇਡੀ ਡਿਆਨਾ ਨੂੰ ਉਸਦੀ ਬਣਦੀ ਥਾਂ ਮਿਲਣੀ ਚਾਹੀਦੀ ਹੈ। ਦਿਲਚਸਪ ਤੇ ਵੇਖਣ ਵਾਲਾ ਪਹਿਲੂ ਇਹ ਕਿ ਲੇਡੀ ਡਿਆਨੇ ਦੇ ਪਰਿਵਾਰ, ਜੋ ਸਪੈਂਸਰ ਘਰਾਣੇ ਵਜੋਂ ਨਾਲ ਜਾਣਿਆ ਜਾਂਦਾ ਹੈ, ਦਾ ਸਬੰਧ ਮਹਾਰਾਜਾ ਸਿੱਖਾਂ ਦੇ ਆਖ਼ਰੀ ਬਾਦਸ਼ਾਹ ਦਲੀਪ ਸਿੰਘ ਦੇ ਜੀਵਨ ਸਬੰਧੀ ਬਣੀ ਅਤੇ 21 ਜੁਲਾਈ ਨੂੰ ਵਿਸ਼ਵ ਭਰ ਵਿੱਚ ਰਿਲੀਜ਼ ਹੋਣ ਜਾ ਰਹੀ ਫਿਲਮ ਦ ਬਲੈਕ ਪ੍ਰਿੰਸ ਨਾਲ ਕਿਵੇਂ ਜੁੜਦਾ ਹੈ ?

ਲੇਡੀ ਡਿਆਨਾ ਦੇ ਪਰਿਵਾਰ ਕੋਲ 1100 ਏਕੜ ਜ਼ਮੀਨ ਉੱਤੇ ਸ਼ਾਹੀ ਕਿਲਾ ਹੈ ਜਿਸਨੂੰ ਐਲਥਰੋਪ ਹਾਊਸ ਵਜੋਂ ਜਾਣਿਆ ਜਾਂਦਾ ਹੈ। ਪਿਛਲੇ 19 ਸਾਲਾਂ ਭਾਵ ਡਿਆਨਾ ਦੀ ਮੌਤ ਬਾਅਦ, ਪਰਿਵਾਰ ਨੇ ਕਿਸੇ ਵੀ ਫਿਲਮ ਵਾਲੇ ਨੂੰ ਇਹ ਥਾਂ ਫਿਲਮਾਉਣ ਦੀ ਇਜਾਜ਼ਤ ਨਹੀਂ ਦਿੱਤੀ, ਪਰ ਦ ਬਲੈਕ ਪ੍ਰਿੰਸ ਨੂੰ ਫਿਲਮਾਉਣ ਵਾਸਤੇ ਇਹ ਜਗ੍ਹਾ 11 ਦਿਨਾਂ ਲਈ



ਮਿਲ ਗਈ ਸੀ। ਸਵਾਲ ਪੈਦਾ ਹੁੰਦਾ ਹੈ ਕਿ ਅਜਿਹੀ ਕਿਹੜੀ ਖ਼ਾਸ ਗੱਲ ਸੀ ਕਿ ਪਰਿਵਾਰ ਨੇ ਇਸ ਫਿਲਮ ਲਈ ਹਾਂ ਕਰ ਦਿੱਤੀ ?

ਇਹ ਵੀ ਅਨੁਮਾਨ ਹੈ ਕਿ ਇੰਨੇ ਵੱਡੇ ਕਿਲੇ (Castle) ਦਾ ਕਿਰਾਇਆ ਵੀ ਡਿਆਨਾ ਦੇ ਭਰਾ ਨੇ 3000 ਪੌਂਡ ਰੋਜ਼ਾਨਾ ਤੋਂ ਘੱਟ ਲਿਆ ਜਿਹੜਾ ਇੰਗਲੈਂਡ ਦੇ ਹਿਸਾਬ ਨਾਲ ਬਹੁਤ ਹੀ ਘੱਟ ਹੈ।

ਦ ਬਲੈਕ ਪ੍ਰਿੰਸ ਫਿਲਮ ਵਿੱਚ ਟਰਾਂਸਪੋਰਟੇਸ਼ਨ ਨਾਲ ਸਬੰਧਤ ਇੱਕ ਵਿਅਕਤੀ ਨੇ ਦਸਿਆ ਕਿ ਇੱਕ ਦਿਨ ਅਰਲ ਸਪੈਂਸਰ ਅਪਣੇ ਬੱਚਿਆਂ ਸਮੇਤ ਫਿਲਮ ਦੀ ਸ਼ੂਟਿੰਗ ਮੌਕੇ ਖੁਦ ਵੀ ਆਇਆ। ਉਹ ਪ੍ਰੋਡਿਊਸਰ ਜਸਜੀਤ ਸਿੰਘ ਅਤੇ ਡਾਇਰੈਕਟਰ ਕਵੀ ਰਾਜ ਨਾਲ ਵੀ ਕਾਫ਼ੀ ਦੇਰ ਫਿਲਮ ਬਾਰੇ ਗੱਲਾਂ ਕਰਦਾ ਰਿਹਾ।

ਫਿਲਮ ਨਾਲ ਸਬੰਧਿਤ ਕਈ ਵਿਅਕਤੀਆਂ ਨਾਲ ਅਲੱਗ ਅਲੱਗ ਗੱਲ ਕਰਨ 'ਤੇ ਪਤਾ ਲੱਗਾ ਕਿ ਪਹਿਲੀ ਵਾਰ ਸਪੈਂਸਰ ਪਰਿਵਾਰ ਨੇ ਹਮੇਸ਼ਾ ਵਾਂਗ ਅਪਣਾ ਕਿਲਾ ਸ਼ੂਟਿੰਗ ਲਈ ਦੇਣ ਤੋਂ ਨਾਂਹ ਕਰ ਦਿੱਤੀ ਤਾਂ ਫਿਲਮ ਦੀ ਟੀਮ ਨੇ ਫੈਸਲਾ ਕੀਤਾ ਕਿ ਫਿਲਮ ਦੀ ਕਹਾਣੀ ਅਰਲ ਸੈਂਸਰ ਨੂੰ ਭੇਜੀ ਜਾਵੇ ਅਤੇ ਦਸਿਆ ਜਾਵੇ ਕਿ ਫਿਲਮ ਬਰਤਾਨੀਆ ਦੇ ਸ਼ਾਹੀ ਘਰਾਣੇ ਦੇ ਵਿਰੋਧ ਵਿੱਚ ਵੀ ਜਾ ਸਕਦੀ ਹੈ। ਸੁਣਿਆ ਹੈ ਕਿ ਫਿਲਮ ਦੀ ਕਹਾਣੀ ਪੁੱਜਣ ਤੋਂ ਬਾਅਦ ਕਿਲੇ ਦੇ ਮੈਨੇਜਰ ਨੇ ਦ ਬਲੈਕ ਪ੍ਰਿੰਸ ਦੀ ਟੀਮ ਨੂੰ ਅਗਲੇ ਦਿਨ ਹੀ ਗੱਲਬਾਤ ਲਈ ਉੱਥੇ ਪੁੱਜਣ ਦਾ ਸੱਦਾ ਦਿੱਤਾ।

ਡਾਇਰੈਕਟਰ ਕਵੀ ਰਾਜ ਨੇ ਖੁਦ ਵੀ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਨਾਲ ਗੱਲਬਾਤ ਕਰਦਿਆਂ ਦਸਿਆ ਕਿ ਇਸ ਜਗ੍ਹਾ ਤੇ ਸਾਨੂੰ ਬਹੁਤ ਹੀ ਸਹਿਯੋਗ ਮਿਲਿਆ । ਉਸਨੇ ਮੰਨਿਆ ਕਿ ਲੇਡੀ ਡਿਆਨਾ ਦਾ ਭਰਾ ਅਰਲ ਸਪੈਂਸਰ ਬੱਚਿਆਂ ਸਮੇਤ ਫਿਲਮ ਦੀ ਟੀਮ ਨੂੰ ਮਿਲਿਆ ਤੇ ਉਸਨੇ ਫਿਲਮ ਦੀ ਸਕਰਿਪਟ ਪੜ੍ਹ ਕੇ ਖੁਸ਼ੀ ਪ੍ਰਗਟਾਈ ਸੀ। ਕਵੀ ਰਾਜ ਨੇ ਇਹ ਵੀ ਦਸਿਆ ਕਿ ਦ ਬਲੈਕ ਪ੍ਰਿੰਸ ਦੇ ਬਹੁਤ ਹੀ ਅਹਿਮ ਹਿੱਸੇ ਦੀ ਸ਼ੂਟਿੰਗ ਲਈ ਅਸੀਂ ਇਹ ਕਿਲਾ 9 ਦਿਨ ਲਈ ਮੰਗਿਆ ਸੀ ਪਰ ਕਈ ਕਾਰਨਾਂ ਕਰਕੇ ਥੋੜੀ ਦੇਰੀ ਹੋਣ ਕਾਰਨ ਸਾਨੂੰ ਪਰਿਵਾਰ ਨੇ 11 ਦਿਨ ਤੱਕ ਸ਼ੂਟਿੰਗ ਕਰਨ ਦਿੱਤੀ ਸੀ।

# ਮਹਾਰਾਜਾ ਦਲੀਪ ਸਿੰਘ ਦੀ ਧੀ ਬੰਬਾ ਸਦਰਲੈਂਡ ਦੀ ਗੁੰਮਨਾਮ ਕਬਰ ਦੀ ਸਾਂਭ-ਸੰਭਾਲ ਦਾ ਬੀੜਾ ਡਾ. ਅਬਦੁਲ ਮਜੀਦ ਚੌਧਰੀ ਨੇ ਚੁੱਕਿਆ

**ਜਲੰਧਰ/ਬਿਊਰੋ ਨਿਊਜ਼ :** ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਪੋਤੀ ਅਤੇ ਸਿੱਖ ਰਾਜ ਦੇ ਆਖ਼ਰੀ ਚਿਰਾਗ਼ ਮਹਾਰਾਜਾ ਦਲੀਪ ਸਿੰਘ ਦੀ ਧੀ ਬੰਬਾ ਸਦਰਲੈਂਡ ਦੀ ਗੁੰਮਨਾਮ ਕਬਰ ਦੀ ਸਾਂਭ-ਸੰਭਾਲ ਦਾ ਬੀੜਾ ਡਾ. ਅਬਦੁਲ ਮਜੀਦ ਚੌਧਰੀ ਨੇ ਚੁੱਕਿਆ ਹੈ। ਡਾ. ਅਬਦੁਲ ਮਜੀਦ ਚੌਧਰੀ ਲਾਹੌਰ ਦੇ ਮੈਡੀਕਲ ਅਤੇ ਡੈਂਟਲ ਕਾਲਜ ਦੇ ਪ੍ਰਿੰਸੀਪਲ ਹਨ। ਡਾ. ਚੌਧਰੀ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ 'ਤੇ ਸਿੱਖ ਸ਼ਰਧਾਲੂਆਂ ਦੇ ਜਥੇ ਦੇ ਨਾ ਪਹੁੰਚਣ ਦਾ ਉਧਰਲੇ ਲੋਕਾਂ ਨੇ ਬਹੁਤ ਬੁਰਾ ਮਨਾਇਆ ਹੈ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦੀ ਯਾਦ ਵਿੱਚ ਨਨਕਾਣਾ ਸਾਹਿਬ ਵਿਚ ਪਾਕਿਸਤਾਨ ਸਰਕਾਰ ਵੱਲੋਂ ਬਣਾਈ 'ਬਾਬਾ ਨਾਨਕ ਯੂਨੀਵਰਸਿਟੀ' ਵੀ ਇਸ ਸਾਲ ਸ਼ੁਰੂ ਹੋ ਚੁੱਕੀ ਹੈ। 'ਪੰਜਾਬੀ ਟ੍ਰਿਬਿਊਨ' ਦੇ ਪੱਤਰਕਾਰ ਮਨਦੀਪ ਟੁੱਟ ਨਾਲ ਫ਼ੋਨ ਰਾਹੀਂ ਗੱਲਬਾਤ ਕਰਦਿਆਂ ਡਾ. ਚੌਧਰੀ ਨੇ ਦੱਸਿਆ ਕਿ ਉਹ ਕਾਫ਼ੀ ਸਮੇਂ ਤੋਂ ਲਾਹੌਰ ਵਿੱਚ ਮੈਡੀਕਲ ਕਾਲਜ ਵਿਚ ਪ੍ਰਿੰਸੀਪਲ ਵਜੋਂ ਸੇਵਾਵਾਂ ਦੇ ਰਹੇ ਹਨ। ਸਿੰਗਾਪੁਰ ਦੇ ਇੱਕ ਸਿੱਖ ਵੱਲੋਂ ਲਿਖੀ ਕਿਤਾਬ ਤੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਮਹਾਰਾਜਾ ਦਲੀਪ ਸਿੰਘ ਦੀ ਧੀ ਬੰਬਾ ਦਲੀਪ ਸਿੰਘ ਦਾ ਵਿਆਹ ਅੰਗਰੇਜ਼ ਕਰਨਲ ਸਦਰਲੈਂਡ ਨਾਲ ਹੋਇਆ ਸੀ, ਜਿਸ ਤੋਂ ਬਾਅਦ ਉਨ੍ਹਾਂ ਦਾ ਨਾਂਅ ਬੰਬਾ ਸਦਰਲੈਂਡ ਹੋ ਗਿਆ ਸੀ। ਕਰਨਲ ਸਦਰਲੈਂਡ ਦੇਸ਼ ਦੀ ਵੰਡ ਤੋਂ ਪਹਿਲਾਂ ਲਾਹੌਰ ਵਿੱਚ 'ਕਿੰਗ ਐਡਵਰਡ' ਕਾਲਜ ਦੇ ਪ੍ਰਿੰਸੀਪਲ ਸਨ। ਡਾ. ਚੌਧਰੀ ਨੇ ਦੱਸਿਆ ਕਿ ਕਿਤਾਬ ਵਿੱਚ ਲਾਹੌਰ ਦੀ ਹੀ 'ਗੋਰਾ' ਨਾਮੀ ਕਬਰਿਸਤਾਨ ਦਾ ਜ਼ਿਕਰ ਸੀ, ਜਿੱਥੇ ਜਾ ਕੇ ਉਨ੍ਹਾਂ ਨੇ ਬੰਬਾ ਸਦਰਲੈਂਡ ਦੀ ਕਬਰ ਲੱਭੀ। ਉਨ੍ਹਾਂ ਕਿਹਾ ਕਿ ਕਬਰ ਲੱਭਣ ਤੋਂ ਬਾਅਦ ਉਨ੍ਹਾਂ ਨੇ ਉਸ ਦੀ ਹਾਲਤ ਸੁਧਾਰੀ ਅਤੇ ਮੁਰੰਮਤ ਕਰਵਾਈ ਤੇ ਹੁਣ ਵੀ ਉਸ ਦੀ ਦੇਖ-ਰੇਖ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਬੰਬਾ ਸਦਰਲੈਂਡ ਦੀ ਮੌਤ ਸਿੱਖ ਰਾਜ ਦੀ ਤਾਂਘ ਰੱਖਦਿਆਂ ਲਾਹੌਰ ਵਿੱਚ ਹੀ 1957 ਵਿੱਚ ਹੋ ਗਈ ਸੀ ਤੇ ਉਥੇ ਹੀ ਉਨ੍ਹਾਂ ਦੀ ਕਬਰ ਬਣਾ ਦਿੱਤੀ ਗਈ।





ਬੰਬਾ ਸਦਰਲੈਂਡ ਦੀ ਕਬਰ ਅਤੇ ਡਾ. ਅਬਦੁਲ ਮਜੀਦ ਚੌਧਰੀ

ਡਾ. ਚੌਧਰੀ ਨੇ ਕਿਹਾ ਕਿ ਪਾਕਿਸਤਾਨ ਦੇ ਲੋਕ ਸਿੱਖਾਂ ਅਤੇ ਸਿੱਖ ਇਤਿਹਾਸ ਦਾ ਬਹੁਤ ਸਤਿਕਾਰ ਕਰਦੇ ਹਨ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿੱਚ ਸਿੱਖ ਗੁਰਧਾਮਾਂ ਦੀ ਸੰਭਾਲ ਬਿਹਤਰ ਤਰੀਕੇ ਨਾਲ ਹੋ ਰਹੀ ਹੈ। ਪਾਕਿਸਤਾਨ ਸਰਕਾਰ ਵੱਲੋਂ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ ਪੈਸੇ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾ ਰਹੀ।

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥ ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥

# ਸ਼ਰਧਾਂਜਲੀ ਸਮਾਰੋਹ

## 16 ਜੁਲਾਈ 2017, ਐਤਵਾਰ



ਡਾ. ਗੁਰਮੀਤ ਸਿੰਘ ਔਲਖ

ਕੌਮੀ ਆਜ਼ਾਦੀ ਦੀ ਪ੍ਰਾਪਤੀ ਅਤੇ ਹਲੀਮੀ ਰਾਜ 'ਖਾਲਿਸਤਾਨ' ਦੀ ਸਥਾਪਤੀ ਲਈ ਗੁਰੂ ਪਾਤਸ਼ਾਹ ਵਲੋਂ ਬਖਸ਼ਿਆ ਸਿਧਾਂਤ ਮਨੁੱਖੀ ਜ਼ਿੰਦਗੀ ਵਿਚੋਂ ਗੁਲਾਮੀ ਦੀ ਭਾਵਨਾ ਨੂੰ ਖਤਮ ਕਰਕੇ ਇਹ ਦ੍ਰਿੜ ਕਰਵਾਉਣਾ ਕਿ ਹਰ ਮਨੁੱਖ ਆਜ਼ਾਦ ਜੰਮਦਾ ਹੈ ਅਤੇ ਆਜ਼ਾਦੀ ਉਸ ਦਾ ਜਮਾਂਦਰੂ ਹੱਕ ਹੈ, ਜਿਸ ਲਈ ਸਿੱਖ ਮਨਾਂ ਵਿਚੋਂ 'ਰਾਜ ਕਰੇਗਾ ਖਾਲਸਾ' ਦਾ ਸੰਕਲਪ ਕਦੀ ਮਨਫੀ ਨਹੀਂ ਹੋ ਸਕਦਾ। ਉਸ ਸਿਧਾਂਤ 'ਤੇ ਆਖਰੀ ਸਵਾਸਾਂ ਤੱਕ ਪਹਿਰਾ ਦਿੰਦਿਆਂ ਹਾਰਵਰਡ ਯੂਨੀਵਰਸਿਟੀ ਤੋਂ ਜਨੇਟਿਕਸ ਵਿਚ ਪੀਐਚ.ਡੀ. ਅਤੇ ਬੋਸਟਨ ਵਿਚ ਰੀਸਰਚ ਦੀ ਨੌਕਰੀ ਕਰਨ ਵਾਲੇ ਡਾ. ਗੁਰਮੀਤ ਸਿੰਘ ਔਲਖ ਪੰਥ ਦਾ ਮਹਾਨ ਸਿਪਾਹ ਸਾਲਾਰ ਪਿਛਲੇ ਦਿਨੀਂ ਪਰਿਵਾਰ ਅਤੇ ਸਮੁੱਚੀ ਸਿੱਖ ਕੌਮ ਨੂੰ ਸੰਖੇਪ ਜਿਹੀ ਬਿਮਾਰੀ ਪਿਛੋਂ ਸਦੀਵੀ ਵਿਛੋੜਾ ਦੇ ਗਿਆ।

ਮਹਾਨ ਨਿਸ਼ਕਾਮ ਕੌਮੀ ਆਗੂ ਡਾ. ਗੁਰਮੀਤ ਸਿੰਘ ਔਲਖ ਦੀ ਮਿੱਠੀ ਯਾਦ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਈ ਜਾ ਰਹੀ ਹੈ। ਸਮੂਹ ਸਾਧ ਸੰਗਤ, ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਮੂਹ ਪੰਥਕ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਆਓ, ਸਿੱਖ ਕੌਮ ਦੇ ਕੌਮੀ ਘਰ ਖਾਲਿਸਤਾਨ ਦੀ ਆਜ਼ਾਦੀ ਦੀ ਤੜਪ ਆਪਣੇ ਸੀਨੇ ਵਿਚ ਲੈ ਕੇ ਇਸ ਸੰਸਾਰ ਤੋਂ ਰੁਖਸਤ ਹੋਏ ਕੌਮੀ ਨਾਇਕ ਨੂੰ ਸਾਰੇ ਰਲ ਮਿਲ ਕੇ ਸ਼ਰਧਾ ਦੇ ਫੁੱਲ ਭੇਟ ਕਰੀਏ

**14 ਜੁਲਾਈ 2017, ਸ਼ੁੱਕਰਵਾਰ:** *ਅਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 10 ਵਜੇ*

**16 ਜੁਲਾਈ 2017, ਐਤਵਾਰ:** *ਭੋਗ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 9:30 ਵਜੇ*

ਉਪਰੰਤ ਕਥਾ, ਕੀਰਤਨ ਅਤੇ ਢਾਡੀ ਵਾਰਾਂ ਦਾ ਦੀਵਾਨ ਸਜੇਗਾ

ਇਸ ਤੋਂ ਇਲਾਵਾ ਪੰਥਕ ਬੁਲਾਰੇ ਡਾ. ਗੁਰਮੀਤ ਸਿੰਘ ਔਲਖ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।

*ਨੋਟ: ਭਾਈ ਅਮਰਜੀਤ ਸਿੰਘ ਜੌਹਲ ਬਿਧੀਪੁਰ ਵਾਲਿਆਂ ਦਾ ਢਾਡੀ ਜਥਾ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੇਗਾ।*

**ਬੇਨਤੀ ਕਰਤਾ: ਸਮੂਹ ਸਾਧ ਸੰਗਤ ਗੁਰਦੁਆਰਾ ਸਾਹਿਬ, ਫਰੀਮਾਂਟ**

## ਗੁਰਦੁਆਰਾ ਸਾਹਿਬ, ਫਰੀਮਾਂਟ (ਕੈਲੀਫੋਰਨੀਆ)

**300 Gurdwara Road, Fremont, CA 94536 (Ph: 510-790-0177)**


$20 Off For
Trans-Alliance Carriers
TRANS-ALLIANCE
TOGETHER WE SAVE
SPECIAL TIRE PRICING
TRAILER TIRES STARTING AT
$259*
REGULAR RETAIL $324
ROADMASTER TIRES
ENGINEERED BY COOPERTIRES
TRAILER TIRES STARTING AT
$289*
REGULAR RETAIL $354
KELLY TIRES
TRAILER TIRES STARTING AT
$359*
REGULAR RETAIL $424
GOODYEAR MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
FORMULA By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA
Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# Admissions Open

Gurmat Gian punjabi School Lankershim (Year 2017-2018)

**Punjabi School is opening on July 16, 2017.** Admission forms are available in Gurudwara Sahib and for more information send email to gurmatgianschool@gmail.com. Phone- 818-850-0730

Stage Performance



Punjabi Language




Kirtan & music instruments



ਨਿਤਨੇਮ
Nitnem

## Mission statement of Punjabi School

**Let your kids learn and explore Indian culture, Punjabi language, walk on the path of Gurbani thoughts, lots of exposure with stage performances by exploring their talent , learn music and instruments with our experts.**
**Let them flourish their talent with Guru's blessing.**

## Well equiped and modernised classrooms usin

1) Projectors for showing visuals of saakhi (story)
2) Lot of projects to support learning
3) Cultural quizes
4) lot of modren school suplies and tools

No School fees, Its free Seva from Gurudwara. Hurry admissions are open, let your child get seat

School location- 7650, Lankershim blvd, North hollywood, CA-91605

# Travel for Less Inc.



SPECIALIZED IN DISCOUNT FARES WORLDWIDE
**INDIA | PAKISTAN | EUROPE**

ASIANA AIRLINES
A STAR ALLIANCE MEMBER

Asiana Airlines
Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

## Best deals on major airlines like

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الإتحاد
ETIHAD AIRWAYS
Lufthansa
QATAR AIRWAYS القطرية

BBB
IATAN

8th time in a row
2016 Best of Fremont Award



CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to

**Serving the Bay Area Since 1996**
**32116-Alvarado Blvd. Union City, CA-94587**
Email: info@travelforlessinc.com

**CALL 510-791-3300** Book online 24x7 @ www.Letsflyhome.com

# ਫਰਿਜ਼ਨੋ ਏਰੀਏ ਦੀ ਸਿੱਖ ਸੰਗਤ ਵਲੋਂ ਗੋਰਿਆਂ ਦੇ ਫੋਰਥ ਜੁਲਾਈ ਸਮਾਗਮਾਂ 'ਚ ਕੀਤੀ ਸ਼ਮੂਲੀਅਤ ਦੀਆਂ ਯਾਦਗਾਰੀ ਤਸਵੀਰਾਂ





















ਫੋਟੋਆਂ: ਨੀਟਾ ਮਾਛੀਕੇ

# STOCKTON TEEYAN MELA 2017

**Ladies Only Event**

## ਤੀਆਂ ਦਾ ਮੇਲਾ

7th Annual Teeyan Mela
On
Saturday, August 5, 2017
12:00AM to 6:00PM

Venue: Delta Shelter
Micke Grove Park
11793 N. Micke Grove Road
Lodi, CA 95240

**Special Events:**

Miss Punjaban Competition

Age Groups:
Group 1: 1-7 years old
Group 2: 8-13 years old
Group 3: 14-18 years old

**Featuring: Gidha, Poetry, Plays, Bhangra, DJ, and Much More!**



ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ

For More Info Please Contact:
Ashvinder Kaur (Ashu): (209) 298 6454 Simran K Atwal: (209) 993 7978
Email: Stocktonteeyan@gmail.com www.facebook.com/stocktonteeyan

FREE ENTRY PARKING: $6.00 No Cameras Will Be Allowed

# SINGH TRANSPORT INC




ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



**Raja™ SWEETS & CATERING®**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.


FLY AIR TRAVEL
Fly Air Travel
Best Deals to India
Flights-Hotels-Cars-Vacations
Visa & Passport Services
Best Deals to
India - Fiji - Europe
Australia - Asia
Corporate Travel Management
Domestic Special Fares & Packages
Group Specials
Fly Air Travel
39111 Paseo Padre Parkway Suite 201A
Fremont, CA 94538
Please Contact : Preeti Kang
Phone : 510-744-5152, 510-509-8890
Email: info@flyairtravel.us
VISA
DISCOVER
AMERICAN EXPRESS


Opening Soon
Help wanted
★ Cook
★ Tandoria
★ server and
★ other helpers
Please call Manit Nagra at
317-750-1900.
Tiffin Indian Restaurant
1480 N State Road 1, Cambridge City, IN 47327
Truckers Best Truck Stop Dhaba Restaurant


Scholarships Awards
For students graduated in year 2017 from High/Middle school in
Southern California, with one or both parents being Sikhs
For application forms, guidelines for applicants, or more information,
send email to:scholarshipandawards@gmail.com
Academic Excellence Awards
High School Graduates –
TenAwards $1000 - $2500
Middle School (8th grade) Graduates –
Five Awards$250 - $600
Eligibility Criteria:
GPA B or higher for Academic Excellence Awards,
C or higher for Outstanding Achievement
Awards,&one or both parents being Sikhs
Outstanding Achievement Awards
High School Graduates:$750
1-Sports;2-Visual & Performing Arts;
3-Community Service
Special Awards:$200/each for Perfect score in SAT
$100/each for 80% or higher score on quiz
(quiz material supplied in advance)
Middle School Graduates:Visual & Performing Arts
Two ($250 and $200), $100/each for 80% or
higher score on quiz (quiz material supplied in advance)
Last date for receipt of completed applications: Monday,July 23, 2017
Winners to receive awards at a Gala Lunch event
August 6, 2017 at 11 am
For More Info Call : Gurcharan Bains 661-877-6461, Sukhi Sandhu 805-402-5050,
Baljit Toor 909-844-1600, Gurcharan Singh Dhillon 661-586-6485, Kajal Kalra 949-244-6452
Sponsored by: Sikh American Heritage Society



# PANNU'S
## LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu
(Owner)

VISA IN ONE DAY



Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538 | 3810 Eau Claire Ave, Ceres, MODESTO/CERES CA-95307 | 220 Bush St/Montgomery St, #445 SAN FRANCISCO (OPPOSITE INDIA VISA CENTER)

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345

# GRAND OPENING



We Specialize In Catering All Occasions
50-1200 guests
Call Or Email For Catering:
spicejargrill@gmail.com

spicejarfontana
@spice_jar

# Spice Jar
## INDIAN CUISINE



· Specializing In Tandoor (Clay Oven)
· Vegetarian & Non-Vegetarian Curry

17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com

$1 OFF All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.

$9.99 All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.

20% OFF Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.

# ਕਿਸਾਨ-ਮਜ਼ਦੂਰ ਖ਼ੁਦਕੁਸ਼ੀਆਂ ਦੀ ਜਾਂਚ ਲਈ 5 ਮੈਂਬਰੀ ਵਿਧਾਨ ਸਭਾ ਕਮੇਟੀ ਕਾਇਮ

## ਸੁੱਖ ਸਰਕਾਰੀਆ ਕਰਨਗੇ ਕਮੇਟੀ ਦੀ ਅਗਵਾਈ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇਪੀ ਸਿੰਘ ਨੇ ਸੂਬੇ ਦੇ ਖ਼ੁਦਕੁਸ਼ੀ ਪੀੜਤ ਕਿਸਾਨ ਤੇ ਮਜ਼ਦੂਰ ਪਰਿਵਾਰਾਂ ਦੀ ਦਸ਼ਾ ਜਾਣਨ, ਖ਼ੁਦਕੁਸ਼ੀ ਦੇ ਕਾਰਨਾਂ ਅਤੇ ਇਸ ਦਾ ਹੱਲ ਸੁਝਾਉਣ ਲਈ ਵਿਧਾਨ ਸਭਾ ਕਮੇਟੀ ਕਾਇਮ ਕਰ ਦਿੱਤੀ ਹੈ। ਪੰਜ ਮੈਂਬਰੀ ਕਮੇਟੀ ਵਿਚ ਤਿੰਨ ਕਾਂਗਰਸੀ ਵਿਧਾਇਕਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਤੇ ਅਕਾਲੀ ਦਲ ਦਾ ਇਕ ਇਕ ਵਿਧਾਇਕ ਸ਼ਾਮਲ ਹੈ। ਗੌਰਤਲਬ ਹੈ ਕਿ ਕੈਪਟਨ ਅਮਰਿੰਦਰ ਸਰਕਾਰ ਵੱਲੋਂ ਖ਼ੁਦਕੁਸ਼ੀ ਪੀੜਤ ਕਿਸਾਨ ਤੇ ਮਜ਼ਦੂਰ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ ਬਾਰੇ ਪਹਿਲਾਂ ਹੀ ਐਲਾਨ ਕੀਤਾ ਜਾ ਚੁੱਕਾ ਹੈ। ਵਿਧਾਨ ਸਭਾ ਦੀ ਸਕੱਤਰ ਸ਼ਸ਼ੀ ਲਖਨਪਾਲ ਨੇ ਦੱਸਿਆ ਕਿ ਪੰਜ ਮੈਂਬਰੀ ਕਮੇਟੀ ਦੀ ਅਗਵਾਈ ਕਾਂਗਰਸ ਦੇ ਰਾਜਾਸਾਂਸੀ ਤੋਂ ਵਿਧਾਇਕ ਸੁਖਬਿੰਦਰ ਸਿੰਘ ਉਰਫ਼ ਸੁੱਖ ਸਰਕਾਰੀਆ ਕਰਨਗੇ। ਚਾਰ ਹੋਰ ਮੈਂਬਰਾਂ ਵਿੱਚ ਕਾਂਗਰਸ ਦੇ ਫਤਹਿਗੜ੍ਹ ਸਾਹਿਬ ਤੋਂ ਵਿਧਾਇਕ ਕੁਲਜੀਤ ਸਿੰਘ ਨਾਗਰਾ, ਬੱਲੂਆਣਾ ਤੋਂ ਵਿਧਾਇਕ ਨੱਥੂ ਰਾਮ, ਆਮ ਆਦਮੀ ਪਾਰਟੀ ਦੇ ਮਾਨਸਾ ਤੋਂ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਅਤੇ ਅਕਾਲੀ ਦਲ ਦੇ ਸਨੌਰ ਤੋਂ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਸ਼ਾਮਲ ਹਨ। ਕਮੇਟੀ ਨੂੰ ਤਿੰਨ ਮਹੀਨਿਆਂ ਅੰਦਰ ਰਿਪੋਰਟ ਦੇਣ ਲਈ ਕਿਹਾ ਗਿਆ ਹੈ। ਗੌਰਤਲਬ ਹੈ ਕਿ 19 ਜੂਨ ਨੂੰ ਮੁੱਖ ਮੰਤਰੀ ਵੱਲੋਂ ਕੀਤੇ ਐਲਾਨ ਦੇ ਬਾਵਜੂਦ ਲਗਭਗ 15 ਦਿਨਾਂ ਬਾਅਦ ਵੀ ਕਮੇਟੀ ਨਾ ਬਣਾਏ ਜਾਣ ਦਾ ਮੁੱਦਾ ਉਠਿਆ ਸੀ। ਕਮੇਟੀ ਮੈਂਬਰ ਖ਼ੁਦਕੁਸ਼ੀਆਂ ਰੋਕਣ ਲਈ ਸੁਝਾਅ ਤੇ ਸਿਫਾਰਸ਼ਾਂ ਵਾਲੀ ਇਕ ਵਿਆਪਕ ਰਿਪੋਰਟ ਤਿਆਰ ਕਰੇਗੀ। ਕਮੇਟੀ ਖੇਤ ਮਜ਼ਦੂਰਾਂ ਦੀ ਆਰਥਿਕ ਸਥਿਤੀ ਦੇ ਕਾਰਨਾਂ ਦੀ ਜਾਂਚ ਕਰਦਿਆਂ ਇਸ ਸਭ ਤੋਂ ਕਮਜ਼ੋਰ ਵਰਗ ਨੂੰ ਤੰਗੀ ਤੋਂ ਨਿਜ਼ਾਤ ਦਿਵਾਉਣ ਲਈ ਸੁਝਾਅ ਦੇਵੇਗੀ।

ਗੌਰਤਲਬ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਬਜਟ ਸੈਸ਼ਨ ਦੌਰਾਨ 19 ਜੂਨ ਨੂੰ ਪੰਜ ਏਕੜ ਤਕ ਵਾਲੇ ਕਿਸਾਨਾਂ ਦਾ ਦੋ ਲੱਖ ਰੁਪਏ ਤਕ ਕਰਜ਼ਾ ਮੁਆਫ਼ ਕਰਨ, ਢਾਈ ਏਕੜ ਤਕ ਵਾਲਿਆਂ ਦੇ ਸਾਰੇ ਕਰਜ਼ੇ ਵਿਚੋਂ ਦੋ ਲੱਖ ਰੁਪਏ ਮੁਆਫ ਕਰਨ ਅਤੇ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ ਦਾ ਐਲਾਨ ਕੀਤਾ ਸੀ। ਇਸੇ ਦਿਨ ਮੁੱਖ ਮੰਤਰੀ ਨੇ ਖ਼ੁਦਕੁਸ਼ੀ ਦੇ ਅਸਲ ਕਾਰਨਾਂ ਦਾ ਪਤਾ ਲਾਉਣ ਲਈ ਵਿਧਾਨ ਸਭਾ ਕਮੇਟੀ ਬਣਾਉਣ ਦਾ ਮਤਾ ਪੇਸ਼ ਕੀਤਾ ਸੀ, ਜਿਸ ਨੂੰ ਸਪੀਕਰ ਨੇ ਪ੍ਰਵਾਨ ਕਰ ਲਿਆ ਸੀ। ਖੇਤ ਮਜ਼ਦੂਰਾਂ ਨੂੰ ਕਰਜ਼ਾ ਮੁਆਫ਼ੀ ਤੋਂ ਬਾਹਰ ਰੱਖੇ ਜਾਣ ਦੀ ਆਲੋਚਨਾ ਬਾਅਦ ਮੁੱਖ ਮੰਤਰੀ ਨੇ ਖੇਤ ਮਜ਼ਦੂਰਾਂ ਦੇ ਕਰਜ਼ੇ ਤੇ ਇਸ ਦੇ ਨਬੇੜੇ ਦਾ ਹੱਲ ਸੁਝਾਉਣ ਦੀ ਜ਼ਿੰਮੇਵਾਰੀ ਵੀ ਵਿਧਾਨ ਸਭਾ ਕਮੇਟੀ ਨੂੰ ਸੌਂਪਣ ਦਾ ਐਲਾਨ ਕੀਤਾ ਸੀ।



### ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੀ ਕੋਈ ਸਾਰ ਲੈਣ ਨਹੀਂ ਜਾਂਦਾ

ਪੰਜਾਬ ਸਰਕਾਰ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਮੌਜੂਦਾ ਸਮੇਂ ਸਮਾਜਿਕ ਤਾਣੇ ਬਾਣੇ ਦੇ ਤਿੜਕ ਜਾਣ ਕਾਰਨ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੀ ਸਾਰ ਲੈਣ ਕੋਈ ਨਹੀਂ ਜਾਂਦਾ। ਬੇਸ਼ੱਕ ਪੰਜਾਬ ਸਰਕਾਰ ਦੀ ਖ਼ੁਦਕੁਸ਼ੀ ਪੀੜਤ ਰਾਹਤ ਕਮੇਟੀ ਵਿੱਚ ਇਹ ਦਰਜ ਹੈ ਕਿ ਸਬੰਧਤ ਜ਼ਿਲ੍ਹੇ ਦੇ ਮਾਲ ਤੇ ਖੇਤੀ ਵਿਭਾਗ ਦੇ ਅਧਿਕਾਰੀ ਪੀੜਤ ਪਰਿਵਾਰ ਦੀ ਮੁੜ ਪੈਰਾਂ ਉੱਤੇ ਖੜ੍ਹੇ ਹੋਣ ਵਿਚ ਹਰ ਸੰਭਵ ਮਦਦ ਕਰਨਗੇ। ਹਕੀਕਤ ਇਹ ਹੈ ਕਿ ਕਿਸੇ ਨੇ ਇਨ੍ਹਾਂ ਪੀੜਤ ਪਰਿਵਾਰਾਂ ਦੀ ਸਾਰ ਨਹੀਂ ਲਈ। ਹੁਣ ਕਮੇਟੀ ਘੱਟੋ ਘੱਟ ਇਨ੍ਹਾਂ ਪਰਿਵਾਰਾਂ ਨੂੰ ਮਿਲੇਗੀ ਤਾਂ ਸਮਾਜਿਕ ਤੌਰ ਉੱਤੇ ਇੱਕ ਭਰੋਸਾ ਬੱਝੇਗਾ ਅਤੇ ਕਈ ਹੋਰ ਨਵੇਂ ਤੱਥ ਵੀ ਸਾਹਮਣੇ ਆ ਸਕਦੇ ਹਨ।

# ਕਿਸਾਨ ਜਥੇਬੰਦੀਆਂ ਵਲੋਂ 22 ਅਗਸਤ ਨੂੰ ਮਹਾਂ ਰੈਲੀ

**ਜਲੰਧਰ/ਬਿਊਰੋ ਨਿਊਜ਼ :** ਸੱਤ ਕਿਸਾਨ ਜਥੇਬੰਦੀਆਂ ਨੇ ਇੱਥੇ ਦੇਸ਼ ਭਗਤ ਯਾਦਗਾਰ ਹਾਲ ਵਿੱਚ ਸਾਂਝੀ ਕਨਵੈਨਸ਼ਨ ਦੌਰਾਨ ਕਿਸਾਨੀ ਕਰਜ਼ੇ 'ਤੇ ਲੀਕ ਫਿਰਵਾਉਣ ਲਈ 22 ਅਗਸਤ ਨੂੰ ਬਰਨਾਲਾ ਵਿੱਚ ਮਹਾਂ ਰੈਲੀ ਕਰਨ ਦਾ ਐਲਾਨ ਕੀਤਾ ਹੈ। ਇਸ ਦੌਰਾਨ ਕਿਸਾਨ ਜਥੇਬੰਦੀਆਂ ਨੇ ਇਕਜੁੱਟ ਹੁੰਦਿਆਂ ਕੈਪਟਨ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਵਾਅਦੇ ਮੁਤਾਬਕ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰੇ, ਨਾ ਕਿ ਇਸ ਨੂੰ ਫ਼ਸਲੀ ਕਰਜ਼ਾ ਦੱਸ ਕੇ ਉਲਝਾਏ। ਜਥੇਬੰਦੀਆਂ ਨੇ ਇਹ ਮੰਗ ਵੀ ਕੀਤੀ ਕਿ ਪੰਜ ਏਕੜ ਵਾਲੇ ਕਿਸਾਨਾਂ ਦੇ ਮੁਆਫ਼ ਕੀਤੇ ਦੋ ਲੱਖ ਰੁਪਏ ਦੇ ਕਰਜ਼ੇ ਦਾ ਨੋਟੀਫਿਕੇਸ਼ਨ ਤੁਰੰਤ ਜਾਰੀ ਕੀਤਾ ਜਾਵੇ।

ਇਸ ਮੌਕੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਬਰਨਾਲਾ ਵਿੱਚ ਕੀਤੀ ਜਾਣ ਵਾਲੀ ਮਹਾਂ ਰੈਲੀ ਦੌਰਾਨ ਜਿੱਥੇ ਕਰਜ਼ਾ ਮੁਕਤੀ ਅੰਦੋਲਨ ਹੋਰ ਤੇਜ਼ ਕੀਤਾ ਜਾਵੇਗਾ, ਉਥੇ ਤਿੱਖੇ ਸੰਘਰਸ਼ ਦਾ ਐਲਾਨ ਵੀ ਕੀਤਾ ਜਾਵੇਗਾ। ਕਨਵੈਨਸ਼ਨ ਵਿੱਚ ਕਿਸਾਨ ਜਥੇਬੰਦੀਆਂ ਨੇ ਮੰਗ ਕੀਤੀ ਕਿ ਖਾਦਾਂ, ਕੀਟਨਾਸ਼ਕਾਂ ਤੇ ਖੇਤੀ ਸੰਦਾਂ ਸਣੇ ਖੇਤੀ ਲਾਗਤਾਂ 'ਤੇ ਲਾਇਆ ਜੀਐਸਟੀ ਤੁਰੰਤ ਖ਼ਤਮ ਕੀਤਾ ਜਾਵੇ। ਉਨ੍ਹਾਂ ਕੈਪਟਨ ਸਰਕਾਰ ਤੋਂ ਮੰਗ ਕੀਤੀ ਕਿ ਉਹ ਫ਼ਸਲੀ ਕਰਜ਼ੇ ਦੀ ਮੁਆਫ਼ੀ ਦਾ ਰੌਲਾ ਪਾ ਕੇ ਕਿਸਾਨਾਂ ਨੂੰ ਗੁੰਮਰਾਹ ਨਾ ਕਰਨ ਸਗੋਂ ਸਮੁੱਚੇ ਕਰਜ਼ੇ ਨੂੰ ਆਪਣੇ ਵਾਅਦੇ ਮੁਤਾਬਕ ਮੁਆਫ਼ ਕਰਨ। ਆਗੂਆਂ ਨੇ ਕਿਹਾ ਕਿ ਸਵਾਮੀਨਾਥਨ ਰਿਪੋਰਟ ਨੂੰ ਇੰਨ-ਬਿੰਨ ਲਾਗੂ ਕੀਤਾ ਜਾਵੇ ਤੇ ਜਿਣਸਾਂ ਦੇ ਲਾਹੇਵੰਦ ਭਾਅ ਮਿੱਥੇ ਜਾਣ, ਸ਼ਾਹੂਕਾਰਾਂ ਦੇ ਸਾਰੇ ਦਸਤਾਵੇਜ਼ ਅਤੇ ਵਹੀ-ਖਾਤਿਆਂ ਦੀ ਕਾਨੂੰਨੀ ਮਾਨਤਾ ਰੱਦ ਕੀਤੀ ਜਾਵੇ, ਅਦਾਲਤਾਂ ਵਿੱਚ ਕਿਸਾਨਾਂ ਵਿਰੁੱਧ ਚੱਲ ਰਹੇ ਕੇਸ ਵਾਪਸ ਲਏ ਜਾਣ ਤੇ ਜਬਰੀ ਕਰਜ਼ਾ ਵਸੂਲਣ ਲਈ ਕੁਰਕੀਆਂ ਅਤੇ ਨਿਲਾਮੀਆਂ ਤੇ ਗ੍ਰਿਫ਼ਤਾਰੀਆਂ ਬੰਦ ਕੀਤੀਆਂ ਜਾਣ। ਉਨ੍ਹਾਂ ਖ਼ੁਦਕੁਸ਼ੀ ਪੀੜਤ ਕਿਸਾਨਾਂ ਦੇ ਪਰਿਵਾਰਾਂ ਨੂੰ 10-10 ਲੱਖ ਦਾ ਮੁਆਵਜ਼ਾ, ਪਰਿਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਤੇ ਸਾਰੇ ਕਰਜ਼ੇ 'ਤੇ ਬਿਨਾਂ ਦੇਰੀ ਲੀਕ ਫੇਰਨ ਦੀ ਮੰਗ ਕੀਤੀ।

# ਸਿੱਖ ਕਤਲੇਆਮ ਕੇਸ ਲੜਨ ਲਈ ਫੂਲਕਾ ਨੇ ਛੱਡਿਆ ਵਿਰੋਧੀ ਧਿਰ ਦੇ ਆਗੂ ਦਾ ਰੁਤਬਾ

## *ਸਪੀਕਰ ਨੇ ਅਸਤੀਫ਼ਾ ਰੱਖਿਆ ਵਿਚਾਰ ਅਧੀਨ*

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵਿਧਾਇਕ ਐਚ.ਐਸ. ਫੂਲਕਾ ਨੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਵਜੋਂ ਅਸਤੀਫਾ ਦੇ ਦਿੱਤਾ। ਉਨ੍ਹਾਂ ਆਪਣਾ ਅਸਤੀਫ਼ਾ ਸਪੀਕਰ ਰਾਣਾ ਕੇਪੀ ਸਿੰਘ ਨੂੰ ਸੌਂਪਿਆ। ਸਪੀਕਰ ਨੇ ਫਿਲਹਾਲ ਅਸਤੀਫ਼ਾ ਮਨਜ਼ੂਰ ਨਹੀਂ ਕੀਤਾ ਅਤੇ ਵਿਚਾਰ ਲਈ ਰੱਖ ਲਿਆ ਹੈ। ਇਸ ਦੌਰਾਨ ਆਮ ਆਦਮੀ ਪਾਰਟੀ ਨੇ ਪੰਜਾਬ ਵਿਧਾਨ ਸਭਾ ਵਿਚ ਵਿਧਾਇਕ ਦਲ ਦੇ ਆਗੂ ਦੀ ਚੋਣ ਲਈ 13 ਜੁਲਾਈ ਨੂੰ ਵਿਧਾਇਕਾਂ ਦੀ ਮੀਟਿੰਗ ਸੱਦ ਲਈ ਹੈ। ਪਾਰਟੀ ਹਾਈ ਕਮਾਂਡ ਨੇ ਵਿਧਾਇਕਾਂ ਨੂੰ ਮੀਟਿੰਗ ਦੇ ਸੁਨੇਹੇ ਲਾ ਦਿੱਤੇ ਹਨ, ਪਰ ਅਜੇ ਸਮਾਂ ਅਤੇ ਸਥਾਨ ਨਹੀਂ ਦੱਸਿਆ ਹੈ। ਸ਼੍ਰੀ ਫੂਲਕਾ ਵੱਲੋਂ ਦਿੱਤੇ ਅਸਤੀਫ਼ੇ ਨਾਲ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਦਾ ਅਹੁਦਾ ਖ਼ਾਲੀ ਹੋ ਗਿਆ ਹੈ। ਸਰਕਾਰ ਵੱਲੋਂ ਲਏ ਜਾਣ ਵਾਲੇ ਕਈ ਅਹਿਮ ਫ਼ੈਸਲਿਆਂ ਵਿੱਚ ਵਿਰੋਧੀ ਧਿਰ ਦੇ ਆਗੂ ਦੀ ਲੋੜ ਪੈਂਦੀ ਹੈ ਅਤੇ ਕਈ ਸਰਕਾਰੀ ਕਮੇਟੀਆਂ ਲਈ ਮੈਂਬਰੀ ਵੀ ਲਾਜ਼ਮੀ ਕੀਤੀ ਗਈ ਹੈ, ਪਰ ਆਗੂ ਦੀ ਗ਼ੈਰਹਾਜ਼ਰੀ ਵਿੱਚ ਵੀ ਕੰਮ ਰੂਟੀਨ ਵਾਂਗ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ। ਯਾਦ ਰਹੇ ਕਿ ਫੂਲਕਾ ਨੇ ਦਿੱਲੀ ਬਾਰ ਕੌਂਸਲ ਨਾਲ ਦੰਗਾ ਪੀੜਤਾਂ ਦਾ ਕੇਸ ਲੜਨ ਨੂੰ ਜਾਰੀ ਰੱਖਣ ਦੇ ਰੇੜਕੇ ਦਰਮਿਆਨ ਅਹੁਦਾ ਛੱਡਣ ਬਾਰੇ ਆਪਣੇ ਫੈਸਲੇ ਦੀ ਜਾਣਕਾਰੀ ਪਹਿਲਾਂ ਹੀ ਪਾਰਟੀ ਹਾਈ ਕਮਾਂਡ ਨੂੰ ਦੇ ਦਿੱਤੀ ਸੀ ਅਤੇ 9 ਜੁਲਾਈ ਨੂੰ ਇਸ ਸਬੰਧੀ ਰਸਮੀ ਐਲਾਨ ਵੀ ਕਰ ਦਿੱਤਾ। ਸ੍ਰੀ ਫੂਲਕਾ ਸਪੀਕਰ ਨੂੰ ਅਸਤੀਫ਼ਾ ਦੇਣ ਲਈ ਦਿੱਲੀ ਤੋਂ ਜਹਾਜ਼ ਰਾਹੀਂ ਚੰਡੀਗੜ੍ਹ ਆਏ ਅਤੇ ਸਪੀਕਰ ਨੂੰ ਮਿਲਣ ਮਗਰੋਂ ਵਾਪਸ ਚਲੇ ਗਏ। ਸੁਪਰੀਮ ਕੋਰਟ ਵਿੱਚ ਦਿੱਲੀ ਦੰਗਾ ਪੀੜਤਾਂ ਦੇ ਕੇਸ ਦੀ ਸੁਣਵਾਈ 13 ਜੁਲਾਈ ਨੂੰ ਹੈ, ਜਿਸ ਦੀ ਤਿਆਰੀ ਵਿੱਚ ਰੁੱਝੇ ਹੋਣ ਕਰਕੇ ਉਹ ਇੱਥੇ ਬਗ਼ੈਰ ਰੁਕੇ ਹੀ ਪਰਤ ਗਏ।

## 'ਆਪ' ਨੇ ਹਾਲ ਦੀ ਘੜੀ ਸਰਬਜੀਤ ਕੌਰ ਮਾਣੂੰਕੇ ਨੂੰ ਫੂਲਕਾ ਦੀ ਥਾਂ ਜ਼ਿੰਮੇਵਾਰੀ ਸੌਂਪਣ ਦਾ ਮਨ ਬਣਾਇਆ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਨੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਐਚ.ਐਸ. ਫੂਲਕਾ ਦਾ ਬਦਲ ਲੱਭਣ ਦੀ ਕਾਹਲ ਛੱਡ ਦਿੱਤੀ ਹੈ। ਪਾਰਟੀ ਹਾਈ ਕਮਾਂਡ ਨਵੇਂ ਸੂਬਾ ਸੰਗਠਨ ਦੇ ਅਹੁਦੇਦਾਰ ਨਿਯੁਕਤ ਕਰ ਕੇ ਸਿਆਸੀ ਸਰਗਰਮੀਆਂ ਵਧਾਉਣ ਦੇ ਰੌਂਅ ਵਿੱਚ ਹੈ। ਅਗਲੇ 10 ਦਿਨਾਂ ਵਿੱਚ ਅਹੁਦੇਦਾਰਾਂ ਦੀ ਪਹਿਲੀ ਲਿਸਟ ਜਾਰੀ ਕੀਤੀ ਜਾਵੇਗੀ। ਪਾਰਟੀ ਹਾਈ ਕਮਾਂਡ ਨੇ ਫੂਲਕਾ ਵੱਲੋਂ ਅਸਤੀਫ਼ਾ ਦੇਣ ਦੀ ਕਾਹਲ ਵਿਖਾਉਣ ਦੀ ਸੂਰਤ ਵਿੱਚ ਡਿਪਟੀ ਆਗੂ ਸਰਬਜੀਤ ਕੌਰ ਮਾਣੂੰਕੇ ਨੂੰ ਹਾਲ ਦੀ ਘੜੀ ਕਮਾਨ ਸੌਂਪਣ ਦਾ ਮਨ ਬਣਾ ਲਿਆ ਹੈ। ਇਸ ਦੌਰਾਨ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਮਗਰੋਂ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਅਮਨ ਅਰੋੜਾ ਵੀ ਵਿਰੋਧੀ ਧਿਰ ਦੇ ਆਗੂ ਦੀ ਦੌੜ ਵਿਚ ਸ਼ਾਮਲ ਹੋ ਗਏ ਹਨ। ਹਾਲਾਂਕਿ ਵਿਧਾਇਕ ਸੁਖਪਾਲ ਖਹਿਰਾ ਅਤੇ ਕੰਵਰ ਸੰਧੂ ਵੀ ਇਸ ਅਹੁਦੇ ਲਈ ਆਸ ਲਾਈ ਬੈਠੇ ਹਨ। ਦਲਿਤ ਵਰਗ ਨਾਲ ਸਬੰਧਤ ਸਰਬਜੀਤ ਕੌਰ ਮਾਣੂੰਕੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਡਿਪਟੀ ਆਗੂ ਹਨ। ਪਾਰਟੀ ਇੱਕ ਤੀਰ ਨਾਲ ਦੋ ਨਿਸ਼ਾਨੇ ਫੁੰਡਣ ਦੀ ਤਾਕ ਵਿੱਚ ਹੈ।

# ਸਿੱਖ ਸਦਭਾਵਨਾ ਦਲ ਦੇ ਜਨਰਲ ਇਜਲਾਸ ਦੌਰਾਨ 23 ਮੈਂਬਰੀ ਜਥੇਬੰਦਕ ਢਾਂਚਾ ਕਾਇਮ

**ਸ੍ਰੀ ਆਨੰਦਪੁਰ ਸਾਹਿਬ/ਬਿਊਰੋ ਨਿਊਜ਼ :** ਸਿੱਖ ਸਦਭਾਵਨਾ ਦਲ ਦੇ ਦੋ ਦਿਨਾ ਜਨਰਲ ਇਜਲਾਸ ਤੋਂ ਬਾਅਦ ਸਰਬਸੰਮਤੀ ਨਾਲ 23 ਮੈਂਬਰੀ ਜਥੇਬੰਦਕ ਢਾਂਚੇ ਦਾ ਐਲਾਨ ਕੀਤਾ ਗਿਆ। ਇਸ ਮੌਕੇ ਬੁਲਾਰਿਆਂ ਨੇ ਵਿਚਾਰ ਚਰਚਾ ਉਪਰੰਤ ਦਲ ਦੀ ਰੂਪ-ਰੇਖਾ ਤੇ ਤਿਆਰ ਸੰਵਿਧਾਨ ਸਬੰਧੀ ਆਪਣੀ ਰਾਇ ਰੱਖੀ ਤੇ ਦਲ ਦੇ ਸੰਵਿਧਾਨ 'ਤੇ ਮੋਹਰ ਲਾਉਂਦਿਆਂ ਜਨਰਲ ਬਾਡੀ ਦਾ ਐਲਾਨ ਕੀਤਾ। ਇਸ ਮੌਕੇ ਵਿਦਵਾਨਾਂ ਤੇ ਬੁਲਾਰਿਆਂ ਨੇ ਸਿੱਖ ਸਦਭਾਵਨਾ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਜੋਕੇ ਸਮੇਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਹੋ ਰਹੀ ਨਿਰਾਦਰੀ, ਸਿੱਖੀ ਸਿਧਾਤਾਂ ਅਤੇ ਮਾਣ ਮਰਿਆਦਾ ਦਾ ਕਤਲ, ਗੁਰਦੁਆਰਿਆਂ ਦੇ ਹੋ ਰਹੇ ਰਾਜਸੀਕਰਨ, ਨਸ਼ਾਖੋਰੀ, ਭ੍ਰਿਸ਼ਟਾਚਾਰੀ ਨੂੰ ਧਿਆਨ ਵਿੱਚ ਰੱਖਦਿਆਂ, ਗੁਰਦੁਆਰਿਆਂ ਦੇ ਅਦਬ-ਸਤਿਕਾਰ ਤੇ ਪੰਥਕ ਰਹੁ ਰੀਤਾਂ ਦੀ ਮੁੜ ਬਹਾਲੀ, ਗੁਰੂ ਘਰਾਂ ਦੀ ਗੋਲਕ ਨੂੰ ਸਹੀ ਅਰਥਾਂ ਵਿੱਚ ਗ਼ਰੀਬ ਦੇ ਮੂੰਹ ਤੱਕ ਪਹੁੰਚਾਉਣ ਲਈ ਸਿੱਖ ਸਦਭਾਵਨਾ ਦਲ ਵੱਲੋਂ ਸ਼ੁਰੂ ਕੀਤੀ ਗੁਰਦੁਆਰਾ ਪ੍ਰਬੰਧ-ਸੁਧਾਰ ਲਹਿਰ ਤਹਿਤ ਭਵਿੱਖ ਵਿੱਚ ਆ ਰਹੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨ ਦਾ ਫ਼ੈਸਲਾ ਕੀਤਾ ਗਿਆ ਹੈ।

ਮੁੱਖ ਸੇਵਾਦਾਰ ਸਿੱਖ ਸਦਭਾਵਨਾ ਦਲ ਭਾਈ ਬਲਦੇਵ ਸਿੰਘ ਵਡਾਲਾ ਨੇ ਹਾਜ਼ਰ ਸ਼ਖ਼ਸੀਅਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਇੱਕ ਪਰਿਵਾਰ ਦਾ ਕਬਜ਼ਾ ਹੋ ਚੁੱਕਾ ਹੈ। ਉਹ ਆਰਐੱਸਐੱਸ ਤੇ ਨਾਗਪੁਰ ਦੇ ਇਸ਼ਾਰਿਆਂ ਤੇ ਸ਼੍ਰੋਮਣੀ ਕਮੇਟੀ ਵਿੱਚ ਉੱਚ ਅਧਿਕਾਰੀਆਂ ਦੇ ਅਹੁਦਿਆਂ 'ਤੇ ਆਰਐੱਸਐੱਸ ਦੇ ਪ੍ਰਚਾਰਕਾਂ ਨੂੰ ਨਿਯੁਕਤ ਕਰ ਰਿਹਾ ਹੈ, ਇਸ ਨੂੰ ਰੋਕਣਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਿੱਖ ਸਦਭਾਵਨਾ ਦਲ ਦੀ ਅਗਲੀ ਮੀਟਿੰਗ 5 ਅਗਸਤ ਨੂੰ ਮਾਛੀਵਾੜਾ ਸਾਹਿਬ ਵਿਖੇ ਹੋਵੇਗੀ। ਉਨ੍ਹਾਂ ਦਲ ਦੇ ਸਮੂਹ ਮੈਂਬਰਾਂ ਨੂੰ ਪੁੱਜਣ ਦੀ ਅਪੀਲ ਕੀਤੀ। ਇਜਲਾਸ ਦੇ ਦੌਰਾਨ ਭਾਈ ਸਵਰਨ ਸਿੰਘ, ਭਾਈ ਸੁਖਵਿੰਦਰ ਸਿੰਘ ਆਜ਼ਾਦ ਤੇ ਭਾਈ ਹਰਿੰਦਰਪਾਲ ਸਿੰਘ ਖ਼ਾਲਸਾ (ਤਿੰਨੋਂ ਸੀਨੀਅਰ ਮੀਤ ਪ੍ਰਧਾਨ), ਭਾਈ ਜਗਤਾਰ ਸਿੰਘ ਦਿੱਲੀ, ਭਾਈ ਗਿਆਨ ਸਿੰਘ ਗੰਗਾ ਨਗਰ, ਭਾਈ ਸਤਨਾਮ ਸਿੰਘ ਉੱਤਰਾਖੰਡ,

ਬਾਕੀ ਸਫ਼ਾ 32 'ਤੇ

# ਮਾਲਵਾ ਖਿੱਤੇ 'ਚ ਕੈਂਸਰ ਕਾਰਨ ਮਾਸੂਮ ਵੀ ਪਲ ਪਲ ਜਾ ਰਹੇ ਮੌਤ ਦੇ ਮੂੰਹ ਵਿਚ

**ਬਠਿੰਡਾ/ਬਿਊਰੋ ਨਿਊਜ਼ :** ਮਾਲਵਾ ਖਿੱਤੇ ਵਿੱਚ ਹੁਣ ਛੋਟੇ ਬੱਚੇ ਵੀ ਕੈਂਸਰ ਦੀ ਮਾਰ ਤੋਂ ਨਹੀਂ ਬਚੇ। ਕੈਂਸਰ ਨੇ ਸੈਂਕੜੇ ਬੱਚਿਆਂ ਦੀਆਂ ਰੀਝਾਂ ਅਤੇ ਮਾਪਿਆਂ ਦੇ ਅਰਮਾਨਾਂ ਨੂੰ ਰਾਖ ਕਰ ਦਿੱਤਾ ਹੈ। ਮਹਿੰਗੇ ਇਲਾਜ ਕਾਰਨ ਪੀੜਤ ਬੱਚਿਆਂ ਦੇ ਗ਼ਰੀਬੀ ਦੀ ਦਲਦਲ ਵਿੱਚ ਫਸਦੇ ਜਾ ਰਹੇ ਹਨ।

ਬਠਿੰਡਾ ਜ਼ਿਲ੍ਹੇ ਦੇ ਪਿੰਡ ਸਿਵੀਆ ਦੇ ਕਰਨਵੀਰ ਸਿੰਘ ਨੇ ਅਜੇ ਜ਼ਿੰਦਗੀ ਦਾ ਇੱਕ ਵਰ੍ਹਾ ਵੀ ਪੂਰਾ ਨਹੀਂ ਕੀਤਾ ਸੀ ਕਿ ਕੈਂਸਰ ਦੀ ਰਿਪੋਰਟ ਮਿਲ ਗਈ। ਪਿਤਾ ਅਵਤਾਰ ਸਿੰਘ ਦਾ ਕਹਿਣਾ ਹੈ ਕਿ ਉਹ 10 ਮਹੀਨੇ ਦੇ ਬੱਚੇ ਨੂੰ ਅੱਠ ਮਹੀਨੇ ਤੋਂ ਹਸਪਤਾਲਾਂ ਵਿੱਚ ਲਿਜਾ ਰਹੇ ਹਨ। ਅਵਤਾਰ ਸਿੰਘ ਦੱਸਦਾ ਹੈ ਕਿ ਉਸ ਦਾ ਲੜਕਾ ਪੰਜਾਬ ਵਿੱਚ ਸਭ ਤੋਂ ਛੋਟੀ ਉਮਰ ਦਾ ਕੈਂਸਰ ਪੀੜਤ ਹੈ, ਜਿਸ ਨੂੰ ਦੋ ਮਹੀਨੇ ਦੀ ਉਮਰ ਵਿੱਚ ਹੀ ਇਸ ਬਿਮਾਰੀ ਨੇ ਜਕੜ ਲਿਆ ਸੀ। ਮੁਕਤਸਰ ਜ਼ਿਲ੍ਹੇ ਦੇ ਪਿੰਡ ਰੁਪਾਣਾ ਦੇ ਧਰਮਿੰਦਰ ਕੁਮਾਰ ਦੀ ਪਹਿਲਾਂ 13 ਵਰ੍ਹਿਆਂ ਦੀ ਧੀ ਜਸਮੀਨ ਜਹਾਨੋਂ ਤੁਰ ਗਈ ਅਤੇ ਹੁਣ ਉਸ ਦਾ 6 ਵਰ੍ਹਿਆਂ ਦਾ ਬੇਟਾ ਇਮਾਨ ਕੈਂਸਰ ਨਾਲ ਜੂਝ ਰਿਹਾ ਹੈ।

ਪਤਨੀ ਬਿਮਾਰ ਪਈ ਹੈ ਤੇ ਧਰਮਿੰਦਰ ਕੁਮਾਰ ਨੂੰ ਮਹਿੰਗੇ ਇਲਾਜ ਨੇ ਹਰਾ ਦਿੱਤਾ ਹੈ। ਹੁਣ ਉਸ ਦੇ ਬੱਚੇ ਦੀ ਡੋਰ ਰੱਬ ਦੇ ਹੱਥ ਹੈ। ਉਹ ਦੱਸਦਾ ਹੈ ਕਿ ਉਹ ਰੋਜ਼ਾਨਾ ਬੱਚੇ ਨੂੰ ਡੇਰੇ ਲਿਜਾ ਕੇ ਅਰਦਾਸ ਕਰਦਾ ਹੈ, ਹੋਰ ਕੋਈ ਚਾਰਾ ਵੀ ਨਹੀਂ ਬਚਿਆ। ਹੁਣ ਮਹਿੰਗੇ ਇਲਾਜ ਦੀ ਪਹੁੰਚ ਨਹੀਂ ਰਹੀ। ਮਾਨਸਾ ਜ਼ਿਲ੍ਹੇ ਦੇ ਪਿੰਡ ਕਾਹਨਗੜ੍ਹ ਦਾ 13 ਵਰ੍ਹਿਆਂ ਦਾ ਹਰਮਨ ਸੱਤਵੀਂ ਕਲਾਸ ਵਿੱਚ ਪੜ੍ਹਦਾ ਹੈ ਪਰ ਹੁਣ ਉਹ ਸਕੂਲ ਘੱਟ, ਹਸਪਤਾਲ ਵੱਧ ਜਾਂਦਾ ਹੈ।



ਪਿੰਡ ਰੁਪਾਣਾ ਦਾ ਕੈਂਸਰ ਪੀੜਤ ਇਮਾਨ।

ਪਿਤਾ ਸੰਦੀਪ ਸਿੰਘ ਆਖਦਾ ਹੈ ਕਿ ਹੁਣ ਤੱਕ ਅੱਠ ਲੱਖ ਰੁਪਏ ਇਲਾਜ 'ਤੇ ਲੱਗ ਚੁੱਕੇ ਹਨ ਅਤੇ ਬਾਰੇ ਪੈਸੇ ਰਿਸ਼ਤੇਦਾਰਾਂ ਫੜ ਕੇ ਇਲਾਜ ਚੱਲ ਰਿਹਾ ਹੈ। ਸਰਕਾਰ ਵੱਲੋਂ ਜੋ ਵਿੱਤੀ ਮਦਦ ਦਿੱਤੀ ਜਾਂਦੀ ਹੈ, ਉਹ ਅਜੇ ਤੱਕ ਨਹੀਂ ਮਿਲੀ ਹੈ। ਮਾਨਸਾ ਦੇ ਪਿੰਡ ਕੌੜੀਵਾਲਾ ਦੇ ਛੇ ਵਰ੍ਹਿਆਂ ਦੇ ਬੱਚੇ ਜਸ਼ਨਦੀਪ ਦੀ ਵੀ ਇਹੋ ਕਹਾਣੀ ਹੈ।

ਬਾਪ ਸਤਪਾਲ ਸਿੰਘ ਮਜ਼ਦੂਰੀ ਕਰਦਾ ਹੈ। ਉਸ ਦਾ ਕਹਿਣਾ ਹੈ ਕਿ ਉਹ ਫ਼ਰੀਦਕੋਟ ਤੋਂ ਇਲਾਜ ਕਰਾ ਰਹੇ ਹਨ। ਸਰਕਾਰ ਨੇ ਕੋਈ ਵਿੱਤੀ ਮਦਦ ਨਹੀਂ ਦਿੱਤੀ, ਉਨ੍ਹਾਂ ਨੂੰ ਵਿਆਜੂ ਪੈਸੇ ਚੁੱਕ ਕੇ ਇਲਾਜ ਕਰਾਉਣਾ ਪੈ ਰਿਹਾ ਹੈ। ਬਠਿੰਡਾ ਦੀ ਮੌੜ ਮੰਡੀ ਦੇ ਬੱਸ ਡਰਾਈਵਰ ਕਾਲਾ ਸਿੰਘ ਦੀ ਢਾਈ ਵਰ੍ਹਿਆਂ ਦੀ ਬੱਚੀ ਲਵਪ੍ਰੀਤ ਨੂੰ ਕੈਂਸਰ ਹੈ। ਉਸ ਦੇ ਇਲਾਜ 'ਤੇ ਤਿੰਨ ਲੱਖ ਰੁਪਏ ਖ਼ਰਚ ਹੋ ਚੁੱਕਿਆ ਹੈ। ਰਾਮਪੁਰੇ ਦੇ ਸੱਤ ਵਰ੍ਹਿਆਂ ਦੇ ਅੰਕੁਸ਼ ਨੂੰ ਵੀ ਇਸੇ ਬਿਮਾਰੀ ਨਾਲ ਜੂਝਣਾ ਪੈ ਰਿਹਾ ਹੈ। ਜ਼ਿਲ੍ਹਾ ਸੰਗਰੂਰ ਦੇ ਪਿੰਡ ਗੋਬਿੰਦਗੜ੍ਹ ਜੇਜੀਆਂ ਦੀ ਤਿੰਨ ਵਰ੍ਹਿਆਂ ਦੀ ਬੱਚੀ ਨੂੰ ਕੈਂਸਰ ਹੈ, ਜਦੋਂਕਿ ਨਿਹਾਲ ਸਿੰਘ ਵਾਲਾ (ਮੋਗਾ) ਦੇ 14 ਵਰ੍ਹਿਆਂ ਦੇ ਬੱਚੇ ਰਾਜਵੀਰ ਦਾ ਵੀ ਕੈਂਸਰ ਦਾ ਇਲਾਜ ਚੱਲ ਰਿਹਾ ਹੈ।

ਅੰਕੜਿਆਂ ਅਨੁਸਾਰ ਪੰਜਾਬ ਵਿੱਚ ਕੈਂਸਰ ਨਾਲ ਰੋਜ਼ਾਨਾ ਔਸਤਨ 43 ਮੌਤਾਂ ਹੁੰਦੀਆਂ ਹਨ ਤੇ ਮਾਲਵਾ ਇਸ ਬਿਮਾਰੀ ਤੋਂ ਜ਼ਿਆਦਾ ਪੀੜਤ ਹੈ। ਮਾਲਵੇ ਵਿੱਚ ਕੈਂਸਰ ਦੇ ਕੇਸ ਦਿਨੋਂ ਦਿਨ ਵਧਦੇ ਜਾ ਰਹੇ ਹਨ ਤੇ ਛੋਟੇ ਬੱਚੇ ਵੀ ਇਸ ਦੀ ਗ੍ਰਿਫ਼ਤ ਵਿੱਚ ਆ ਰਹੇ ਹਨ। ਮਾਪੇ ਆਖਦੇ ਹਨ ਕਿ ਸਰਕਾਰ ਇਸ ਬਿਮਾਰੀ ਦੀ ਜੜ੍ਹ ਲੱਭੇ ਤਾਂ ਜੋ ਹੋਰ ਘਰਾਂ ਨੂੰ ਬੁਰੇ ਦਿਨ ਨਾ ਵੇਖਣੇ ਪੈਣ।

# ਨੂਰਮਹਿਲ ਡੇਰੇ 'ਚ ਗੁਰੂ ਪੂਰਨਿਮਾ ਮੌਕੇ ਕਾਂਗਰਸੀ ਆਗੂਆਂ ਵੱਲੋਂ ਸ਼ਕਤੀ ਪ੍ਰਦਰਸ਼ਨ

**ਜਲੰਧਰ/ਬਿਊਰੋ ਨਿਊਜ਼ :** ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਨੂਰਮਹਿਲ ਦੇ ਬਾਨੀ ਆਸ਼ੂਤੋਸ਼ ਦੀ ਦੇਹ ਸੰਭਾਲੀ ਰੱਖਣ ਦੇ ਆਏ ਅਦਾਲਤੀ ਫ਼ੈਸਲੇ ਤੋਂ ਬਾਅਦ ਡੇਰੇ ਵਿੱਚ ਪਹਿਲੀ ਵਾਰ ਗੁਰੂ ਪੂਰਨਿਮਾ ਮੌਕੇ ਵੱਡਾ ਭੰਡਾਰਾ ਕੀਤਾ ਗਿਆ। ਸਮਾਗਮ ਵਿੱਚ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਹਾਜ਼ਰੀ ਭਰੀ। ਇਨ੍ਹਾਂ ਵਿੱਚ ਕਾਂਗਰਸੀ ਆਗੂ ਮੋਹਰੀ ਰਹੇ। ਕਾਂਗਰਸ ਦੇ ਵੱਡੀ ਗਿਣਤੀ ਮੰਤਰੀ, ਵਿਧਾਇਕ ਤੇ ਸੰਸਦ ਮੈਂਬਰ ਸਮਾਗਮ ਵਿੱਚ ਹਾਜ਼ਰ ਸਨ। ਸੰਸਥਾਨ ਵੱਲੋਂ ਗੁਰੂ ਪੂਜਾ ਦਾ ਪੁਰਬ ਹਾੜ੍ਹ ਮਹੀਨੇ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ, ਇਸੇ ਦਿਨ ਵੇਦ ਵਿਆਸ ਜੀ ਦਾ ਜਨਮ ਹੋਇਆ ਸੀ। ਹਾਈ ਕੋਰਟ ਦੇ ਫ਼ੈਸਲੇ ਤੋਂ ਬਾਅਦ ਕੀਤੇ ਇਸ ਸਮਾਗਮ ਵਿੱਚ ਲੋਕਾਂ ਅਤੇ ਸਿਆਸੀ ਆਗੂਆਂ ਦੇ ਇਕੱਠ ਨੂੰ ਸ਼ਕਤੀ ਪ੍ਰਦਰਸ਼ਨ ਵਜੋਂ ਦੇਖਿਆ ਜਾ ਰਿਹਾ ਹੈ। ਇਸ ਮੌਕੇ ਕਾਂਗਰਸੀ ਆਗੂਆਂ ਵਿੱਚ ਸਮਾਜ ਭਲਾਈ ਮੰਤਰੀ ਸਾਧੂ ਸਿੰਘ ਧਰਮਸੋਤ, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ, ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ, ਵਿਧਾਇਕ ਰਾਜਿੰਦਰ ਬੇਰੀ, ਵਿਧਾਇਕ ਚੌਧਰੀ ਸੁਰਿੰਦਰ ਸਿੰਘ, ਵਿਧਾਇਕ ਬਾਵਾ ਹੈਨਰੀ, ਵਿਧਾਇਕ ਗੁਰਕੀਰਤ ਸਿੰਘ ਕੋਟਲੀ, ਨਵਾਂਸ਼ਹਿਰ ਦੇ ਵਿਧਾਇਕ ਅੰਗਦ ਸੈਣੀ, ਸੁਨੀਲ ਦੱਤੀ ਤੇ



ਡੇਰੇ ਵਿੱਚ ਸਮਾਗਮ ਮੌਕੇ ਪੁੱਜੇ ਸਿਆਸੀ ਆਗੂ ਤੇ ਹੋਰ ਸੰਗਤ।

ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਦਲਜੀਤ ਸਿੰਘ ਆਹਲੂਵਾਲੀਆ ਸ਼ਾਮਲ ਸਨ। ਭਾਜਪਾ ਵੱਲੋਂ ਸੂਬਾਈ ਪ੍ਰਧਾਨ ਅਤੇ ਕੇਂਦਰੀ ਰਾਜ ਮੰਤਰੀ ਵਿਜੈ ਕੁਮਾਰ ਸਾਂਪਲਾ, ਵਿਧਾਇਕ ਸੋਮ ਪ੍ਰਕਾਸ਼, ਸੂਬਾ ਉਪ ਪ੍ਰਧਾਨ ਰਾਕੇਸ਼ ਰਾਠੌਰ, ਸਾਬਕਾ ਮੰਤਰੀ ਤੀਕਸ਼ਣ ਸੂਦ ਤੇ ਮੇਅਰ ਸੁਨੀਲ ਜੋਤੀ ਹਾਜ਼ਰ ਸਨ, ਜਦੋਂ ਕਿ ਅਕਾਲੀ ਦਲ ਦੇ ਵਿਧਾਇਕਾਂ ਵਿੱਚ ਪਵਨ ਕੁਮਾਰ ਟੀਨੂੰ ਅਤੇ ਗੁਰਪ੍ਰਤਾਪ ਸਿੰਘ ਵਡਾਲਾ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਸੰਸਥਾਨ ਦੇ ਬਾਨੀ 'ਆਸ਼ੂਤੋਸ਼ ਮਹਾਰਾਜ' ਨੂੰ 28-29 ਜਨਵਰੀ 2014 ਦੀ ਦਰਮਿਆਨੀ ਰਾਤ ਨੂੰ ਦਿਲ ਵਿੱਚ ਦਰਦ ਉੱਠਿਆ ਸੀ। ਡਾਕਟਰਾਂ ਅਨੁਸਾਰ ਉਨ੍ਹਾਂ ਦੀ ਮੌਤ ਹੋ ਚੁੱਕੀ ਹੈ, ਜਦੋਂ ਕਿ ਡੇਰੇ ਦੇ ਪ੍ਰਬੰਧਕਾਂ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ 'ਆਸ਼ੂਤੋਸ਼ ਮਹਾਰਾਜ' ਡੂੰਘੀ ਸਮਾਧੀ ਵਿੱਚ ਹਨ ਤੇ ਇਕ ਦਿਨ ਵਾਪਸ ਜ਼ਰੂਰ ਆਉਣਗੇ। ਉਨ੍ਹਾਂ ਦੀ ਦੇਹ ਨੂੰ ਫਰੀਜ਼ਰ ਵਿੱਚ ਰੱਖਿਆ ਗਿਆ ਹੈ। ਇਸ ਮਾਮਲੇ ਵਿੱਚ ਬੀਤੇ ਦਿਨੀਂ ਹਾਈ ਕੋਰਟ ਦਾ ਫ਼ੈਸਲਾ ਆਇਆ ਸੀ ਕਿ ਡੇਰਾ ਪ੍ਰਬੰਧਕ 'ਆਸ਼ੂਤੋਸ਼ ਮਹਾਰਾਜ' ਦੀ ਦੇਹ ਨੂੰ ਸੰਭਾਲ ਸਕਦੇ ਹਨ, ਇਸ ਲਈ ਉਨ੍ਹਾਂ ਨੂੰ 50 ਲੱਖ ਰੁਪਏ ਜਮ੍ਹਾਂ ਕਰਵਾਉਣੇ ਪੈਣਗੇ।

## ਡੇਰੇ ਨੂੰ ਆਸ਼ੂਤੋਸ਼ ਦੀ ਦੇਹ ਸੰਭਾਲੀ ਰੱਖਣ ਦੀ ਮਿਲੀ ਇਜਾਜ਼ਤ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਦਿਵਿਆ ਜਯੋਤੀ ਸੰਸਥਾਨ ਦੇ ਮੁਖੀ ਆਸ਼ੂਤੋਸ਼ ਦੀ ਦੇਹ ਦੀ ਸੰਭਾਲ ਦੀ ਆਗਿਆ ਦੇ ਦਿੱਤੀ ਹੈ। ਜਸਟਿਸ ਮਹੇਸ਼ ਗਰੋਵਰ ਤੇ ਜਸਟਿਸ ਸ਼ੇਖਰ ਧਵਨ ਦੇ ਡਿਵੀਜ਼ਨ ਬੈਂਚ ਨੇ ਆਪਣੇ ਫ਼ੈਸਲੇ ਵਿਚ ਕਿਹਾ ਕਿ ਸਮਾਧੀ ਵਿਚ ਭਰੋਸਾ, ਮਿਥਿਹਾਸ ਅਤੇ ਧਰਮ ਦਾ ਅਹਿਮ ਅੰਗ ਹੈ। ਬੈਂਚ ਨੇ ਕੇਂਦਰ ਸਰਕਾਰ ਨੂੰ ਕੁਦਰਤੀ ਅਤੇ ਗੈਰ-ਕੁਦਰਤੀ ਮੌਤਾਂ ਬਾਰੇ ਮਾਮਲਿਆਂ ਦਾ ਫ਼ੈਸਲਾ ਕਰਨ ਲਈ ਇੰਗਲੈਂਡ ਦੇ ਕੋਰੋਨਰਜ਼ ਐਕਟ ਦੇ ਆਧਾਰ 'ਤੇ ਕਾਨੂੰਨ ਬਣਾਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਹੈ। ਬੈਂਚ ਨੇ ਆਸ਼ੂਤੋਸ਼ ਦੀ ਦੇਹ ਖ਼ਰਾਬ ਹੋਣ ਤੋਂ ਬਚਾਉਣ ਲਈ ਕੁਝ ਹਦਾਇਤਾਂ ਵੀ ਜਾਰੀ ਕੀਤੀਆਂ ਹਨ। ਬੈਂਚ ਨੇ ਕਿਹਾ ਕਿ ਡੀਐਮਸੀ ਲੁਧਿਆਣਾ ਵੱਲੋਂ ਇੱਕ ਮੈਡੀਕਲ ਟੀਮ ਬਣਾਈ ਜਾਵੇਗੀ ਜਿਸ ਵਿੱਚ ਜਲੰਧਰ ਦੇ ਸੀਐਮਓ ਵੀ ਸ਼ਾਮਲ ਹੋਣਗੇ। ਟੀਮ ਵੱਲੋਂ ਉਸ ਜਗ੍ਹਾ ਦਾ ਦੌਰਾ ਕੀਤਾ ਜਾਵੇਗਾ ਜਿੱਥੇ ਦੇਹ ਰੱਖੀ ਗਈ ਹੈ। ਟੀਮ ਦੇਹ ਦੀ ਜਾਂਚ ਕਰੇਗੀ ਅਤੇ ਇਸ ਦੀ ਸੰਭਾਲ ਯਕੀਨੀ ਬਣਾਏਗੀ। ਬੈਂਚ ਨੇ ਕਿਹਾ ਕਿ ਸੰਸਥਾਨ ਵੱਲੋਂ 50 ਲੱਖ ਰੁਪਏ ਦੀ ਰਾਸ਼ੀ ਇੱਕ ਐਫਡੀਆਰ ਵਜੋਂ ਇੱਕ ਬੈਂਕ ਵਿੱਚ ਰੱਖੀ ਜਾਵੇਗੀ ਤਾਂ ਕਿ ਮੈਡੀਕਲ ਟੀਮ ਦੇ ਖ਼ਰਚੇ ਯਕੀਨੀ ਬਣਾਏ ਜਾ ਸਕਣ। ਆਸ਼ੂਤੋਸ਼ ਦੇ 'ਪੁੱਤਰ' ਦਲੀਪ ਕੁਮਾਰ ਝਾਅ ਵੱਲੋਂ ਡੀਐਨਏ ਟੈਸਟ ਲਈ ਕੀਤੀ ਗਈ ਮੰਗ ਸਬੰਧੀ ਬੈਂਚ ਨੇ ਕਿਹਾ ਕਿ ਉਹ ਸਿਵਲ ਕੇਸ ਰਾਹੀਂ ਇਹ ਮਾਮਲਾ ਉਠਾ ਸਕਦੇ ਹਨ। ਜੇਕਰ ਅਜਿਹਾ ਕੀਤਾ ਜਾਂਦਾ ਹੈ ਤਾਂ ਸੰਸਥਾਨ ਦੇਹ ਤੋਂ ਡੀਐਨਏ ਸੈਂਪਲ ਲੈਣ ਲਈ ਨਹੀਂ ਰੋਕੇਗਾ। ਬੈਂਚ ਵੱਲੋਂ ਝਾਅ, ਪੰਜਾਬ ਅਤੇ ਹੋਰ ਅਪੀਲਕਰਤਾਵਾਂ ਵੱਲੋਂ ਪਹਿਲੀ ਦਸੰਬਰ 2014 ਨੂੰ ਇਕਹਿਰੇ ਜੱਜ ਦੇ ਫ਼ੈਸਲੇ ਖ਼ਿਲਾਫ਼ ਕੀਤੀਆਂ ਗਈਆਂ ਅਪੀਲਾਂ 'ਤੇ ਸੁਣਵਾਈ ਕੀਤੀ ਗਈ ਸੀ। ਇਕਹਿਰੇ ਜੱਜ ਨੇ ਕਿਹਾ ਸੀ ਕਿ ਕਿਸੇ ਹੋਰ ਵਿਅਕਤੀ ਵਾਂਗ ਸੰਸਥਾ ਦੇ ਮੁਖੀ ਦੀ ਵੀ ਮੌਤ ਹੋ ਚੁੱਕੀ ਹੈ ਅਤੇ ਉਨ੍ਹਾਂ ਪੰਦਰਾਂ ਦਿਨਾਂ ਵਿੱਚ ਅੰਤਿਮ ਰਸਮਾਂ ਪੂਰੀਆਂ ਕਰਨ ਦਾ ਹੁਕਮ ਦਿੱਤਾ ਸੀ।



# ਕਿਸਾਨ ਖ਼ੁਦਕੁਸ਼ੀਆਂ ਲਈ ਮੁਆਵਜ਼ਾ ਕੋਈ ਹੱਲ ਨਹੀਂ, ਭਲਾਈ ਸਕੀਮਾਂ ਕਾਰਗਰ ਬਣਾਈਆਂ ਜਾਣ : ਸੁਪਰੀਮ ਕੋਰਟ

## ਐਨਜੀਓ ਦੀ ਪਟੀਸ਼ਨ 'ਤੇ ਛੇ ਮਹੀਨੇ ਮਗਰੋਂ ਹੋਵੇਗੀ ਸੁਣਵਾਈ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕਿਸਾਨਾਂ ਵੱਲੋਂ ਖ਼ੁਦਕੁਸ਼ੀਆਂ ਕਰਨ ਦੀਆਂ ਵਧ ਰਹੀਆਂ ਘਟਨਾਵਾਂ 'ਤੇ ਤਿੱਖਾ ਪ੍ਰਤੀਕ੍ਰਮ ਦਿੰਦਿਆਂ ਉੱਚ ਅਦਾਲਤ ਨੇ ਕਿਹਾ ਹੈ ਕਿ ਸਰਕਾਰ ਦੀਆਂ ਭਲਾਈ ਸਕੀਮਾਂ ਸਿਰਫ਼ ਕਾਗਜ਼ਾਂ ਤਕ ਹੀ ਸੀਮਤ ਨਹੀਂ ਰਹਿਣੀਆਂ ਚਾਹੀਦੀਆਂ ਅਤੇ ਮੁਆਵਜ਼ਾ ਪੇਂਡੂ ਕਰਜ਼ਈਪੁਣੇ ਦੀ ਸਮੱਸਿਆ ਨਾਲ ਸਿੱਝਣ ਦਾ ਕੋਈ ਹੱਲ ਨਹੀਂ ਹੈ। ਸਰਕਾਰ ਦੀ ਦਲੀਲ ਕਿ ਇਹ ਸਮੱਸਿਆ ਇਕ ਦਿਨ ਵਿੱਚ ਹੱਲ ਨਹੀਂ ਹੋ ਸਕਦੀ ਨਾਲ ਸਹਿਮਤ ਹੁੰਦਿਆਂ ਅਦਾਲਤ ਨੇ ਭਲਾਈ ਸਕੀਮਾਂ ਨੂੰ ਹੱਲਾਸ਼ੇਰੀ ਦੇਣ ਅਤੇ ਸਰਕਾਰ ਦੀ ਅਸਰਦਾਰ ਨਤੀਜਿਆਂ ਲਈ ਇਕ ਵਰ੍ਹੇ ਦਾ ਸਮਾਂ ਮੰਗਣ ਦੀ ਬੇਨਤੀ ਮੰਨ ਲਈ। ਇਸ ਤੋਂ ਪਹਿਲਾਂ ਚੀਫ ਜਸਟਿਸ ਜੇ ਐਸ ਖੇਹਰ ਅਤੇ ਜਸਟਿਸ ਡੀਵਾਈ ਚੰਦਰਚੂੜ ਨੇ ਕਿਹਾ, "ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੇ ਮਾਮਲੇ ਨਾਲ ਸਿੱਝਣ ਲਈ ਮੁਆਵਜ਼ਾ ਦੇਣਾ ਕੋਈ ਹੱਲ ਨਹੀਂ ਹੈ।" ਜਦੋਂ ਕਿ ਇਸ ਦਾ ਮੁੱਖ ਕਾਰਨ ਕਰਜ਼ਾ ਅਤੇ ਇਸ ਦੀ ਅਦਾਇਗੀ ਕਰਨ ਵਿੱਚ ਅਸਮਰੱਥਾ ਹੈ। ਅਦਾਲਤ ਨੇ ਕਿਹਾ ਕਿ ਕਰਜ਼ਿਆਂ ਦੇ ਮਾਮਲਿਆਂ ਵਿੱਚ ਨਰਮੀ ਵਰਤਣ ਅਤੇ ਇਸ ਦੇ ਮਾੜੇ ਅਸਰ ਨੂੰ ਘਟਾਉਣ ਦੀ ਲੋੜ ਹੈ। ਇਸ ਦਾ ਇਕ ਤਰੀਕਾ ਉਨ੍ਹਾਂ ਨੂੰ ਕਰਜ਼ਾ ਬੀਮਾ ਮੁਹੱਈਆ ਕਰਾਉਣਾ ਹੋ ਸਕਦਾ ਹੈ। ਬੈਂਚ ਨੇ ਇਸ ਦੇ ਨਾਲ ਹੀ ਕਿਹਾ ਕਿ ਉਸ ਦਾ ਪੱਖ ਹੈ ਕਿ ਕਿਸਾਨ ਖ਼ੁਦਕੁਸ਼ੀਆਂ ਦੀ ਸਮੱਸਿਆ ਨੂੰ ਇਕ ਦਿਨ ਵਿੱਚ ਖਤਮ ਨਹੀਂ ਕੀਤਾ ਜਾ ਸਕਦਾ। ਇਸ ਲਈ ਅਟਾਰਨੀ ਜਨਰਲ ਵੱਲੋਂ ਵੱਖ ਵੱਖ ਸਕੀਮਾਂ ਦੇ ਅਸਰਦਾਰ ਹੱਲ ਲਈ ਸਮਾਂ ਮੰਗਣਾ ਤਰਕਸੰਗਤ ਹੈ। ਇਸ ਤੋਂ ਪਹਿਲਾਂ ਨਵ ਨਿਯੁਕਤ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਵੱਖ ਵੱਖ ਸਕੀਮਾਂ ਦਾ ਜ਼ਿਕਰ ਕਰਦਿਆਂ ਕਿਹਾ ਸੀ ਕਿ ਕਿਸਾਨਾਂ ਦੀ ਭਲਾਈ ਲਈ ਕਈ ਕਦਮ ਚੁੱਕੇ ਗਏ ਹਨ। 12 ਕਰੋੜ ਕਿਸਾਨਾਂ ਵਿਚੋਂ 5.35 ਕਰੋੜ ਨੂੰ ਫਸਲ ਬੀਮਾ ਯੋਜਨਾ ਸਮੇਤ ਵੱਖ ਵੱਖ ਭਲਾਈ ਸਕੀਮਾਂ ਨਾਲ ਜੋੜਿਆ ਜਾ ਚੁੱਕਾ ਹੈ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ 30 ਫੀਸਦੀ ਖੇਤੀਯੋਗ ਜ਼ਮੀਨ ਨੂੰ ਫਸਲੀ ਬੀਮਾ ਯੋਜਨਾ ਨਾਲ ਜੋੜਿਆ ਗਿਆ ਹੈ ਅਤੇ ਇਹ ਗਿਣਤੀ 2018 ਦੇ ਅੰਤ ਤੱਕ ਹੋਰ ਵਧੇਗੀ। ਅਦਾਲਤ ਨੇ ਅਟਾਰਨੀ ਜਨਰਲ ਨੂੰ ਕਿਹਾ ਕਿ ਕਿਸੇ ਨੇ ਵੀ ਨੀਤੀਆਂ ਖ਼ਿਲਾਫ਼ ਆਵਾਜ਼ ਨਹੀਂ ਉਠਾਈ, ਪਰ ਉਹ ਦੱਸਣ ਕਿ ਉਹ ਸਕੀਮਾਂ ਦੀ ਤਾਮੀਲ ਕਿਵੇਂ ਕਰ ਰਹੇ ਹਨ। ਅਦਾਲਤ ਨੇ ਕਿਹਾ ਕਿ ਇਹ ਠੀਕ ਹੈ ਕਿ ਉਹ ਠੀਕ ਹਨ। ਜੋ ਕੁਝ ਕੀਤਾ ਜਾਣਾ ਹੈ ਉਹ ਕੀਤਾ ਜਾਵੇ, ਪਰ ਕਾਗਜ਼ਾਂ ਵਿੱਚ। ਉਹ ਚਾਹੁੰਦੀ ਹੈ ਕਿ ਉਹ ਇਸ ਤੋਂ ਅੱਗੇ ਵਧ ਕੇ ਕੰਮ ਕਰਨ। ਦੂਜੇ ਪਾਸੇ ਸੀਨੀਅਰ ਐਡਵੋਕੇਟ ਕੋਲਿਨ ਗੋਂਜ਼ਾਲਵੇਸ ਜੋ ਐਨਜੀਓ ਦੀ ਪ੍ਰਤੀਨਿਧਤਾ ਕਰ ਰਹੇ ਸਨ ਨੇ ਕਿਹਾ ਕਿ ਤਿੰਨ ਹਜ਼ਾਰ ਕਿਸਾਨਾਂ ਨੇ ਆਮਹੱਤਿਆਵਾਂ ਕੀਤੀਆਂ ਅਤੇ ਸਰਕਾਰ ਨੂੰ ਸਾਰੇ ਸੰਜੀਦਾ ਮਸਲਿਆਂ 'ਤੇ ਵਿਚਾਰ ਕਰਕੇ ਇਕ ਸਹੀ ਨੀਤੀ ਬਣਾਉਣੀ ਚਾਹੀਦੀ ਹੈ। ਉਨ੍ਹਾਂ ਹਾਲ ਹੀ ਵਿੱਚ ਮੱਧਪ੍ਰਦੇਸ਼ ਵਿੱਚ ਕਿਸਾਨਾਂ ਵੱਲੋਂ ਖ਼ੁਦਕੁਸ਼ੀਆਂ ਕਰਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਇਕ ਰੁਪਏ ਕਿਲੋ ਪਿਆਜ਼ ਵੇਚਣ ਲਈ ਮਜਬੂਰ ਸਨ, ਅਜਿਹੀਆਂ ਘਟਨਾਵਾਂ ਤੋਂ ਬਾਅਦ ਸੂਬਾ ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਮੁੱਲ ਤੈਅ ਕੀਤਾ ਗਿਆ। ਇਸ ਤੋਂ ਬਾਅਦ ਅਦਾਲਤ ਨੇ ਕੇਂਦਰ ਨੂੰ ਹੋਰ ਸਮਾਂ ਦੇ ਦਿੱਤਾ ਅਤੇ ਐਨਜੀਓ ਦੀ ਪਟੀਸ਼ਨ ਮਨਜ਼ੂਰ ਕਰਦਿਆਂ ਇਸ 'ਤੇ ਸੁਣਵਾਈ ਛੇ ਮਹੀਨਿਆਂ ਬਾਅਦ ਕਰਨਾ ਨਿਸ਼ਚਿਤ ਕੀਤਾ। ਇਸ ਦੇ ਨਾਲ ਹੀ ਅਦਾਲਤ ਨੇ ਕੇਂਦਰ ਨੂੰ ਕਿਹਾ ਕਿ ਗੋਂਜ਼ਾਲਵੇਸ ਦੇ ਸੁਝਾਵਾਂ ਨੂੰ ਵੀ ਧਿਆਨ ਵਿੱਚ ਰੱਖਿਆ ਜਾਵੇ। ਦੱਸਣਯੋਗ ਹੈ ਕਿ ਅਦਾਲਤ ਗੁਜਰਾਤ ਵਿੱਚ ਕਿਸਾਨਾਂ ਵੱਲੋਂ ਆਤਮਹੱਤਿਆਵਾਂ ਕਰਨ ਦੇ ਮਾਮਲੇ ਸਬੰਧੀ ਜਨਹਿਤ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਹੈ, ਜਿਸ ਨਾਲ ਮਗਰੋਂ ਪੂਰੇ ਮੁਲਕ ਦੇ ਕਿਸਾਨਾਂ ਨੂੰ ਜੋੜ ਦਿੱਤਾ ਗਿਆ।




ਸਵਰਾਜ ਇੰਡੀਆ ਦੇ ਆਗੂ ਯੋਗੇਂਦਰ ਯਾਦਵ, ਸਮਾਜਿਕ ਕਾਰਕੁਨ ਮੇਧਾ ਪਟਕਰ ਤੇ ਹੋਰ ਮੰਦਸੌਰ (ਗੁਜਰਾਤ) ਵਿੱਚ ਕੱਢੀ ਕਿਸਾਨ ਮੁਕਤੀ ਯਾਤਰਾ ਵਿੱਚ ਹਿੱਸਾ ਲੈਂਦੇ ਹੋਏ।

## ਮੰਦਸੌਰ ਮਾਮਲੇ ਦੀ ਜਾਂਚ ਸਬੰਧੀ ਪਟੀਸ਼ਨ ਦਾਖ਼ਲ

ਇੰਦੌਰ: ਮੱਧ ਪ੍ਰਦੇਸ਼ ਦੇ ਇੰਦੌਰ ਬੈਂਚ ਨੇ ਬੀਤੇ ਮਹੀਨੇ ਮੰਦਸੌਰ ਜ਼ਿਲ੍ਹੇ ਵਿੱਚ ਛੇ ਕਿਸਾਨਾਂ ਦੀ ਪੁਲੀਸ ਕਾਰਵਾਈ ਦੌਰਾਨ ਹੋਈ ਮੌਤ ਦੇ ਮਾਮਲੇ ਦੀ ਜਾਂਚ ਵਿਸ਼ੇਸ਼ ਟੀਮ ਤੋਂ ਕਰਾਏ ਜਾਣ ਦੀ ਮੰਗ ਸਬੰਧੀ ਪਟੀਸ਼ਨ 'ਤੇ ਸੂਬਾ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਤੋਂ ਜਵਾਬ ਮੰਗਿਆ ਹੈ। ਜਸਟਿਸ ਪੀ ਕੇ ਜੈਸਵਾਲ ਅਤੇ ਜਸਟਿਸ ਰਾਜੀਵ ਕੁਮਾਰ ਦੂਬੇ ਦੀ ਬੈਂਚ ਨੇ ਇਸ ਸਬੰਧੀ ਸਕੱਤਰ, ਗ੍ਰਹਿ ਵਿਭਾਗ, ਮੰਦਸੌਰ ਜ਼ਿਲੇ ਦੇ ਐਸ ਪੀ ਅਤੇ ਹੋਰਨਾਂ ਅਧਿਕਾਰੀਆਂ ਨੂੰ ਨੋਟਿਸ ਜਾਰੀ ਕੀਤਾ ਹੈ। ਇਹ ਪਟੀਸ਼ਨ ਕਮਲੇਸ਼ ਪਟੀਦਾਰ ਅਤੇ ਸ਼ੰਕਰਲਾਲ ਪਟੀਦਾਰ ਨੇ ਦਾਖਲ ਕੀਤਾ ਹੈ।

## ਮੱਧ ਪ੍ਰਦੇਸ਼ ਵਿੱਚ 'ਹਜ਼ਾਰਾਂ' ਕਿਸਾਨ ਗ੍ਰਿਫ਼ਤਾਰ

**ਚੰਡੀਗੜ੍ਹ:** ਮੱਧ ਪ੍ਰਦੇਸ਼ ਦੇ ਜ਼ਿਲ੍ਹਾ ਮੰਦਸੌਰ ਦੇ ਪਿੰਡ ਪਿੱਪਲੀਆਂ ਮੰਡੀ ਤੋਂ ਕਿਸਾਨ ਕਰਜ਼ਾ ਮੁਕਤੀ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਹੀ ਪੁਲੀਸ ਤੇ ਅਰਧ ਸੈਨਿਕ ਬਲਾਂ ਨਾਲ ਕਿਸਾਨਾਂ ਦੀ ਧੱਕਾ-ਮੁੱਕੀ ਹੋਈ, ਜਿਸ ਤੋਂ ਬਾਅਦ ਮਹਿਲਾ ਆਗੂਆਂ ਸਮੇਤ 'ਹਜ਼ਾਰਾਂ' ਕਿਸਾਨਾਂ ਤੇ ਕਿਸਾਨ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਨੂੰ ਗ੍ਰਿਫ਼ਤਾਰੀ ਤੋਂ ਬਾਅਦ ਕਿਸੇ ਅਣਦੱਸੀ ਥਾਂ ਲਿਜਾਇਆ ਗਿਆ। ਗ੍ਰਿਫ਼ਤਾਰ ਕੀਤੇ ਆਗੂਆਂ ਵਿੱਚ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਡਾ. ਦਰਸ਼ਨਪਾਲ, ਪੰਜਾਬ ਕਿਸਾਨ ਯੂਨੀਅਨ ਦੇ ਆਗੂ ਰੁਲਦੂ ਸਿੰਘ ਮਾਨਸਾ, ਮਹਿਲਾ ਕਿਸਾਨ ਆਗੂ ਮੇਧਾ ਪਾਟਕਰ, ਜੈ ਕਿਸਾਨ ਜੈ ਜਵਾਨ ਅੰਦੋਲਨ ਦੇ ਯੋਗਿੰਦਰ ਯਾਦਵ, ਯੂਪੀ ਦੇ ਕਿਸਾਨ ਆਗੂ ਵੀ. ਐਮ. ਸਿੰਘ, ਹਰਿਆਣਾ ਤੋਂ ਪ੍ਰੇਮ ਸਿੰਘ ਗਹਿਲਾਵਤ ਅਤੇ ਰਾਜਸਥਾਨ ਤੋਂ ਰਾਮਪਾਲ ਜਾਟ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਆਲ ਇੰਡੀਆ ਕਿਸਾਨ ਸੰਘਰਸ਼ ਕੋਆਰਡੀਨੇਸ਼ਨ ਕਮੇਟੀ ਦੀ ਅਗਵਾਈ ਵਿੱਚ 150 ਕਿਸਾਨ ਜਥੇਬੰਦੀਆਂ ਵੱਲੋਂ ਕਰਜ਼ਾ ਮੁਕਤੀ ਯਾਤਰਾ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਸੀ। ਇੱਕ ਮਹੀਨਾ ਪਹਿਲਾਂ ਪੁਲੀਸ ਦੀ ਗੋਲੀ ਨਾਲ ਮਾਰੇ ਗਏ ਛੇ ਕਿਸਾਨਾਂ ਨੂੰ ਸ਼ਰਧਾਂਜਲੀ ਦੇਣ ਤੋਂ ਬਾਅਦ ਇਹ ਯਾਤਰਾ ਪਿੰਡ ਪਿੱਪਲੀਆਂ ਤੋਂ ਸ਼ੁਰੂ ਕੀਤੀ ਜਾਣੀ ਸੀ। ਦੇਰ ਰਾਤ ਤੱਕ ਹਜ਼ਾਰਾਂ ਕਿਸਾਨ ਨੇੜਲੇ ਪਿੰਡ ਬੁਖ ਪੁੱਜ ਗਏ ਸਨ। ਸਵੇਰੇ ਮਾਰੇ ਗਏ ਕਿਸਾਨਾਂ ਨੂੰ ਸ਼ਰਧਾਂਜਲੀ ਦੇਣ ਅਤੇ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਪੁਲੀਸ ਅਤੇ ਅਰਧ ਸੈਨਿਕ ਬਲਾਂ ਵੱਲੋਂ ਕਿਸਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਹ ਯਾਤਰਾ ਮੱਧ ਪ੍ਰਦੇਸ਼ ਤੋਂ ਸ਼ੁਰੂ ਹੋ ਕੇ ਗੁਜਰਾਤ, ਰਾਜਸਥਾਨ, ਹਰਿਆਣਾ ਵਿਚੋਂ ਹੁੰਦੀ ਹੋਈ 18 ਜੁਲਾਈ ਨੂੰ ਦਿੱਲੀ ਪੁੱਜਣੀ ਸੀ। ਉੱਥੇ ਕਿਸਾਨਾਂ ਦੇ ਕਰਜ਼ੇ ਦੇ ਖ਼ਾਤਮੇ ਅਤੇ ਫ਼ਸਲਾਂ ਦੇ ਲਾਹੇਵੰਦ ਭਾਅ ਲਈ ਅਣਮਿੱਥੇ ਸਮੇਂ ਵਾਸਤੇ ਧਰਨਾ ਦਿੱਤਾ ਜਾਣਾ ਸੀ। ਬੀਕੇਯੂ ਡਕੌਂਦਾ ਵੱਲੋਂ ਜਾਰੀ ਬਿਆਨ ਵਿੱਚ ਬੂਟਾ ਸਿੰਘ ਬੁਰਜਗਿੱਲ ਤੇ ਜਗਮੋਹਨ ਸਿੰਘ ਪਟਿਆਲਾ ਨੇ ਮੱਧ ਪ੍ਰਦੇਸ਼ ਸਰਕਾਰ ਵੱਲੋਂ ਇਸ ਅੰਦੋਲਨ ਨੂੰ ਰੋਕਣ ਅਤੇ ਮਾਰੇ ਗਏ ਕਿਸਾਨਾਂ ਨੂੰ ਸ਼ਰਧਾਂਜਲੀ ਭੇਟ ਨਾ ਕਰਨ ਦੇਣ ਦੀ ਨਿਖੇਧੀ ਕੀਤੀ। ਉਨ੍ਹਾਂ ਨੇ ਬਿਨਾਂ ਸ਼ਰਤ ਸਾਰੇ ਆਗੂਆਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ ਜਮਹੂਰੀ ਅਧਿਕਾਰ ਸਭਾ, ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋ. ਏ.ਕੇ.ਮਲੇਰੀ, ਜਨਰਲ ਸਕੱਤਰ ਪ੍ਰੋ. ਜਗਮੋਹਣ ਸਿੰਘ ਅਤੇ ਪ੍ਰੈੱਸ ਸਕੱਤਰ ਬੂਟਾ ਸਿੰਘ ਨੇ ਕਿਸਾਨ ਆਗੂਆਂ ਅਤੇ ਹਜ਼ਾਰਾਂ ਕਿਸਾਨਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀ ਨਿਖੇਧੀ ਕੀਤੀ ਹੈ।

# ਬੇ-ਏਰੀਏ ਦੇ ਬੱਚਿਆਂ ਨੇ ਸਜਾਇਆ ਕੀਰਤਨ ਦਰਬਾਰ

**ਮਿਲਪੀਟਸ/ਬਿਊਰੋ ਨਿਊਜ਼ :** ਗੁਰਦੁਆਰਾ ਸਾਹਿਬ ਸਿੰਘ ਸਭਾ ਬੇ-ਏਰੀਆ ਮਿਲਪੀਟਸ ਵਿਖੇ ਸੱਤਵਾਂ ਆਈ.ਜੀ.ਓ.ਐਸ. ਸਿੱਖ ਯੂਥ ਕੀਰਤਨ ਦਰਬਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ ਜਿਸ ਵਿਚ ਸਮੁੱਚੇ ਬੇ-ਏਰੀਏ ਦੇ ਵਿਦਿਆਰਥੀਆਂ ਵਲੋਂ ਸ਼ਬਦ ਗਾਇਨ ਕੀਤਾ ਗਿਆ।

ਆਈ.ਜੀ.ਓ.ਐਸ.(ਇੰਸਟੀਟਿਊਟ ਆੱਫ਼ ਗੁਰਮਤਿ ਗਿਆਨ ਆਨਲਾਈਨ ਸਟੱਡੀਜ਼) ਮਿਲਪੀਟਸ ਵਿਖੇ ਹਰ ਮਾਹਿਨੇ ਕੀਰਤਨ ਦਰਬਾਰ ਕੀਤਾ ਜਾਂਦਾ ਹੈ ਜਿਸ ਵਿਚ ਸਮੁੱਚੇ ਬੇ-ਏਰੀਏ ਦੇ ਵਿਦਿਆਰਥੀ ਸ਼ਬਦ ਗਾਇਨ ਪੇਸ਼ ਕਰਦੇ ਹਨ। ਇਸ ਵਾਰ ਭਾਈ ਮਨਮੋਹਨ ਸਿੰਘ ਨੇ ਵਿਸ਼ੇਸ਼ ਹਾਜ਼ਰੀ ਭਰੀ। ਇਸ ਮੌਕੇ ਬੇ ਏਰੀਆ ਤੋਂ ਬਾਹਰ ਦੇ ਬੱਚਿਆਂ ਵਿਚ ਵੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਦੀ ਆਰੰਭਤਾ ਬੱਚਿਆਂ ਨੇ ਰਹਿਰਾਸ ਸਾਹਿਬ ਦੇ ਪਾਠ ਨਾਲ ਕੀਤੀ। ਇਸ ਮਗਰੋਂ ਬੱਚਿਆਂ ਨੇ ਮਨੋਹਰ



ਰਸਨਾ ਵਿਚ ਸ਼ਬਦ ਕੀਰਤਨ ਕੀਤਾ ਅਤੇ ਸ਼ਬਦ ਕੀਰਤਨ ਦਰਬਾਰ ਦੀ ਸਮਾਪਤੀ ਕੀਤੀ। ਉਪਰੰਤ ਭਾਈ ਮਨਮੋਹਨ ਸਿੰਘ ਨੇ ਅਪਣੀ ਸੰਗਤਾਂ ਨੂੰ ਸ਼ਬਦ ਕੀਰਤਨ ਰਾਹੀਂ ਨਿਹਾਲ ਕੀਤਾ।

# ਲਾਈਵਓਕ ਦੀਆਂ ਤੀਆਂ 'ਚ ਬੀਬੀਆਂ ਨੂੰ ਮਿਸ ਪੂਜਾ ਨੇ ਨਚਾਇਆ

**ਲਾਈਵਓਕ/ ਹੁਸਨ ਲੜੋਆ ਬੰਗਾ:** ਹਰ ਵਰ੍ਹੇ ਯੂਬਾਸਿਟੀ ਦੇ ਲਾਗਲੇ ਸ਼ਹਿਰ ਲਾਈਵਓਕ ਦੀਆਂ ਤੀਆਂ ਵਿਚ ਜਿੱਥੇ ਵੱਖ ਵੱਖ ਸਭਿਅਕ ਵੰਨਗੀਆਂ ਦੇਖਣ ਨੂੰ ਮਿਲਦੀਆਂ ਰਹੀਆਂ ਹਨ, ਐਤਕਾਂ ਪ੍ਰੋਗਰਾਮ 'ਚ ਹੋਰ ਵਾਧਾ ਕਰਦਿਆਂ ਪ੍ਰਬੰਧਕਾਂ ਵੱਲੋਂ ਉੱਘੀ ਅਤੇ ਬਹੁਚਰਚਿਤ ਗਾਇਕਾ ਮਿਸ ਪੂਜਾ ਨੂੰ ਦਰਸ਼ਕ ਬੀਬੀਆਂ ਦਾ ਮੰਨੋਰੰਜਨ ਕਰਨ ਲਈ ਬੁਲਾਇਆ ਗਿਆ ਜਿਸਨੇ ਆਪਣੇ ਨਵੇਂ ਪੁਰਾਣੇ ਗੀਤਾਂ ਨਾਲ ਬੀਬੀਆਂ ਦਾ ਖੂਬ ਮੰਨੋਰੰਜਨ ਕੀਤਾ। ਲਾਈਵਓਕ ਤੇ ਗਰਿਡਲੀ ਦੀਆਂ ਸਾਂਝੀਆਂ ਤੀਆਂ ਵਿਚ ਬੀਬੀਆਂ ਨੇ ਮਿਸ ਪੂਜਾ ਦੇ ਗੀਤਾਂ ਤੇ ਖੂਬ ਧਮਾਲ ਪਾਈ। ਗਰਮੀ ਦੇ ਬਾਵਜੂਦ ਬੀਬੀਆਂ ਨੇ ਅੰਤ ਤੱਕ ਸਾਰੀਆਂ ਆਈਟਮਾਂ ਦਾ ਆਨੰਦ ਮਾਣਿਆ। ਇਸ ਤੀਆਂ ਦੇ ਮੇਲੇ ਵਿਚ ਵੱਖ ਵੱਖ ਸ਼ਹਿਰਾਂ ਦੀਆਂ ਤੀਆਂ ਦੇ ਮੇਲਿਆਂ ਦੀਆਂ ਪ੍ਰਬੰਧਕਾਂ ਨੇ ਵੀ ਪੂਰਾ ਯੋਗਦਾਨ ਦਿੱਤਾ।



ਬਾਕੀ ਸਫ਼ਾ 32 'ਤੇ

# ਛੋਟਿਆਂ ਲਈ ਲਾਹੇਵੰਦ ਨਹੀਂ ਇਕ ਦੇਸ਼, ਇਕ ਮੰਡੀ ਤੇ ਇਕ ਟੈਕਸ

**ਮੋਹਨ ਸਿੰਘ (ਪ੍ਰੋ.)**
ਮੋਬਾਈਲ : 78883-27695

**ਯੂਪੀਏ ਸਰਕਾਰ ਵੇਲੇ ਜੀਐਸਟੀ ਦੇ ਮਸੌਦੇ ਵਿੱਚ ਵੱਧ ਤੋਂ ਵੱਧ ਜੀਐਸਟੀ ਦੀ ਦਰ 18 ਪ੍ਰਤੀਸ਼ਤ ਰੱਖੀ ਜਾ ਰਹੀ ਸੀ ਪਰ ਉਸ ਸਮੇਂ ਭਾਜਪਾ ਇਸ ਨੂੰ 18 ਪ੍ਰਤੀਸ਼ਤ ਤੋਂ ਵੀ ਹੇਠਾਂ ਲਿਆਉਣ ਲਈ ਬਜ਼ਿਦ ਸੀ। ਹੁਣ ਇਸ ਨੇ ਦੁਨੀਆ ਦੀ ਸਭ ਤੋਂ ਉੱਚੀ 28 ਪ੍ਰਤੀਸ਼ਤ ਦਰ ਰੱਖੀ ਹੈ। ਇਨ੍ਹਾਂ ਟੈਕਸਾਂ ਤੋਂ ਇਲਾਵਾ ਭਾਰਤ ਵਿੱਚ ਜੀਐਸਟੀ ਕੌਂਸਲ ਨੂੰ ਅਲੱਗ-ਅਲੱਗ ਸਪਲਾਈ ਉਪਰ ਮੁਆਵਜ਼ਾ ਸੈੱਸ ਲਾਉਣ ਦਾ ਅਧਿਕਾਰ ਵੀ ਹੈ।**
**ਨਰਿੰਦਰ ਮੋਦੀ ਕਹਿ ਰਹੇ ਹਨ ਕਿ ਜੀਐਸਟੀ ਨਾਲ ਮਹਿੰਗਾਈ ਘਟੇਗੀ ਪਰ ਉਲਟਾ ਮਹਿੰਗਾਈ ਵਧਣ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਪਰ ਦਸ ਕਰੋੜ ਰੁਪਏ ਦਾ ਸਾਲਾਨਾ ਹੋਰ ਬੋਝ ਪੈ ਰਿਹਾ ਹੈ। ਪੰਜਾਬ ਦੇ ਲੋਕਾਂ ਉਪਰ ਪੰਜ ਹਜ਼ਾਰ ਕਰੋੜ ਰੁਪਏ ਅਤੇ ਸਮੁੱਚੇ ਦੇਸ਼ ਦੇ ਲੋਕਾਂ ਉਪਰ ਦੋ ਲੱਖ ਕਰੋੜ ਰੁਪਏ ਦੇ ਟੈਕਸਾਂ ਦਾ ਨਵਾਂ ਬੋਝ ਪੈਣ ਦੀ ਸੰਭਾਵਨਾ ਹੈ।**




ਭਾਰਤ ਦੀ ਨਰਿੰਦਰ ਮੋਦੀ ਸਰਕਾਰ ਨੇ 30 ਜੂਨ ਦੀ ਅੱਧੀ ਰਾਤ ਵਸਤਾਂ ਅਤੇ ਸੇਵਾਵਾਂ ਟੈਕਸ (ਜੀਐਸਟੀ) ਲਾਗੂ ਕਰਨ ਦਾ ਸਮਾਰੋਹ ਸ਼ਾਨੋ-ਸ਼ੌਕਤ ਨਾਲ ਮਨਾਇਆ ਹੈ। ਇਸ ਸਮੇਂ ਕਾਂਗਰਸ ਭਾਵੇਂ ਗ਼ੈਰਹਾਜ਼ਰ ਸੀ ਪਰ ਜੀਐਸਟੀ ਦਾ ਸਿਹਰਾ ਲੈਣ ਲਈ ਉਹ ਵੀ ਪਿੱਛੇ ਨਹੀਂ ਹੈ। ਕੇਂਦਰ ਤੇ ਸੂਬਾਈ ਸਰਕਾਰਾਂ ਨੇ ਜੀਐਸਟੀ ਨੂੰ ਦੇਸ਼ 'ਤੇ ਮੜ੍ਹ ਕੇ ਰਾਜਾਂ ਦੇ ਬਚੇ-ਖੁਚੇ ਸੰਘੀ ਢਾਂਚੇ ਨੂੰ ਹੋਰ ਖੋਰਾ ਲਾਇਆ ਹੈ। ਜੀਐਸਟੀ ਦਰਅਸਲ ਅਸਿੱਧਾ ਅਤੇ ਮੁੱਲ ਵਾਧਾ (ਵੈਲਿਊ ਐਡਿਡ) ਟੈਕਸ ਹੈ। ਜਿਵੇਂ ਧਾਗੇ ਤੋਂ ਕੱਪੜਾ ਬੁਣਨ ਸਮੇਂ ਉਸ ਵਿੱਚ ਲੇਬਰ ਅਤੇ ਹੋਰ ਸਾਮਾਨ ਖ਼ਪਤ ਹੋਣ ਨਾਲ ਉਸ ਦਾ ਮੁੱਲ ਵਧ ਜਾਂਦਾ ਹੈ ਅਤੇ ਟੈਕਸ ਵਧੇ ਹੋਏ ਮੁੱਲ ਉਪਰ ਲੱਗਦਾ ਹੈ, ਇਸੇ ਤਰ੍ਹਾਂ ਜਦੋਂ ਕੱਪੜੇ ਤੋਂ ਕਮੀਜ਼ ਬਣਦੀ ਹੈ ਤਾਂ ਉਸ ਦੇ ਮੁੱਲ ਵਿੱਚ ਹੋਰ ਵਾਧਾ ਹੋ ਜਾਂਦਾ ਹੈ। ਪਹਿਲਾਂ ਧਾਗੇ, ਫਿਰ ਕੱਪੜੇ ਅਤੇ ਅੱਗੇ ਫਿਰ ਕਮੀਜ਼ ਉਪਰ ਟੈਕਸ ਲੱਗਦਾ ਹੈ। ਇਸ ਤਰ੍ਹਾਂ ਜਿਵੇਂ ਮੁੱਲ ਵਧਦਾ ਜਾਂਦਾ ਹੈ, ਉਸ ਦੇ ਹਰ ਪੜਾਅ 'ਤੇ ਲੱਗਣ ਵਾਲੇ ਟੈਕਸ ਨੂੰ ਵੈਲਿਊ ਐਡਿਡ ਟੈਕਸ (ਵੈਟ) ਕਿਹਾ ਜਾਂਦਾ ਹੈ। ਇਸ ਦੇ ਅੰਤਿਮ ਪੜਾਅ 'ਤੇ ਇਸ ਤੋਂ ਪਹਿਲੇ ਪੜਾਵਾਂ ਉਪਰ ਭੁਗਤਾਨ ਕੀਤੇ ਟੈਕਸਾਂ ਨੂੰ ਘਟਾ ਕੇ, ਅੰਤਿਮ ਖਪਤਕਾਰ ਵੱਲੋਂ ਭੁਗਤਾਨ ਕਰਨ ਵਾਲੇ ਇਕੱਠੇ ਟੈਕਸ ਨੂੰ ਜੀਐਸਟੀ ਕਿਹਾ ਜਾਂਦਾ ਹੈ। ਇਹ ਟੈਕਸ ਉਤਪਾਦਕ ਉਪਰ ਨਹੀਂ ਸਗੋਂ ਖਪਤਕਾਰ ਉਪਰ ਲੱਗਦਾ ਹੈ। ਇਸ ਕਰਕੇ ਇਹ ਨਿਰਯਾਤ ਕਰਨ (ਭੇਜਣ) ਵਾਲੇ ਦੇਸ਼ ਜਾਂ ਰਾਜ ਉਪਰ ਨਹੀਂ ਸਗੋਂ ਆਯਾਤ ਕਰਨ ਵਾਲੇ 'ਤੇ ਲੱਗਦਾ ਹੈ। ਇਹ ਟੈਕਸ ਉਪਰ ਟੈਕਸ ਨਹੀਂ ਲੱਗਦਾ ਸਗੋਂ ਇਸ ਵਿੱਚੋਂ ਪਹਿਲਾਂ ਲੱਗਾ ਹੋਇਆ ਟੈਕਸ ਘਟਾ ਦਿੱਤਾ ਜਾਂਦਾ ਹੈ।

ਜੀਐਸਟੀ ਦੇ ਚਾਰ ਢਾਂਚੇ ਹਨ। ਪਹਿਲਾ ਰਾਜ ਸਰਕਾਰ ਵੱਲੋਂ ਲਏ ਜਾਣ ਵਾਲੇ ਜੀਐਸਟੀ ਨੂੰ (ਐਸਜੀਐਸਟੀ) ਕਿਹਾ ਜਾਂਦਾ ਹੈ, ਕੇਂਦਰੀ ਸਰਕਾਰ ਵੱਲੋਂ ਲਏ ਜਾਂਦੇ ਜੀਐਸਟੀ ਨੂੰ (ਸੀਜੀਐਸਟੀ) ਕਿਹਾ ਜਾਂਦਾ ਹੈ, ਅਲੱਗ-ਅਲੱਗ ਰਾਜਾਂ ਵਿਚਕਾਰ ਹੋਣ ਵਾਲੇ ਵਪਾਰ ਨੂੰ ਯੁਕਤ (ਇੰਟੈਗਰੇਟਿਡ) ਜੀਐਸਟੀ (ਆਈਜੀਐਸਟੀ) ਅਤੇ ਸਾਰੇ ਜੀਐਸਟੀਆਂ ਦਾ ਹਿਸਾਬ-ਕਿਤਾਬ ਰੱਖਣ ਅਤੇ ਜੋੜਨ ਵਾਲੇ ਨੈੱਟਵਰਕ ਨੂੰ ਜੀਐਸਟੀਐਨ ਕਿਹਾ ਜਾਂਦਾ ਹੈ। ਇਸ ਚੌਥੇ ਨੈੱਟਵਰਕ ਤੋਂ ਹੀ ਜੀਐਸਟੀ 'ਤੇ ਭੁਗਤਾਨ ਕਰਨ ਵਾਲੇ ਉੱਦਮੀਆਂ ਨੂੰ ਆਪਣੇ ਨੰਬਰ ਰਜਿਸਟਰਡ ਕਰਾਉਣੇ ਪੈਂਦੇ ਅਤੇ ਰਿਟਰਨਾਂ ਭਰਨੀਆਂ ਪੈਂਦੀਆਂ ਹਨ। ਜਿਥੇ ਵੈਟ ਦੀਆਂ ਹਰ ਤਿੰਨ ਮਹੀਨੇ ਬਾਅਦ ਸਾਲ ਵਿੱਚ ਚਾਰ ਰਿਟਰਨਾਂ ਭਰਨੀਆਂ ਪੈਂਦੀਆਂ ਸਨ, ਉਥੇ ਜੀਐਸਟੀ ਦੀਆਂ ਹਰ ਮਹੀਨੇ ਤਿੰਨ ਅਤੇ ਦਸੰਬਰ ਵਿੱਚ ਚਾਰ (ਇਕ ਸਾਲ ਦਾ ਕੁੱਲ ਹਿਸਾਬ-ਕਿਤਾਬ ਕਰਨ ਵਾਲੀ) ਅਤੇ ਸਾਲ ਵਿੱਚ ਕੁੱਲ 37 ਰਿਟਰਨਾਂ ਭਰਨੀਆਂ ਪੈਂਦੀਆਂ ਹਨ।

ਜੀਐਸਟੀ ਟੈਕਸ ਬੋਝ ਤੋਂ ਇਲਾਵਾ ਟੈਕਸ ਦੇ ਭੁਗਤਾਨ ਕਰਨ ਦਾ ਇਕ ਗੋਰਖਧੰਦਾ ਹੈ। ਦਰਮਿਆਨੇ ਅਤੇ ਛੋਟੇ ਉਦਮੀਆਂ ਨੂੰ ਨਾ ਤਾਂ ਇਸ ਗੋਰਖਧੰਦੇ ਦੀ ਸਮਝ ਪੈ ਰਹੀ ਹੈ ਅਤੇ ਨਾ ਹੀ ਉਨ੍ਹਾਂ ਕੋਲ ਐਨੀ ਪੂੰਜੀ ਹੈ ਕਿ ਉਹ ਚਾਰਟਰਡ ਅਕਾਊਂਟੈਂਟਾਂ ਅਤੇ ਵਕੀਲਾਂ ਦੀ ਸੇਵਾ ਲੈ ਸਕਣ। ਉਧਰ ਚਾਰਟਰਡ ਅਕਾਊਂਟੈਂਟਾਂ ਨੇ ਜੀਐਸਟੀ ਲਾਗੂ ਹੋਣ ਨਾਲ ਵਧਦੀ ਮੰਗ ਕਾਰਨ ਛੋਟੇ ਕਾਰੋਬਾਰੀਆਂ ਲਈ 15 ਪ੍ਰਤੀਸ਼ਤ ਅਤੇ ਵੱਡੇ ਕਾਰੋਬਾਰੀਆਂ ਲਈ 30 ਪ੍ਰਤੀਸ਼ਤ ਫੀਸ ਵਧਾ ਦਿੱਤੀ ਹੈ। ਇਕ ਅੰਦਾਜ਼ੇ ਮੁਤਾਬਕ ਉਨ੍ਹਾਂ ਦੀ ਆਮਦਨ ਵਿੱਚ 2.3 ਅਰਬ ਡਾਲਰ (15,000 ਕਰੋੜ ਰੁਪਏ) ਦਾ ਵਾਧਾ ਹੋਵੇਗਾ। ਇਸ ਤਰ੍ਹਾਂ ਭਾਰਤ ਦੇ ਛੋਟੇ ਅਤੇ ਦਰਮਿਆਨੇ ਉੱਦਮੀਆਂ ਲਈ ਜੀਐਸਟੀ ਇਹ ਆਫਤ ਬਣ ਕੇ ਬਹੁੜਿਆ ਹੈ।

ਜੀਐਸਟੀ ਦਾ ਅਮਲ ਕਿਵੇਂ ਚਲਦਾ ਹੈ? ਇਸ ਰਾਹੀਂ ਇਕ ਵਸਤੂ ਕਈ ਪੜਾਵਾਂ ਵਿੱਚ ਲੰਘ ਕੇ ਖ਼ਪਤਕਾਰ ਕੋਲ ਪਹੁੰਚਦੀ ਹੈ। ਖਪਤ ਕਰਨ ਵਾਲੇ ਰਾਜ ਦੇ ਵਪਾਰੀ ਨੇ ਰਾਜ ਸਰਕਾਰ ਦਾ ਐਸਜੀਐਸਟੀ ਅਤੇ ਕੇਂਦਰ ਦਾ ਸੀਜੀਐਸਟੀ ਦੋਵੇਂ ਅੰਤਿਮ ਖ਼ਪਤਕਾਰਾਂ ਤੋਂ ਵਸੂਲਣੇ ਹਨ ਅਤੇ ਟੈਕਸ ਦੀ ਵੰਡ ਰਾਜ ਸਰਕਾਰ ਅਤੇ ਕੇਂਦਰ ਦੋਵਾਂ ਵਿਚਕਾਰ ਕਰਨੀ ਹੈ। ਜੇ ਇਹ ਕਾਰੋਬਾਰ 1.5 ਕਰੋੜ ਰੁਪਏ ਤੋਂ ਘੱਟ ਹੁੰਦਾ ਹੈ ਤਾਂ ਇਹ ਰਾਜ ਅਤੇ ਕੇਂਦਰ ਵਿਚਕਾਰ 90:10 ਅਤੇ ਜੇ ਇਹ ਸੌਦਾ 1.5 ਕਰੋੜ ਰੁਪਏ ਤੋਂ ਉਪਰ ਦਾ ਹੋਵੇ ਤਾਂ ਇਹ ਰਾਜ ਅਤੇ ਕੇਂਦਰ ਵਿਚਕਾਰ 50:50 ਅਨੁਸਾਰ ਵੰਡਿਆ ਜਾਂਦਾ ਹੈ। ਪਰ ਜਦੋਂ ਇਕ ਰਾਜ ਦਾ ਹੀ ਦੂਜਾ ਖਰੀਦਣ ਵਾਲਾ ਵਪਾਰੀ ਕਿਸੇ ਉਸੇ ਰਾਜ ਦੇ ਵਪਾਰੀ ਨੂੰ ਵੇਚਦਾ ਹੈ ਤਾਂ ਟੈਕਸ ਦੀ ਵੰਡ ਦੀ ਪ੍ਰਕਿਰਿਆ ਗੁੰਝਲਦਾਰ ਹੋ ਜਾਂਦੀ ਹੈ। ਅੱਗੇ ਜੇ ਇਹ ਵਪਾਰ ਦੋ ਜਾਂ ਦੋ ਤੋਂ ਵੱਧ ਰਾਜਾਂ ਦੇ ਵੇਚਣ ਅਤੇ ਖਰੀਦਣ ਵਾਲੇ ਵਪਾਰੀਆਂ ਵਿਚਕਾਰ ਹੁੰਦਾ ਹੈ ਤਾਂ ਜੀਐਸਟੀ ਨੂੰ ਵੰਡਣ ਦੀ ਪ੍ਰਕਿਰਿਆ ਹੋਰ ਵੀ ਜ਼ਿਆਦਾ ਗੁੰਝਲਦਾਰ ਹੋ ਜਾਂਦੀ ਹੈ। ਇਸ ਨੂੰ ਵੰਡਣ ਲਈ ਸਰਕਾਰ ਵੱਲੋਂ ਆਈਜੀਐਸਟੀ ਲਈ ਇਕ ਸੌਫਟਵੇਅਰ ਤਿਆਰ ਕਰਵਾਇਆ ਗਿਆ ਹੈ ਜਿਸ ਨਾਲ ਦੋ ਜਾਂ ਦੋ ਤੋਂ ਵੱਧ ਰਾਜਾਂ ਦੇ ਆਪਸੀ ਵਪਾਰ ਸਮੇਂ ਵਸਤਾਂ ਅਤੇ ਸੇਵਾਵਾਂ ਉਤੇ ਲੱਗਣ ਵਾਲੇ ਟੈਕਸ ਨੂੰ ਨਿਯਮਿਤ ਕਰਦਿਆਂ ਇਸ ਦੀ ਵੰਡ ਕੀਤੀ ਜਾਂਦੀ ਹੈ।

ਜੀਐਸਟੀ ਕਿਸ ਹੱਦ ਤੋਂ ਸ਼ੁਰੂ ਹੁੰਦਾ ਹੈ? ਭਾਰਤ ਵਿੱਚ 20 ਲੱਖ ਰੁਪਏ ਦੀ ਵਿਕਰੀ ਕਰਨ ਵਾਲੇ ਉੱਦਮੀ ਜੀਐਸਟੀ ਤੋਂ ਬਾਹਰ ਰਹਿਣਗੇ। ਉੱਤਰ-ਪੂਰਬੀ ਰਾਜਾਂ ਲਈ ਇਹ ਸੀਮਾ 10 ਲੱਖ ਰੁਪਏ ਹੈ। ਟੈਕਸ ਦੋ ਤਰ੍ਹਾਂ ਦੇ ਹੁੰਦੇ ਹਨ। ਸਿੱਧੇ ਟੈਕਸ ਅਤੇ ਅਸਿੱਧੇ ਟੈਕਸ। ਸਿੱਧੇ ਟੈਕਸ ਵਿਅਕਤੀਆਂ ਅਤੇ ਜਥੇਬੰਦੀਆਂ ਵੱਲੋਂ ਟੈਕਸ ਲਾਉਣ ਵਾਲੀ ਅਥਾਰਿਟੀ ਨੂੰ ਸਿੱਧੇ ਭੁਗਤਾਨ ਕੀਤੇ ਜਾਂਦੇ ਹਨ, ਜਿਵੇਂ ਆਮਦਨ ਟੈਕਸ। ਅਸਿੱਧੇ ਟੈਕਸ ਅਸਲ ਵਿੱਚ ਵੈਲਿਊ ਐਡਿਡ ਟੈਕਸ ਹੁੰਦੇ ਹਨ ਅਤੇ ਇਹ ਉਨ੍ਹਾਂ ਵਸਤਾਂ ਅਤੇ ਸੇਵਾਵਾਂ ਉਪਰ ਲੱਗਦੇ ਹਨ ਜਿਨ੍ਹਾਂ ਵਿੱਚ ਕਿਰਤ ਅਤੇ ਹੋਰ ਸਾਮਾਨ ਖ਼ਪਤ ਹੋ ਕੇ ਕੀਮਤ ਵਿੱਚ ਵਾਧਾ ਹੋ ਜਾਂਦਾ ਹੈ, ਜਿਵੇਂ ਕੇਂਦਰੀ ਐਕਸਾਈਜ਼ ਅਤੇ ਕਸਟਮ ਡਿਊਟੀ। ਟੈਕਸ ਲਾਉਣ ਵਾਲੀ ਅਥਾਰਿਟੀ ਇਹ ਟੈਕਸ ਸਿੱਧੇ ਖ਼ਪਤਕਾਰ ਕੋਲੋਂ ਨਹੀਂ, ਵਪਾਰੀ ਕੋਲੋਂ ਲੈਂਦੀ ਹੈ। ਵਪਾਰੀ ਅੱਗੇ ਇਹ ਟੈਕਸ ਖ਼ਪਤਕਾਰ ਤੋਂ ਲੈਂਦਾ ਹੈ। ਅਸਿੱਧੇ ਟੈਕਸਾਂ ਦਾ ਬੋਝ ਅੰਤਮ ਤੌਰ 'ਤੇ ਖ਼ਪਤਕਾਰ ਉਪਰ ਪੈਂਦਾ ਹੈ। ਅਸਿੱਧੇ ਟੈਕਸ ਦਾ ਜ਼ਿਆਦਾ ਬੋਝ ਗ਼ਰੀਬ ਅਤੇ ਮੱਧ ਵਰਗ ਉਪਰ ਪੈਂਦਾ ਹੈ। ਜੀਐਸਟੀ ਅਜਿਹੀ ਹੀ ਅਸਿੱਧੀ ਕਰ ਪ੍ਰਣਾਲੀ ਹੈ।

ਭਾਰਤ ਵਿੱਚ 22 ਫਰਵਰੀ 2016 ਨੂੰ ਅਸਿੱਧੇ ਅਤੇ ਸਿੱਧੇ ਟੈਕਸਾਂ ਦੀ ਅਨੁਪਾਤ 65: 35 ਸੀ। ਜੀਐਸਟੀ ਲੱਗਣ ਨਾਲ ਇਹ ਅਨੁਪਾਤ ਹੋਰ ਵਧ ਜਾਵੇਗਾ। ਇਸ ਸਮੇਂ ਭਾਰਤ ਵਿੱਚ ਕੇਂਦਰੀ ਅਤੇ ਰਾਜ ਸਰਕਾਰਾਂ ਦੇ ਟੈਕਸਾਂ ਦੀ ਮਾਤਰਾ ਕੁੱਲ ਘਰੇਲੂ ਪੈਦਾਵਾਰ ਦੀ 16 ਪ੍ਰਤੀਸ਼ਤ ਹੈ ਜੋ ਜੀਐਸਟੀ ਨਾਲ ਦੁੱਗਣੀ ਹੋਣ ਦੇ ਅਨੁਮਾਨ ਹਨ।

ਜੀਐਸਟੀ ਦਾ ਇਕ ਮੰਤਵ ਟੈਕਸ ਦੇਣ ਵਾਲਿਆਂ ਦਾ ਘੇਰਾ ਵਧਾਉਣਾ ਹੈ। ਜੀਐਸਟੀ ਲਾਗੂ ਹੋਣ ਨਾਲ ਭਾਰਤ ਅੰਦਰ ਹੁਣ ਟੈਕਸ ਨੈੱਟ ਵਿੱਚ 80 ਲੱਖ ਉੱਦਮੀ ਹਨ। ਇਨ੍ਹਾਂ ਵਿੱਚ 70 ਲੱਖ ਛੋਟੇ ਅਤੇ ਦਰਮਿਆਨੇ ਕਾਰੋਬਾਰੀ ਹਨ। ਹੁਣ ਟੈਕਸ ਭਰਨ ਵਾਲਿਆਂ ਦੀ 540 ਲੱਖ ਦੀ ਗਿਣਤੀ ਨੂੰ ਜੀਐਸਟੀਐਨ ਵਿੱਚ ਨਾਂ ਦਰਜ ਕਰਾਉਣੇ ਪੈਣਗੇ। ਜੀਐਸਟੀ ਭਰਨ ਵਾਲਿਆਂ ਦੀਆਂ 0, 5, 12, 18 ਅਤੇ 28 ਪੰਜ ਟੈਕਸ ਸਲੈਬਾਂ ਬਣਾਈਆਂ ਗਈਆਂ ਹਨ। ਸਿਫ਼ਰ ਟੈਕਸ ਭਾਵ ਜਿਨ੍ਹਾਂ ਵਸਤਾਂ ਉਪਰ ਟੈਕਸ ਨਹੀਂ ਲੱਗਿਆ, ਉਨ੍ਹਾਂ ਵਿੱਚ ਤਾਜ਼ਾ ਮੀਟ, ਮੱਛੀ, ਚਿਕਨ, ਅੰਡੇ, ਦੁੱਧ, ਲੱਸੀ, ਦਹੀਂ, ਕੁਦਰਤੀ ਸ਼ਹਿਦ, ਤਾਜ਼ੇ ਫ਼ਲ ਅਤੇ ਸਬਜ਼ੀਆਂ, ਆਟਾ, ਬੇਸਨ, ਬਰੈਡ, ਪ੍ਰਸਾਦ, ਨਮਕ, ਬਿੰਦੀ, ਸਿੰਧੂਰ, ਸਟੈਂਪ, ਕੋਰਟ ਪੇਪਰ, ਪਰਿੰਟਿਡ ਕਿਤਾਬਾਂ, ਅਖ਼ਬਾਰ, ਵੰਗਾਂ, ਹੈਂਡਲੂਮ ਵਗੈਰਾ ਸ਼ਾਮਲ ਹਨ। ਬਾਕੀ ਵਸਤਾਂ ਲਈ ਚਾਰ ਟੈਕਸ ਸਲੈਬਾਂ ਹਨ।

ਯੂਪੀਏ ਸਰਕਾਰ ਵੇਲੇ ਜੀਐਸਟੀ ਦੇ ਮਸੌਦੇ ਵਿੱਚ ਵੱਧ ਤੋਂ ਵੱਧ ਜੀਐਸਟੀ ਦੀ ਦਰ 18 ਪ੍ਰਤੀਸ਼ਤ ਰੱਖੀ ਜਾ ਰਹੀ ਸੀ ਪਰ ਉਸ ਸਮੇਂ ਭਾਜਪਾ ਇਸ ਨੂੰ 18 ਪ੍ਰਤੀਸ਼ਤ ਤੋਂ ਵੀ ਹੇਠਾਂ ਲਿਆਉਣ ਲਈ ਬਜ਼ਿਦ ਸੀ। ਹੁਣ ਇਸ ਨੇ ਦੁਨੀਆ ਦੀ ਸਭ ਤੋਂ ਉੱਚੀ 28 ਪ੍ਰਤੀਸ਼ਤ ਦਰ ਰੱਖੀ ਹੈ। ਇਨ੍ਹਾਂ ਟੈਕਸਾਂ ਤੋਂ ਇਲਾਵਾ ਭਾਰਤ ਵਿੱਚ ਜੀਐਸਟੀ ਕੌਂਸਲ ਨੂੰ ਅਲੱਗ-ਅਲੱਗ ਸਪਲਾਈ ਉਪਰ ਮੁਆਵਜ਼ਾ ਸੈੱਸ ਲਾਉਣ ਦਾ ਅਧਿਕਾਰ ਵੀ ਹੈ। ਕੱਚਾ ਤੇਲ, ਪੈਟਰੋਲ, ਡੀਜ਼ਲ, ਕੁਦਰਤੀ ਗੈਸ, ਜੈੱਟ ਈਂਧਨ, ਰੀਅਲ ਇਸਟੇਟ ਅਤੇ ਬਿਜਲੀ ਅਜੇ ਜੀਐਸਟੀ ਤੋਂ ਬਾਹਰ ਹਨ। ਸ਼ਰਾਬ ਨੂੰ ਜੀਐਸਟੀ ਦੇ ਘੇਰੇ ਵਿੱਚ ਲਿਆਉਣ ਲਈ ਸੰਵਿਧਾਨ ਵਿੱਚ ਸੋਧ ਕਰਨੀ ਪਵੇਗੀ।

ਆਖ਼ਰ ਸਰਕਾਰ ਨੂੰ ਜੀਐਸਟੀ ਲਾਗੂ ਕਰਨ ਦੀ ਕਾਹਲ ਕਿਉਂ? ਦਰਅਸਲ ਭਾਰਤ ਨੂੰ ਇਕ ਗੰਭੀਰ ਸੰਕਟ ਦਰਪੇਸ਼ ਹੈ। ਕਿਸਾਨ ਕਰਜ਼ੇ ਦੇ ਵੱਡੇ ਬੋਝ ਕਾਰਨ ਖ਼ੁਦਕੁਸ਼ੀਆਂ ਕਰ ਰਹੇ ਹਨ। ਅੱਕ ਕੇ ਉਹ ਵੱਡੇ ਅੰਦੋਲਨਾਂ ਰਾਹੀਂ ਸਰਕਾਰ ਲਈ ਚੁਣੌਤੀ ਬਣ ਰਹੇ ਹਨ। ਸਨਅਤੀ ਸੰਕਟ ਕਾਰਨ ਭਾਰਤ ਦੇ ਵੱਡੇ ਘਰਾਣਿਆਂ ਸਿਰ ਕਰਜ਼ੇ ਵਧ ਰਹੇ ਹਨ। ਇਸ ਨਾਲ ਬੈਂਕਿੰਗ ਖੇਤਰ ਦੇ ਐਨਪੀਏ ਵਧਣ ਕਰਕੇ ਭਾਰਤ ਲਈ ਵਿੱਤੀ ਸੰਕਟ ਖੜ੍ਹਾ ਹੋ ਰਿਹਾ ਹੈ। ਇਸ ਵੱਡੇ ਸੰਕਟ ਨੂੰ ਟਾਲਣ ਲਈ ਮੋਦੀ ਨੇ ਮੇਕ ਇਨ ਇੰਡੀਆ ਅਤੇ ਸਟੈਂਡ ਅੱਪ ਇੰਡੀਆ ਵਰਗੇ ਨਾਅਰੇ ਲਾ ਕੇ ਵਿਦੇਸ਼ੀ ਸਾਮਰਾਜੀ ਕੰਪਨੀਆਂ ਨੂੰ ਭਾਰਤ ਵਿੱਚ ਪੂੰਜੀ ਨਿਵੇਸ਼ ਲਈ ਸੱਦੇ ਦਿੱਤੇ ਜਾ ਰਹੇ ਹਨ। ਸਾਮਰਾਜੀ ਦੇਸ਼ਾਂ ਨੂੰ ਖੁੱਲ੍ਹਾਂ ਦੇਣ ਲਈ ਉਹ ਜੀਐਸਟੀ ਨੂੰ ਲਾਗੂ ਕਰਕੇ ਦੇਸ਼ ਨੂੰ ਇਕ ਇਕਹਿਰੀ ਮੰਡੀ ਅਤੇ ਇਕ ਕੇਂਦਰੀਕ੍ਰਿਤ ਅਤੇ ਏਕਾਮਿਕ ਢਾਂਚੇ ਵਿੱਚ ਬਦਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਹਿਲਾਂ ਉਹ ਨੋਟਬੰਦੀ ਨਾਲ ਭ੍ਰਿਸ਼ਟਾਚਾਰ, ਕਾਲੇ ਧਨ, ਜਾਅਲੀ ਕਰੰਸੀ ਅਤੇ ਅੱਤਵਾਦ ਨੂੰ ਖ਼ਤਮ ਕਰਨ ਦੇ ਦਾਅਵੇ ਕਰਦਾ ਸੀ ਅਤੇ ਹੁਣ ਉਹ ਜੀਐਸਟੀ ਨਾਲ ਕੁੱਲ ਘਰੇਲੂ ਪੈਦਾਵਾਰ ਵਿੱਚ ਵਾਧਾ ਹੋਣ, ਸਨਅਤੀ ਆਰਥਿਕਤਾ ਵਿੱਚ ਪਾਰਦਰਸ਼ਤਾ ਆਉਣ, ਸਹਿਕਾਰੀ ਸੰਘਵਾਦ ਹੋਰ ਮਜ਼ਬੂਤ ਕਰਨ, ਟੈਕਸ ਪ੍ਰਬੰਧ ਨੂੰ ਮੁੜ ਢਾਂਚਾਗਤ ਕਰਨ, ਵਪਾਰ ਵਿੱਚ ਵਾਧਾ ਹੋਣ ਨਾਲ ਸੇਵਾਵਾਂ ਨੂੰ ਹੁਲਾਰਾ ਮਿਲਣ, ਸਿੱਧੇ ਪੂੰਜੀ ਨਿਵੇਸ਼ ਵਿੱਚ ਵੱਡਾ ਵਾਧਾ ਹੋਣ, ਵਸਤਾਂ ਸਸਤੀਆਂ ਹੋਣ, ਲੋਕਾਂ ਉਪਰ ਟੈਕਸਾਂ ਦਾ ਭਾਰ ਘੱਟ ਹੋਣ ਦੇ ਦਾਅਵੇ ਕਰ ਰਿਹਾ ਹੈ। ਪਰ ਗੱਲ ਇਸ ਦੇ ਉਲਟ ਹੈ। ਜੀਐਸਟੀ ਲਾਗੂ ਕਰਨ ਲਈ ਵੱਡੇ ਕਾਰਪੋਰੇਟ ਘਰਾਣੇ ਮੋਦੀ ਨਾਲ ਜਸ਼ਨ ਮਨਾ ਰਹੇ ਹਨ। ਪਰ ਦੂਜੇ ਪਾਸੇ ਕੱਪੜਾ ਵਪਾਰੀ ਦੇਸ਼ਵਿਆਪੀ ਅੰਦੋਲਨ ਕਰ ਰਹੇ ਹਨ। ਹਰਿਆਣੇ ਦੀਆਂ ਪਲਾਈਵੁੱਡ ਸਨਅਤਾਂ ਜੀਐਸਟੀ ਲੱਗਣ ਨਾਲ ਬੰਦ ਹੋ ਰਹੀਆਂ ਹਨ। ਕੱਚੇ ਚਮੜੇ ਵਾਲੇ ਵਪਾਰੀ ਅਤੇ ਮਜ਼ਦੂਰ ਜੀਐਸਟੀ ਬੰਦ ਕਰਾਉਣ ਲਈ ਸੰਘਰਸ਼ ਕਰ ਰਹੇ ਹਨ। ਨਰਿੰਦਰ ਮੋਦੀ ਕਹਿ ਰਹੇ ਹਨ ਕਿ ਜੀਐਸਟੀ ਨਾਲ ਮਹਿੰਗਾਈ ਘਟੇਗੀ ਪਰ ਉਲਟਾ ਮਹਿੰਗਾਈ ਵਧਣ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਪਰ ਦਸ ਕਰੋੜ ਰੁਪਏ ਦਾ ਸਾਲਾਨਾ ਹੋਰ ਬੋਝ ਪੈ ਰਿਹਾ ਹੈ। ਪੰਜਾਬ ਦੇ ਲੋਕਾਂ ਉਪਰ ਪੰਜ ਹਜ਼ਾਰ ਕਰੋੜ ਰੁਪਏ ਅਤੇ ਸਮੁੱਚੇ ਦੇਸ਼ ਦੇ ਲੋਕਾਂ ਉਪਰ ਦੋ ਲੱਖ ਕਰੋੜ ਰੁਪਏ ਦੇ ਟੈਕਸਾਂ ਦਾ ਨਵਾਂ ਬੋਝ ਪੈਣ ਦੀ ਸੰਭਾਵਨਾ ਹੈ।

ਜੀਐਸਟੀ ਅਜੇ ਪੂਰੀ ਤਰ੍ਹਾਂ ਲਾਗੂ ਨਹੀਂ ਹੋਇਆ ਪਰ ਲੋਕਾਂ ਦੀਆਂ ਖਪਤ ਵਾਲੀਆਂ ਵਸਤਾਂ ਦੀਆਂ ਕੀਮਤਾਂ ਵਧ ਗਈਆਂ ਹਨ। ਦਰਅਸਲ, ਮੋਦੀ ਦਾ ਜੀਐਸਟੀ ਰਾਹੀਂ ਇਕ ਦੇਸ਼, ਇਕ ਮੰਡੀ ਅਤੇ ਇਕ ਟੈਕਸ ਬਣਾਉਣ ਦਾ ਉਦੇਸ਼ ਦੇਸ਼ ਦੀ ਮੰਡੀ ਖੋਲ੍ਹ ਕੇ ਵਿਦੇਸ਼ੀ ਕੰਪਨੀਆਂ ਅਤੇ ਵੱਡੇ ਘਰਾਣਿਆਂ ਦੀ ਸਾਂਝ ਪੁਆ ਕੇ ਭਾਰਤੀ ਲੋਕਾਂ ਅਤੇ ਦੇਸ਼ ਦੇ ਸ੍ਰੋਤਾਂ ਦੀ ਹੋਰ ਲੁੱਟ ਕਰਾਉਣੀ ਹੈ। ਪਰ ਇਸ ਨਾਲ ਛੋਟੀ ਅਤੇ ਦਰਮਿਆਨੀ ਸਨਅਤ ਦੀ ਹੋਰ ਤਬਾਹੀ ਹੋਵੇਗੀ, ਜ਼ਰੱਈ ਸੰਕਟ ਹੋਰ ਵਧੇਗਾ ਤੇ ਪਹਿਲਾਂ ਹੀ ਪਿਸੇ ਰਹੇ ਮਜ਼ਦੂਰ, ਕਿਸਾਨ ਅਤੇ ਉੱਦਮੀ ਹੋਰ ਪਿਸ ਜਾਣਗੇ।

## ਜੀਐਸਟੀ ਤੋਂ ਬਚਣ ਲਈ ਬਠਿੰਡਾ ਦੀ ਕੀਟਨਾਸ਼ਕ ਕੰਪਨੀ ਵੱਲੋਂ ਹੇਰਾਫੇਰੀ ਦਾ 'ਛਿੜਕਾਅ'

*8.50 ਕਰੋੜ ਰੁਪਏ ਦਾ ਸ਼ੱਕੀ ਮਾਲ ਮਿਲਣ 'ਤੇ ਕੰਪਨੀ ਨੂੰ 80 ਲੱਖ ਰੁਪਏ ਜੁਰਮਾਨਾ*

**ਬਠਿੰਡਾ/ਬਿਊਰੋ ਨਿਊਜ਼ :**
ਕਰ ਅਤੇ ਆਬਕਾਰੀ ਵਿਭਾਗ ਬਠਿੰਡਾ ਨੇ ਇੱਕ ਕੀਟਨਾਸ਼ਕ ਕੰਪਨੀ ਦੇ ਗੁਦਾਮਾਂ 'ਤੇ ਛਾਪਾ ਮਾਰਿਆ ਜਿੱਥੋਂ ਕੰਪਨੀ ਵੱਲੋਂ ਕਰੋੜਾਂ ਰੁਪਏ ਦੀ ਦਵਾਈ ਦਾ ਗੋਲਮਾਲ ਕੀਤੇ ਜਾਣ ਦਾ ਪਤਾ ਲੱਗਾ ਹੈ। ਜੀਐਸਟੀ ਤੋਂ ਬਚਣ ਲਈ ਕੀਟਨਾਸ਼ਕ ਕੰਪਨੀ ਤਰਫ਼ੋਂ ਪੁਰਾਣੀ ਤਰੀਕ ਵਿੱਚ ਬਿੱਲ ਕੱਟੇ ਗਏ ਹਨ। ਕਰ ਵਿਭਾਗ ਵੱਲੋਂ ਕਰੀਬ ਸਾਢੇ ਅੱਠ ਕਰੋੜ ਦੇ ਕੀਟਨਾਸ਼ਕਾਂ ਦਾ ਪਤਾ ਲਾਇਆ ਗਿਆ ਹੈ, ਜਿਨ੍ਹਾਂ ਦੇ ਬਿੱਲ ਜੀਐਸਟੀ ਲਾਗੂ ਹੋਣ ਤੋਂ ਪਹਿਲਾਂ ਦੀ ਤਰੀਕ ਵਿੱਚ ਕੱਟੇ ਹੋਏ ਸਨ। ਬਠਿੰਡਾ ਅਤੇ ਲੁਧਿਆਣਾ ਵਿਚਲੇ ਕੰਪਨੀ ਦੇ ਗੁਦਾਮਾਂ ਦੀ ਚੈਕਿੰਗ ਕੀਤੀ ਗਈ ਹੈ ਜਿੱਥੇ ਇਹ ਕੀਟਨਾਸ਼ਕ ਹਾਲੇ ਭੰਡਾਰ ਕੀਤੇ ਹੋਏ ਸਨ। ਮਾਮਲਾ ਉਦੋਂ ਸ਼ੱਕੀ ਬਣ ਗਿਆ ਜਦੋਂ ਕਰ ਤੇ ਆਬਕਾਰੀ ਟੀਮ ਨੇ ਸਰਦੂਲਗੜ੍ਹ ਨੇੜੇ ਇੱਕ ਗੱਡੀ ਫੜੀ ਸੀ। ਜਾਣਕਾਰੀ ਅਨੁਸਾਰ ਕੀਟਨਾਸ਼ਕ ਵੇਚਣ ਵਾਲੀ 'ਕੈਮੀਨੋਵਾ' ਕੰਪਨੀ ਦਾ ਦਫ਼ਤਰ ਅਤੇ ਗੁਦਾਮ ਮਲੋਟ ਰੋਡ 'ਤੇ ਹਨ ਜਿਨ੍ਹਾਂ ਦੀ ਕਰ ਤੇ ਆਬਕਾਰੀ ਟੀਮਾਂ ਵੱਲੋਂ ਜਾਂਚ ਕੀਤੀ ਗਈ ਹੈ। ਮਹਿਕਮੇ ਦੇ ਸੂਤਰਾਂ ਮੁਤਾਬਕ ਜਦੋਂ ਉਨ੍ਹਾਂ ਇੱਕ ਗੱਡੀ ਫੜ ਲਈ ਗਈ ਤਾਂ ਮਾਮਲਾ ਉਜਾਗਰ ਹੋ ਗਿਆ। ਸੂਤਰਾਂ ਅਨੁਸਾਰ ਬਠਿੰਡਾ ਵਿਚਲੇ ਗੁਦਾਮਾਂ ਵਿੱਚ ਡੇਢ ਕਰੋੜ ਅਤੇ ਲੁਧਿਆਣਾ ਵਿਚਲੇ ਗੁਦਾਮਾਂ ਵਿੱਚ ਕਰੀਬ 7 ਕਰੋੜ ਦੇ ਕੀਟਨਾਸ਼ਕ ਮਿਲੇ ਹਨ। ਇਸ ਪੈਸਟੀਸਾਈਡ ਫਰਮ ਵੱਲੋਂ ਕੇਂਦਰੀ ਟੈਕਸ ਤਾਂ ਕਰੀਬ 12.5 ਫੀਸਦੀ ਭਰੇ ਹੋਏ ਸਨ ਪਰ ਹੁਣ ਵੈਟ ਦੇ 9 ਫ਼ੀਸਦੀ ਦੀ ਚੋਰੀ ਕੀਤੀ ਜਾ ਰਹੀ ਸੀ।

## ਜੀਐਸਟੀ ਦੇ ਵਿਰੋਧ 'ਚ ਚਮੜੇ ਦੇ ਵਪਾਰੀਆਂ ਵੱਲੋਂ ਮਰੇ ਪਸ਼ੂ ਚੁੱਕਣ ਤੋਂ ਇਨਕਾਰ

**ਲੁਧਿਆਣਾ/ਬਿਊਰੋ ਨਿਊਜ਼ :** ਕੇਂਦਰ ਸਰਕਾਰ ਵੱਲੋਂ ਪਹਿਲੀ ਜੁਲਾਈ ਤੋਂ ਕੱਚੇ ਚਮੜੇ 'ਤੇ ਲਾਏ 5 ਫ਼ੀਸਦੀ ਜੀਐਸਟੀ ਤੋਂ ਖ਼ਫ਼ਾ ਕੱਚੇ ਚਮੜੇ ਦੇ ਵਪਾਰੀ ਤੇ ਕਾਰੋਬਾਰੀ ਅਣਮਿਥੇ ਸਮੇਂ ਦੀ ਹੜਤਾਲ 'ਤੇ ਚਲੇ ਗਏ ਹਨ ਤੇ ਸੂਬਾ ਭਰ ਵਿਚੋਂ ਮਰੇ ਮਵੇਸ਼ੀ ਚੁੱਕਣ ਤੋਂ ਨਾਂਹ ਕਰ ਦਿੱਤੀ ਹੈ। ਇਸ ਕਾਰਨ ਸੂਬੇ ਦੇ ਵੱਖ ਵੱਖ ਇਲਾਕਿਆਂ ਵਿੱਚ ਮਰੇ ਹੋਏ ਮਵੇਸ਼ੀਆਂ ਦੀ ਬਦਬੂ ਕਾਰਨ ਬਿਮਾਰੀਆਂ ਫੈਲਣ ਦਾ ਖ਼ਤਰਾ ਹੈ। ਲੁਧਿਆਣਾ ਵਿੱਚ ਰੋਜ਼ਾਨਾ 100 ਤੋਂ ਵੱਧ ਪਸ਼ੂਆਂ ਦੀ ਕੁਦਰਤੀ ਮੌਤ ਹੋ ਰਹੀ ਹੈ, ਜਿਨ੍ਹਾਂ ਨੂੰ ਨਗਰ ਨਿਗਮ ਦੇ ਅਧਿਕਾਰੀ ਆਪਣੇ ਪੱਧਰ 'ਤੇ ਚੁੱਕ ਕੇ ਦੱਬ ਰਹੇ ਹਨ ਕਿਉਂਕਿ ਕੱਚੇ ਚਮੜੇ ਦੇ ਵਪਾਰੀਆਂ ਨੇ ਇਨ੍ਹਾਂ ਪਸ਼ੂਆਂ ਨੂੰ ਚੁੱਕਣਾ ਬੰਦ ਕਰ ਦਿੱਤਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਨੇ ਸੁਣਵਾਈ ਨਾ ਕੀਤੀ ਤਾਂ ਇਹ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਕੱਚੇ ਚਮੜੇ ਦੇ ਵਪਾਰੀ ਪਰੋਸ਼ਤਮ ਲਾਲ ਦਾ ਕਹਿਣਾ ਸੀ ਕਿ ਉਹ ਪਸ਼ੂਆਂ ਤੇ ਜਾਨਵਰਾਂ ਨੂੰ ਚੁੱਕ ਕੇ

**ਬਾਕੀ ਸਫ਼ਾ 32 'ਤੇ**

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੰਪਿਊਟਰ ਵਿਚ ਅੰਕਿਤ ਕਰਨ ਵਾਲੇ ਪਹਿਲੇ ਉੱਦਮੀ ਬਲਵੰਤ ਸਿੰਘ ਉੱਪਲ

ਰਿਪੋਰਟ : ਅਮਨਦੀਪ ਸਿੰਘ







**ਸਿਡਨੀ:** ਸੰਨ 2008 ਵਿਚ ਪੱਛਮੀ ਆਸਟ੍ਰੇਲੀਆ ਦੀ ਰਾਜਧਾਨੀ ਪਰਥ ਵਿਚ ਸਾਲਾਨਾ ਸਿੱਖ ਖੇਡਾਂ ਸਨ। ਮੈਂ ਅਤੇ ਰਣਜੀਤ ਖੇੜਾ ਸਿਡਨੀ ਤੋਂ ਅਤੇ ਚਰਨਾਮਤ ਸਿੰਘ ਮੈਲਬੋਰਨ ਤੋਂ ਪਰਥ ਏਅਰ ਪੋਰਟ ਤੇ ਪਹੁੰਚ ਕੇ ਇਕੱਠੇ ਹੋਏ। ਪਹਿਲੀ ਰਾਤ ਨੂੰ ਆਪਸ ਵਿਚ ਅਗਲੇ ਦਿਨਾਂ ਦੀਆਂ ਸਲਾਹਾਂ ਕਰ ਰਹੇ ਸੀ। ਮੈਂ ਚਰਨਾਮਤ ਭਾਜੀ ਨੂੰ ਕਿਹਾ ਕਿ ਕਮੈਂਟਰੀ ਦੌਰਾਨ ਤੁਸੀਂ ਅਨਾਊਂਸਮੈਂਟ ਕਰ ਦਿਓ ਕਿ ਅਸੀਂ ਸ. ਬਲਵੰਤ ਸਿੰਘ ਉੱਪਲ ਨੂੰ ਮਿਲਣਾ ਚਾਹੁੰਦੇ ਹਾਂ। ਉਨ੍ਹਾਂ ਪੁੱਛਿਆ ਕਿ ਇਹ ਕੌਣ ਹਨ। ਮੈਂ ਸੰਖੇਪ ਵਿਚ ਦੱਸਿਆ ਕਿ ਇਹ ਉਹ ਸ਼ਖ਼ਸ ਹਨ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਪਹਿਲੀ ਵਾਰ ਕੰਪਿਊਟਰ ਵਿਚ ਪੰਜਾਬੀ ਫੌਂਟ ਬਣਾ ਕੇ ਟਾਈਪ ਕੀਤਾ ਹੈ ਅਤੇ ਫ਼ਲੌਪੀ ਡਿਸਕਾਂ ਰਾਹੀਂ ਹੋਰਨਾਂ ਵਾਸਤੇ ਉਪਲਬਧ ਕਰਵਾਇਆ ਹੈ। ਬਹੁਤ ਹੀ ਵੱਡਾ ਕਾਰਜ ਕੀਤਾ ਹੈ।

ਦੂਸਰੇ ਦਿਨ ਮੈਚ ਸ਼ੁਰੂ ਹੋ ਗਏ। ਪਹਿਲੇ ਹੀ ਮੈਚ ਵਿਚ ਚਰਨਾਮਤ ਸਿੰਘ ਨੇ ਮੈਨੂੰ ਸੰਬੋਧਨ ਕਰ ਕੇ ਅਨਾਊਂਸਮੈਂਟ ਕੀਤੀ ਕਿ ਅਮਨਦੀਪ ਜਿੱਥੇ ਵੀ ਮੇਰੀ ਆਵਾਜ਼ ਸੁਣਦਾ ਹੋਵੇ ਤਾਂ ਗਰਾਊਂਡ ਦੇ ਲਾਗੇ ਖੜੇ ਸੋਨਾਲੀਕਾ ਟਰੈਕਟਰ ਕੋਲ ਆ ਜਾਵੇ, ਉਸ ਨੂੰ ਇੱਕ ਪਰਵਾਰ ਮਿਲਣਾ ਚਾਹੁੰਦਾ ਹੈ। ਮੈਂ ਉਤਸੁਕ ਹੋ ਕੇ ਤੁਰ ਪਿਆ ਕਿਉਂਕਿ ਮੈਨੂੰ ਕੋਈ ਵੀ ਪਰਵਾਰ ਇਸ ਸੂਬੇ ਵਿਚ ਜਾਣਦਾ ਨਹੀਂ ਸੀ। ਜਦੋਂ ਲਾਗੇ ਪਹੁੰਚਿਆ ਤਾਂ ਮੈਂ ਆਪਣੇ ਮਾਤਾ ਪਿਤਾ ਦੇ ਹਮ ਉਮਰ ਸ਼ਖ਼ਸੀਅਤਾਂ ਨੂੰ ਸਤਿ ਸ੍ਰੀ ਅਕਾਲ ਬੁਲਾਈ ਅਤੇ ਉਨ੍ਹਾਂ ਨੇ ਕਿਹਾ ਕਿ ਪੁੰਨੂਮਜਾਰੇ (ਸਾਡਾ ਪਿੰਡ) ਵਾਲਾ ਅਮਰਜੀਤ ਸਾਡਾ ਭਤੀਜਾ ਲੱਗਦਾ ਹੈ ਅਤੇ ਉਸ ਨੇ ਫ਼ੋਨ ਕੀਤਾ ਸੀ ਕਿ ਤੂੰ ਆ ਰਿਹਾ ਹੈਂ। ਮੁੱਢਲੀ ਜਾਣ ਪਹਿਚਾਣ ਹੋਈ। ਆਂਟੀ ਜੀ ਨੇ ਕਿਹਾ ਕਿ ਮੇਰਾ ਨਾਮ ਨਵਤੇਜ ਉੱਪਲ ਹੈ ਅਤੇ ਇਹ ਹਨ ਤੇਰੇ ਅੰਕਲ ਬਲਵੰਤ। ਸੁਣਦੇ ਸਾਰ ਹੀ ਮੇਰੇ ਅੰਦਰ ਝੁਣਝੁਣੀ ਪੈਦਾ ਹੋਈ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਉਹ ਸਾਫ਼ਟਵੇਅਰ ਵਾਲੇ ਉੱਪਲ ਅੰਕਲ ਤਾਂ ਨਹੀਂ ? ਉਨ੍ਹਾਂ ਨੇ ਹਾਂ ਵਿੱਚ ਸਿਰ ਹਿਲਾਇਆ। ਮੈਂ ਦੁਬਾਰਾ ਉਨ੍ਹਾਂ ਦੇ ਪੈਰੀਂ ਹੱਥ ਲਾਇਆ ਅਤੇ ਉਨ੍ਹਾਂ ਨੂੰ ਦੱਸਿਆ ਕਿ ਦੇਖੋ ਰੰਗ ਕਰਤਾਰ ਦੇ, ਲੱਭਣਾ ਸਾਨੂੰ ਚਾਹੀਦਾ ਹੈ ਪਰ ਲੱਭ ਤੁਸੀਂ ਸਾਨੂੰ ਰਹੇ ਹੋ! ਮੈਂ ਚਰਨਾਮਤ ਅਤੇ ਰਣਜੀਤ ਭਾਜੀ ਨੂੰ ਵੀ ਦੱਸਿਆ, ਉਨ੍ਹਾਂ ਦੀ ਵੀ ਖ਼ੁਸ਼ੀ ਦੀ ਹੱਦ ਨਾ ਰਹੀ।

ਸ਼ਾਮ ਨੂੰ ਹੀ ਅੰਕਲ ਆਂਟੀ ਸਾਨੂੰ ਆਪਣੇ ਘਰ ਲੈ ਗਏ। ਕਾਰ ਵਿਚੋਂ ਉੱਤਰਦੇ ਸਾਰ ਹੀ ਜਾਮਣਾ ਦਾ ਦਰਖ਼ਤ ਸੀ। ਪਹਿਲਾਂ ਤਾਂ ਅਸੀਂ ਰੱਜ ਕੇ ਜਾਮਣਾ ਖਾਧੀਆਂ, ਫਿਰ ਅੰਕਲ ਨੇ ਬੈਕ ਯਾਰਡ (ਗਾਰਡਨ) ਵਿਚ ਲੱਗੀ ਬੰਬੀ ਚਲਾ ਦਿੱਤੀ ਅਤੇ ਆਲ਼ੇ-ਦੁਆਲੇ ਲੱਗੇ ਅਨੇਕ ਫਲ ਫਰੂਟ ਦੇਖ ਕੇ ਮਹਿਸੂਸ ਕੀਤਾ ਕਿ ਇਹ ਕੁਦਰਤ ਨੂੰ ਕਿੰਨਾ ਪਿਆਰ ਕਰਦੇ ਹਨ। ਫਿਰ ਸ਼ੁਰੂ ਹੋਈ ਸਾਫ਼ਟਵੇਅਰ ਦੀ ਗੱਲ।

"1986 ਜਾਂ 87 ਦੀ ਗੱਲ ਹੈ ਕਿ ਮਨ ਵਿਚ ਵਿਚਾਰ ਆਇਆ ਕਿ ਅੰਗਰੇਜ਼ੀ ਭਾਸ਼ਾ ਵਾਂਗ ਕਿਉਂ ਨਾ ਗੁਰੂ ਗ੍ਰੰਥ ਸਾਹਿਬ ਨੂੰ ਵੀ ਕੰਪਿਊਟਰ ਦੇ ਨਵੀਨ ਮਾਧਿਅਮ ਵਿਚ ਅੰਕਿਤ ਕੀਤਾ ਜਾਵੇ। ਇਸ ਕਾਰਜ ਨੂੰ ਪੂਰਾ ਕਰਨ ਲਈ ਪਹਿਲਾਂ ਕੰਪਿਊਟਰ ਭਾਸ਼ਾ ਡੌਸ (DOS), ਅਸੈਂਬਲੀ, ਬੇਸਿਕ, ਟਰਬੋ-ਬੇਸਿਕ ਅਤੇ ਸੀ ਭਾਸ਼ਾ ਸਿੱਖੀ। ਹਾਲਾਂਕਿ ਕੁੱਝ ਪੰਜਾਬੀ ਦੇ ਫੌਂਟ ਛਾਪਣ ਲਈ ਉਪਲਬਧ ਸਨ ਪਰ ਇਸ ਕਾਰਜ ਵਾਸਤੇ ਸਕਰੀਨ ਫੌਂਟ ਦੀ ਜ਼ਰੂਰਤ ਸੀ। ਇਸ ਕਰ ਕੇ ਪਹਿਲਾਂ ਕੰਮ ਫੌਂਟ ਬਣਾਉਣਾ ਅਤੇ ਉਸ ਉਪਰੰਤ ਪੰਜਾਬੀ ਦਾ ਐਡੀਟਰ ਬਣਾਉਣਾ ਸੀ। ਫੌਂਟ ਵਿਚ ਲਗਾ-ਮਾਤਰਾ ਨੂੰ ਦਿਖਾਉਣ ਦੀ ਬਹੁਤ ਵੱਡੀ ਸਮੱਸਿਆ ਸੀ ਕਿਉਂਕਿ ਅੰਗਰੇਜ਼ੀ ਵਿਚ ਇਹਨਾਂ ਦੀ ਵਰਤੋਂ ਨਹੀਂ ਹੁੰਦੀ। ਜਦੋਂ ਅੱਖਰ ਟਾਈਪ ਕਰ ਕੇ ਉਸ ਨਾਲ ਮਾਤਰਾ ਟਾਈਪ ਹੁੰਦੀ ਸੀ ਤਾਂ ਪਹਿਲਾ ਅੱਖਰ ਮਿਟ ਜਾਂਦਾ ਸੀ। ਇਸ ਸਮੱਸਿਆ ਦਾ ਹੱਲ ਅਸੈਂਬਲੀ ਭਾਸ਼ਾ ਦੀ ਪ੍ਰੋਗਰਾਮਿੰਗ ਨਾਲ ਹੋਇਆ ਜਿਸ ਵਿਚ ਇੱਕ ਫੰਕਸ਼ਨ ਐਕਸ.ਓ.ਆਰ (XOR) ਹੁੰਦਾ ਹੈ। ਇਹ ਭਾਸ਼ਾ ਬਹੁਤ ਹੀ ਔਖੀ ਹੈ ਪਰ ਇਸ ਵਿਚ ਵਿਸ਼ਾਲਤਾ ਬਹੁਤ ਹੈ। ਹੁਣ ਇਸ ਦੀ ਵਰਤੋਂ ਕਰ ਕੇ ਫੌਂਟ ਅਤੇ ਐਡੀਟਰ ਦੋਵੇਂ ਤਿਆਰ ਹੋ ਚੁੱਕੇ ਸਨ। ਫਿਰ ਅੱਖਰਾਂ ਦੇ ਅਰਥ ਲੱਭਣ ਲਈ ਸਰਚ ਦਾ ਇੰਜਨ ਬਣਾਇਆ ਗਿਆ। ਇਸ ਤੋਂ ਉਪਰੰਤ ਇਸ ਸਾਰੇ ਤਾਣੇ-ਬਾਣੇ ਨੂੰ ਟਰਬੋ-ਬੇਸਿਕ (Turbo Basic) ਵਿਚ ਕੰਮਪਾਈਲ ਕਰ ਕੇ ਇੱਕ ਐਕਸੀ (exe) ਫਾਈਲ ਬਣਾਈ ਗਈ ਜਿਸ ਨੂੰ ਕਿਸੇ ਵੀ ਕੰਪਿਊਟਰ ਉੱਤੇ ਚਲਾਇਆ ਜਾ ਸਕਦਾ ਸੀ। ਸਾਰੇ ਕਾਰਜ ਲਈ ਤਕਰੀਬਨ ਅੱਠ ਸਾਲ ਲੱਗੇ।"

"ਇਸ ਉਪਰੰਤ ਅਸੀਂ ਦੋਨਾਂ ਜੀਆਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਟਾਈਪਿੰਗ ਦਾ ਕੰਮ ਆਰੰਭ ਕੀਤਾ। ਕੁੱਝ ਹੋਰ ਗੁਰਮੁਖਾਂ ਨੇ ਟਾਈਪਿੰਗ ਵਿਚ ਮਦਦ ਕੀਤੀ। ਘਰ ਦੇ ਇੱਕ ਕਮਰੇ ਵਿਚ ਗੁਰੂ ਸਾਹਿਬ ਅਤੇ ਲੈਪਟਾਪ ਰੱਖ ਦਿੱਤੇ ਗਏ ਜਿਸਦਾ ਵੀ ਸਮਾਂ ਲੱਗਦਾ, ਆ ਕੇ ਟਾਈਪ ਕਰਦਾ।"

ਨਵਤੇਜ ਜੀ ਨੇ ਦੱਸਿਆ ਕਿ ਛੇ ਮਹੀਨੇ ਵਾਸਤੇ ਉਹ ਘਰ ਤੋਂ ਬਾਹਰ ਨਹੀਂ ਗਏ। ਨਵਾਂ ਸਾਧਨ ਹੋਣ ਕਰ ਕੇ ਗ਼ਲਤੀਆਂ ਬਹੁਤ ਹੋ ਜਾਂਦੀਆਂ ਸਨ ਅਤੇ ਉਹ ਹਰ ਪੰਕਤੀ ਦੇ ਅੱਖਰ ਅਤੇ ਮਾਤਰਾਵਾਂ ਗਿਣ ਕੇ ਫਿਰ ਟਾਈਪ ਹੋਈ ਪੰਕਤੀ ਨਾਲ ਮੇਲਦੇ। ਇਸ ਤਰ੍ਹਾਂ ਸਖ਼ਤ ਮਿਹਨਤ ਤੋਂ ਬਾਅਦ ਸਾਰਾ ਖਰੜਾ 1.44MB ਦੀਆਂ ਚਾਰ ਫ਼ਲੌਪੀ ਡਿਸਕਾਂ ਵਿਚ ਪਾਇਆ ਗਿਆ।

ਬਲਵੰਤ ਸਿੰਘ ਜੀ ਦੱਸਦੇ ਹਨ ਕਿ ਉਨ੍ਹਾਂ ਨੂੰ ਬੜਾ ਮਾਨ ਮਹਿਸੂਸ ਹੋ ਰਿਹਾ ਸੀ ਪਰ ਮਨ ਵਿਚ ਇੱਕ ਡਰ ਵੀ ਸੀ ਕਿ ਸਿੱਖ ਜਗਤ ਇਸ ਕਾਰਜ ਪ੍ਰਤੀ ਕੀ ਰਵੱਈਆ ਅਪਨਾਉਂਦਾ ਹੈ। ਹੋ ਸਕਦਾ ਹੈ ਕਿ ਕੁੱਝ ਸੰਪਰਦਾਵਾਂ ਇਸ ਨੂੰ ਬਾਣੀ ਦੀ ਬੇਅਦਬੀ ਨਾ ਕਰਾਰ ਦੇ ਦੇਣ। ਕੁੱਝ ਸਲਾਹ ਮਸ਼ਵਰਿਆਂ ਉਪਰੰਤ ਇਹ ਫ਼ੈਸਲਾ ਕੀਤਾ ਗਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੰਪਰਕ ਕੀਤਾ ਜਾਵੇ। ਇਸ ਮੰਤਵ ਲਈ ਉਹ ਖੁਦ ਹੀ ਜਹਾਜ਼ ਫੜ ਕੇ ਅੰਮ੍ਰਿਤਸਰ ਪਹੁੰਚੇ। ਉਸ ਸਮੇਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਨ ਅਤੇ ਆਪਣੇ ਘਰ ਟੌਹੜਾ ਪਿੰਡ ਗਏ ਹੋਏ ਸਨ। ਪਹਿਲੀ ਮਿਲਣੀ ਉਨ੍ਹਾਂ ਦੇ ਘਰ ਹੀ ਹੋਈ। ਉਨ੍ਹਾਂ ਦਾ ਘਰ ਅਤੇ ਰਹਿਣੀ ਸਹਿਣੀ ਬੜੀ ਸਾਦਾ ਸੀ ਪਰ ਟੌਹੜਾ ਸਾਹਿਬ ਨੇ ਕਾਰ ਅਤੇ ਡਰਾਈਵਰ ਦੇ ਕੇ ਬਲਵੰਤ ਸਿੰਘ ਜੀ ਨੂੰ ਉਸ ਵੇਲੇ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਪ੍ਰੋਫੈਸਰ ਮਨਜੀਤ ਸਿੰਘ ਜੀ ਕੋਲ ਅਨੰਦਪੁਰ ਸਾਹਿਬ ਭੇਜਿਆ। ਪ੍ਰੋ. ਮਨਜੀਤ ਸਿੰਘ ਨੇ ਸਾਰਾ ਕੁੱਝ ਦੇਖਿਆ ਪਰਖਿਆ ਅਤੇ ਕਿਹਾ ਕਿ ਉਹ ਟੌਹੜਾ ਸਾਹਿਬ ਨਾਲ ਸਲਾਹ ਕਰ ਕੇ ਅਗਲੀ ਕਾਰਵਾਈ ਦੱਸਣਗੇ। ਅਗਲੇ ਹੀ ਦਿਨ ਸ. ਬਲਵੰਤ ਸਿੰਘ ਜੀ ਨੂੰ ਸੁਨੇਹਾ ਆਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਵਿਚ ਇਸ ਪ੍ਰਣਾਲੀ ਨੂੰ ਪ੍ਰਵਾਨਗੀ ਮਿਲ ਗਈ ਹੈ ਅਤੇ ਉਨ੍ਹਾਂ ਦੇ ਇਸ ਉੱਦਮ ਨੂੰ ਮਨਜ਼ੂਰੀ ਅਤੇ ਉਪਰੰਤ ਸਿਰੋਪੇ ਨਾਲ ਸਨਮਾਨਿਆ ਜਾਵੇਗਾ। ਇਹ ਗੱਲ ਸੰਨ 1993 ਦੀ ਹੈ।

ਇਸ ਉੱਦਮ ਨੂੰ ਬਹੁਤ ਸਲਾਹਿਆ ਗਿਆ। ਦੇਸ਼ ਵਿਦੇਸ਼ ਤੋਂ ਇਹਨਾਂ ਡਿਸਕਾਂ ਦੀ ਮੰਗ ਆਉਂਦੀ ਸੀ। ਸ. ਬਲਵੰਤ ਸਿੰਘ ਜੀ ਦੱਸਦੇ ਹਨ ਕਿ ਇੱਕ ਵਾਰੀ ਉਹ ਟੋਰਾਂਟੋ ਗੁਰੂ ਘਰ ਵਿਚ ਪੇਸ਼ਕਾਰੀ ਕਰ ਕੇ ਕਾਰ ਪਾਰਕ ਵਿਚ ਜਾ ਰਹੇ ਸਨ ਤਾਂ ਇੱਕ ਸਿੰਘ ਨੇ ਉਨ੍ਹਾਂ ਨੂੰ ਘੇਰ ਲਿਆ।

ਉਸ ਨੇ ਕਿਹਾ, "ਤੁਸੀਂ ਤਾਂ ਬਾਣੀ ਦੀ ਬੇਅਦਬੀ ਕਰ ਰਹੇ ਹੋ"

"ਉਹ ਕਿਵੇਂ ?"

"ਤੁਸੀਂ ਬਾਣੀ ਨੂੰ ਡਿਸਕਾਂ ਵਿਚ ਪਾ ਦਿੱਤਾ, ਪ੍ਰਕਾਸ਼ ਕਿਸ ਤਰ੍ਹਾਂ ਕਰਨਾ ਹੈ, ਸੰਤੋਖਣਾ ਕਿਵੇਂ ਹੈ ? ਰਹਿਤ ਮਰਿਆਦਾ ਕੀ ਹੈ ? ਸੁੱਚਮ ਦਾ ਕਿਵੇਂ ਖਿਆਲ ਰੱਖਿਆ ਜਾਵੇਗਾ ?" ਇੱਕ ਹੀ ਸਾਹ ਵਿਚ ਉਸ ਨੇ ਕਈ ਸਵਾਲ ਦਾਗ਼ ਦਿੱਤੇ।

"ਦੇਖੋ ਸਿੰਘ ਸਾਹਿਬ, ਡਿਸਕ ਵਿਚ ਬਾਣੀ ਬਹੁਤ ਹੀ ਸੂਖਮ ਰੂਪ ਵਿਚ ਹੈ, ਜਿਵੇਂ ਇਲੈਕਟਰੌਨ ਪੱਧਰ ਤੇ, ਜੇ ਇਸ ਨੂੰ ਦ੍ਰਿਸ਼ਟਮਾਨ ਕਰਨਾ ਹੈ ਤਾਂ ਕੰਪਿਊਟਰ ਚਾਲੂ ਕਰ ਕੇ ਫਿਰ ਸਕਰੀਨ ਉੱਤੇ ਇਹ ਇਲੈਕਟਰੌਨ ਅੱਖਰ ਬਣ ਕੇ ਬਾਣੀ ਦਾ ਪ੍ਰਕਾਸ਼ ਕਰਨਗੇ। ਇਸ ਨਾਲ ਬਾਣੀ ਦਾ ਪਾਸਾਰ ਬਹੁਤ ਜ਼ਿਆਦਾ ਹੋਵੇਗਾ ਅਤੇ ਸੁੱਚਮ, ਸ਼ਰਧਾ ਦੇ ਵੀ ਸਾਧਨ ਬਣ ਜਾਣਗੇ"। ਮੇਰੀ ਕੋਸ਼ਿਸ਼ ਸੀ ਠਰੰਮੇ ਨਾਲ ਉਸ ਨੂੰ ਜਵਾਬ ਦਿੱਤਾ ਜਾਵੇ।

ਉਹ ਸਿੰਘ "ਮੈਂ ਨਾ ਮਾਨੋ" ਵਾਲੀ ਜ਼ਿੱਦ ਕਰ ਰਿਹਾ ਸੀ ਅਤੇ ਕੋਈ ਵੀ ਗੱਲ ਸੁਣਨ ਨੂੰ ਤਿਆਰ ਨਹੀਂ ਸੀ। ਮੈਂ ਵੀ ਥੋੜ੍ਹੀ ਤਲਖ਼ੀ ਵਿਚ ਆ ਗਿਆ।

"ਮੇਰਾ ਤਾਂ ਤੂੰ ਪੁੱਛ ਲਿਆ, ਪਰ ਪਹਿਲਾਂ ਇਹ ਦੱਸ ਕਿ ਤੂੰ ਗੁਰਬਾਣੀ ਦੇ ਕਿਤਨਾ ਕੁ ਨੇੜੇ ਏ ?"

"ਮੈਨੂੰ ਜਪੁਜੀ ਸਾਹਿਬ ਦੀਆਂ ਪੰਜ ਪਉੜੀਆਂ ਮੂੰਹ ਜ਼ੁਬਾਨੀ ਆਉਂਦੀਆਂ" ਉਸ ਨੇ ਵੀ ਤਲਖ਼ੀ ਵਿਚ ਕਿਹਾ।

"ਅੱਛਾ, ਲੈ ਜਵਾਬ ਤੂੰ ਆਪ ਹੀ ਦੇ ਦਿੱਤਾ। ਹੁਣ ਤੂੰ ਮੈਨੂੰ ਇਹ ਦੱਸ ਕਿ ਜਦੋਂ ਤੂੰ ਟਾਇਲਟ ਜਾਨਾਂ, ਉਦੋਂ ਪੰਜ ਪਉੜੀਆਂ ਕਿੱਥੇ ਰੱਖਦਾ ? ਉਦੋਂ ਨੀ ਬੇਅਦਬੀ ਹੁੰਦੀ ? ਤੇਰੇ ਦਿਮਾਗ਼ ਵਿਚ ਵੀ ਤਾਂ ਨਿਊਰੋਨ ਇਲੈਕਟਰੌਨ ਪੱਧਰ ਤੇ ਚੱਲਦੇ ਹਨ।"

ਸਾਡੇ ਸੁਰ ਉੱਚੀ ਹੋ ਗਏ ਸਨ ਅਤੇ ਸਿੰਘ ਦੇ ਕੁੱਝ ਸਾਥੀ ਵੀ ਏਨੇ ਨੂੰ ਆ ਗਏ ਸੀ। ਇਹ ਦੇਖ ਕੇ ਮੈਂ ਆਪਣੇ ਸਾਥੀ ਨੂੰ ਸਮਾਨ ਫੜਾ ਕੇ ਕਾਰ ਵਿਚ ਰੱਖਣ ਨੂੰ ਕਿਹਾ ਅਤੇ ਉਸ ਸਿੰਘ ਵੱਲ ਨੂੰ ਥੋੜ੍ਹਾ ਤੜ ਕੇ ਬੋਲਿਆ;

"ਦੇਖ ਸਿੰਘਾ, ਬਹੁਤ ਹੋ ਗਿਆ। ਇਸ ਤਰਾਂ ਕੋਈ ਫ਼ੈਸਲਾ ਨਹੀਂ ਹੁੰਦਾ ਦਿਸਦਾ। ਹੁਣ ਐਦਾਂ ਕਰਦੇ ਆਂ ਕਿ ਆਪਾਂ ਦੋਵੇਂ ਇੱਥੇ ਹੀ ਘਸੁੰਨ-ਮੁੱਕੀ ਤੇ ਗੁੱਥਮਗੁੱਥਾ ਹੋ ਲੈ ਨੇ ਆ। ਜਿਹੜਾ ਢਹਿ ਗਿਆ, ਉਹ ਗ਼ਲਤ ਦੂਜਾ ਸਹੀ।"

ਇਹ ਸੁਣ ਕੇ ਸਿੰਘ ਦੇ ਸਾਥੀਆਂ ਨੇ ਮੈਨੂੰ ਨਿਮਰਤਾ ਨਾਲ ਠੰਢੇ ਕਰਦੇ ਹੋਏ ਕਿਹਾ, "ਸ੍ਰੀ ਮਾਨ ਜੀ, ਤੁਸੀਂ ਆਪਣਾ ਵਕਤ ਖ਼ਰਾਬ ਨਾ ਕਰੋ, ਤੁਸੀਂ ਬਹੁਤ ਮਹਾਨ ਕਾਰਜ ਕੀਤਾ ਹੈ। ਇਸ ਨੂੰ ਤਾਂ ਆਦਤ ਹੀ ਪੈ ਚੁੱਕੀ ਹੈ ਕਿ ਕੋਈ ਵੀ ਗੁਰੂ ਘਰ ਆਵੇ, ਉਸ ਦੇ ਗਲ ਇਸ ਨੇ ਪੈਣਾ ਹੀ ਹੁੰਦਾ ਹੈ" ਅਤੇ ਉਹ ਬਾਂਹ ਫੜ ਕੇ ਆਪਣੇ ਸਾਥੀ ਨੂੰ ਉਸ ਦੀ ਕਾਰ ਤੱਕ ਛੱਡ ਆਏ।

ਜ਼ਿਲ੍ਹਾ ਜਲੰਧਰ ਵਿਚ ਪਿੰਡ ਗੱਦੋਵਾਲੀ ਦੇ ਰਹਿਣ ਵਾਲੇ ਸ. ਬਲਵੰਤ ਸਿੰਘ ਉਪਲ ਨੇ ਪੱਛਮੀ ਆਸਟ੍ਰੇਲੀਆ ਵਿਚ ਸੰਨ 1978 ਵਿਚ ਬਤੌਰ ਇਲੈਕਟ੍ਰੀਕਲ ਇੰਜੀਨੀਅਰ ਦੀ ਨੌਕਰੀ ਤੋਂ ਸ਼ੁਰੂਆਤ ਕੀਤੀ ਅਤੇ ਸੂਬੇ ਦੇ ਅਸਿਸਟੈਂਟ ਚੀਫ਼ ਇੰਜੀਨੀਅਰ ਵਜੋਂ ਰਿਟਾਇਰ ਹੋਏ। ਆਪਣੇ ਸੁਫਨੇ ਨੂੰ ਸੱਚ ਕਰਨ ਲਈ ਹੁਣ ਉਹ ਆਪਣੇ ਜੱਦੀ ਪਿੰਡ ਦੇ ਲਾਗੇ ਤਕਰੀਬਨ 900 ਬੱਚਿਆਂ ਲਈ ਸਕੂਲ ਸਥਾਪਿਤ ਕਰ ਕੇ ਉਸ ਨੂੰ ਸੁਚੱਜੇ ਢੰਗ ਨਾਲ ਚਲਾ ਰਹੇ ਹਨ। ਸਕੂਲ ਵਿਚ ਤਕਰੀਬਨ 35 ਅਧਿਆਪਕ ਹਨ ਅਤੇ 16 ਬੱਸਾਂ 33 ਪਿੰਡਾਂ ਤੋਂ ਬੱਚੇ ਲੈ ਕੇ ਆਉਂਦੀਆਂ ਹਨ। ਆਪਣੀ ਸਾਰੀ ਪੂੰਜੀ ਇਸ ਸਕੂਲ ਵਿਚ ਲਗਾ ਦਿੱਤੀ ਹੈ। ਕਈ ਵਾਰੀ ਤਾਂ ਆਪਣੀ ਪੈਨਸ਼ਨ ਵੀ ਖ਼ਰਚ ਕਰਨੀ ਪੈਂਦੀ ਹੈ। ਉਨ੍ਹਾਂ ਦੀ ਇੱਛਾ ਹੈ ਕਿ ਇਸ ਸਕੂਲ ਦੇ ਨਾਲ ਕਾਲਜ ਵੀ ਬਣਾ ਦਿੱਤਾ ਜਾਵੇ।

ਸ. ਬਲਵੰਤ ਸਿੰਘ ਉਪਲ ਵਲੋਂ ਗੁਰਬਾਣੀ ਸਬੰਧੀ ਕੀਤਾ ਉਦਮ ਜਿੱਥੇ ਨੌਜਵਾਨ ਪੀੜ੍ਹੀ ਲਈ ਪ੍ਰਰਨਾਦਾਇਕ ਕਾਰਜ਼ ਹੈ, ਉੱਥੇ ਅਪਣੀ ਜਨਮ ਭੋਂਇ ਵਿੱਚ ਸਕੂਲ ਚਲਾਉਣਾ ਪਰਵਾਸੀਆਂ ਨੂੰ ਅਪਣੇ ਪਿੰਡਾਂ ਵਿੱਚ ਕੁਝ ਉਸਾਰੂ ਕਰਨ ਦੀ ਸਰਾਹੁਣਯੋਗ ਮਿਸਾਲ ਹੈ।

# ਨਵੀਂ ਟਰਾਂਸਪੋਰਟ ਨੀਤੀ ਤਹਿਤ ਬਾਦਲ ਪਰਿਵਾਰ ਸਮੇਤ ਕਈ ਰਾਜਸੀ ਆਗੂਆਂ ਦੇ ਬੱਸ ਰੂਟ ਪਰਮਿਟ ਰੱਦ

## *ਕਰਜ਼ਾ ਚੁੱਕ ਕੇ ਨਵੀਂਆਂ ਬੱਸਾਂ ਚਲਾਏਗੀ ਕੈਪਟਨ ਸਰਕਾਰ*

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਸਰਕਾਰ ਦੀ ਨਵੀਂ ਟਰਾਂਸਪੋਰਟ ਨੀਤੀ ਤਹਿਤ ਬਾਦਲ ਪਰਿਵਾਰ ਦੀਆਂ 75 ਇੰਟੈਗਰਲ ਲਗਜ਼ਰੀ ਬੱਸਾਂ, ਡਿੰਪੀ ਢਿੱਲੋਂ ਦੀ 'ਦੀਪ ਬੱਸ ਕੰਪਨੀ', ਕਾਂਗਰਸੀ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਅਤੇ ਕੁਝ ਹੋਰ ਰਾਜਸੀ ਆਗੂਆਂ ਦੀਆਂ ਬੱਸਾਂ ਦੇ ਰੂਟ ਪਰਮਿਟ ਰੱਦ ਕਰ ਦਿੱਤੇ ਗਏ ਹਨ। ਸੂਬੇ ਵਿੱਚ ਕੁੱਲ 12,210 ਬੱਸਾਂ ਦੇ ਰੂਟ ਰੱਦ ਕਰ ਦਿੱਤੇ ਗਏ ਹਨ ਜਿਹੜੇ ਅਗਲੇ ਛੇ ਮਹੀਨਿਆਂ ਵਿੱਚ ਮੁੜ ਤੋਂ ਪਰਮਿਟ ਦੇ ਕੇ ਸੁਰਜੀਤ ਕੀਤੇ ਜਾਣਗੇ। ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ ਦੀ ਬਾਬਾ ਬੁੱਢਾ ਟਰਾਂਸਪੋਰਟ, ਕਾਂਗਰਸੀ ਆਗੂ ਡਿੰਪਾ ਦੀ ਪਿਆਰ ਬੱਸ ਕੰਪਨੀ ਤੇ ਸਾਬਕਾ ਮੰਤਰੀ ਅਵਤਾਰ ਹੈਨਰੀ ਦੀ ਕਰਤਾਰ ਬੱਸ ਸਰਵਿਸ ਸਮੇਤ ਕਈ ਹੋਰ ਰਾਜਸੀ ਆਗੂਆਂ ਦੀਆਂ ਬੱਸਾਂ ਦੇ ਰੂਟ ਪਰਮਿਟ ਰੱਦ ਹੋ ਗਏ ਹਨ। ਨਵੀਂ ਨੀਤੀ ਤਹਿਤ ਮੁੱਖ ਮੰਤਰੀ ਦੇ ਸਲਾਹਕਾਰ ਦੀ ਬੇਨਾਮੀ ਕੰਪਨੀ ਦੇ ਲਾਇਸੈਂਸ ਰੱਦ ਹੋ ਗਏ ਹਨ। ਕੈਪਟਨ ਵਜ਼ਾਰਤ ਦੀ ਮੀਟਿੰਗ ਬਹੁਤ ਅਹਿਮ ਰਹੀ ਹੈ, ਜਿਸ ਵਿੱਚ ਟਰਾਂਸਪੋਰਟ ਨੀਤੀ ਦੇ ਖਰੜੇ ਤੋਂ ਅੱਗੇ ਵਧ ਕੇ ਫ਼ੈਸਲੇ ਲਏ ਗਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਮੀਟਿੰਗ ਵਿੱਚ ਕੁਝ ਮੰਤਰੀਆਂ ਨੇ ਨਵੀਂ ਟਰਾਂਸਪੋਰਟ ਨੀਤੀ ਲਾਗੂ ਕਰਨ ਅਤੇ ਸਾਰੀਆਂ ਗੈਰਕਾਨੂੰਨੀ ਬੱਸਾਂ ਬੰਦ ਕਰਨ 'ਤੇ ਜ਼ੋਰ ਦਿੱਤਾ। ਨਵੀਂ ਨੀਤੀ ਤਹਿਤ 5432 ਆਮ ਬੱਸਾਂ, 6700 ਮਿੰਨੀ ਬੱਸਾਂ ਅਤੇ 78 ਇੰਟੈਗਰਲ ਲਗਜ਼ਰੀ ਬੱਸਾਂ ਦੇ ਰੂਟ ਬੰਦ ਹੋਣਗੇ ਤੇ ਇਨ੍ਹਾਂ ਨੂੰ ਮੁੜ ਤੋਂ ਰੂਟ ਦਿੱਤੇ ਜਾਣਗੇ। ਮਿੰਨੀ ਬੱਸਾਂ ਨੂੰ ਮੁੜ ਰੂਟ ਪਰਮਿਟ ਦੇਣ ਸਮੇਂ ਮੁਸ਼ਕਲਾਂ ਆਉਣ ਦੀ ਸੰਭਾਵਨਾ ਹੈ ਕਿਉਂਕਿ ਇਹ ਰੂਟ ਲੈਣ ਲਈ ਹੋਰ ਲੋਕ ਵੀ ਅਰਜ਼ੀਆਂ ਦੇ ਸਕਦੇ ਹਨ ਤੇ ਸਰਕਾਰ ਉਨ੍ਹਾਂ ਨੂੰ ਮਨ੍ਹਾ ਨਹੀਂ ਕਰ ਸਕੇਗੀ। ਸਰਕਾਰ ਨਵੀਆਂ ਲਗਜ਼ਰੀ ਏ.ਸੀ. ਬੱਸਾਂ ਚਲਾਏਗੀ ਪਰ ਟਰਾਂਸਪੋਰਟ ਵਿਭਾਗ ਕੋਲ ਪੈਸਾ ਨਹੀਂ ਹੈ ਤੇ ਵਿਭਾਗ ਨੂੰ ਕਰਜ਼ਾ ਲੈ ਕੇ ਹੀ ਨਵੀਂਆਂ ਬੱਸਾਂ ਪਾਉਣੀਆਂ ਪੈਣਗੀਆਂ। ਕਿਸੇ ਨੂੰ ਰੂਟ ਪਰਮਿਟ ਅੱਗੇ ਹੋਰ ਕਿਸੇ ਨੂੰ ਦੇਣ ਦੀ ਆਗਿਆ ਨਹੀਂ ਹੋਵੇਗੀ ਤੇ ਕੇਵਲ ਮੌਤ ਹੋਣ ਦੀ ਸਥਿਤੀ ਵਿੱਚ ਹੀ ਪਰਿਵਾਰ ਦੇ ਹੀ ਕਿਸੇ ਮੈਂਬਰ ਨੂੰ ਰੂਟ ਪਰਮਿਟ ਦਿੱਤਾ ਜਾ ਸਕੇਗਾ। ਇਸ ਨੀਤੀ ਤਹਿਤ ਪੀ.ਆਰ.ਟੀ.ਸੀ. ਦੇ 19 ਮਨਾਪਲੀ ਰੂਟ ਵੀ ਬਹਾਲ ਹੋ ਜਾਣਗੇ ਤੇ ਇਸ ਨਾਲ ਪੀ.ਆਰ.ਟੀ.ਸੀ. ਨੂੰ ਕਾਫ਼ੀ ਫ਼ਾਇਦਾ ਹੋਵੇਗਾ।

# ਮਨੁੱਖੀ ਅਧਿਕਾਰ ਕਮਿਸ਼ਨ ਦੀ ਜੰਮੂ-ਕਸ਼ਮੀਰ ਸਰਕਾਰ ਨੂੰ ਹਦਾਇਤ; ਮਨੁੱਖੀ ਢਾਲ ਬਣਾਏ ਗਏ ਡਾਰ ਨੂੰ 10 ਲੱਖ ਰੁਪਏ ਮੁਆਵਜ਼ਾ ਦੇਵੇ

**ਸ੍ਰੀਨਗਰ/ਬਿਊਰੋ ਨਿਊਜ਼ :** ਜੰਮੂ ਕਸ਼ਮੀਰ ਦੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਸੂਬਾ ਸਰਕਾਰ ਨੂੰ ਫਾਰੂਕ ਅਹਿਮਦ ਡਾਰ ਨੂੰ ਦਸ ਲੱਖ ਰੁਪਏ ਦਾ ਮੁਆਵਜ਼ਾ ਦੇਣ ਦੀ ਹਦਾਇਤ ਕੀਤੀ ਹੈ ਜਿਸ ਨੂੰ ਸ੍ਰੀਨਗਰ ਲੋਕ ਸਭਾ ਉਪ ਚੋਣ ਦੌਰਾਨ ਇੱਕ ਫ਼ੌਜੀ ਮੇਜਰ ਵੱਲੋਂ ਮਨੁੱਖੀ ਢਾਲ ਵਜੋਂ ਵਰਤਿਆ ਗਿਆ ਸੀ। ਕਮਿਸ਼ਨ ਨੇ ਕਿਹਾ ਕਿ ਇਹ ਮੁਆਵਜ਼ਾ 'ਅਪਮਾਨ, ਸਰੀਰਕ ਤੇ ਮਾਨਸਿਕ ਕਸ਼ਟ, ਤਣਾਅ, ਗਲਤ ਢੰਗ ਨਾਲ ਰੋਕਣ ਤੇ ਬੰਦੀ ਬਣਾਉਣ' ਕਾਰਨ ਦੇਣ ਦਾ ਫ਼ੈਸਲਾ ਲਿਆ ਗਿਆ ਹੈ, ਜਿਸ ਦਾ ਸਾਹਮਣਾ ਡਾਰ ਨੂੰ ਉਸ ਸਮੇਂ ਕਰਨਾ ਪਿਆ ਜਦੋਂ ਪੱਥਰਬਾਜ਼ਾਂ ਤੋਂ ਬਚਾਅ ਲਈ ਉਸ ਨੂੰ ਇੱਕ ਫ਼ੌਜੀ ਵਾਹਨ ਦੇ ਬੋਨਟ ਅੱਗੇ ਬੰਨ੍ਹਿਆ ਗਿਆ ਸੀ। ਕਮਿਸ਼ਨ ਦੇ ਚੇਅਰਮੈਨ ਜਸਟਿਸ (ਰਿਟਾ.) ਬਿਲਾਲ ਨਾਜ਼ਕੀ ਨੇ ਕਿਹਾ ਕਿ ਕਮਿਸ਼ਨ ਦਾ ਮੰਨਣਾ ਹੈ ਕਿ ਸੂਬਾ ਸਰਕਾਰ ਪੀੜਤ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਦੇਵੇ। ਕਮਿਸ਼ਨ ਨੇ ਸਰਕਾਰ ਨੂੰ ਛੇ ਹਫ਼ਤਿਆਂ ਵਿੱਚ ਇਸ ਹਦਾਇਤ ਦੀ ਪਾਲਣਾ ਦਾ ਹੁਕਮ ਦਿੱਤਾ ਹੈ। ਇਹ ਫ਼ੈਸਲੇ ਦੀ ਪ੍ਰਕਿਰਤੀ ਸਿਫਾਰਸ਼ੀ ਕਿਸਮ ਦੀ ਹੈ ਅਤੇ ਇਸ ਨੂੰ ਲਾਗੂ ਕਰਨ ਲਈ ਸੂਬਾ ਸਰਕਾਰ ਦੀ ਮਨਜ਼ੂਰੀ ਦੀ ਲੋੜ ਪਵੇਗੀ। ਫ਼ੈਸਲੇ ਮੁਤਾਬਕ ਸੂਬੇ ਦੇ ਮੁੱਖ ਸਕੱਤਰ ਨੂੰ ਕਮਿਸ਼ਨ ਅੱਗੇ ਇਹ ਹਦਾਇਤ ਲਾਗੂ ਹੋਣ ਸਬੰਧੀ ਰਿਪੋਰਟ ਵੀ ਛੇ ਹਫ਼ਤਿਆਂ ਵਿਚ ਜਮ੍ਹਾਂ ਕਰਵਾਉਣੀ ਪਵੇਗੀ। ਇਹ ਫ਼ੈਸਲਾ 'ਇੰਟਰਨੈਸ਼ਨਲ ਫੋਰਮ ਫਾਰ ਜਸਟਿਸ ਐਂਡ ਪ੍ਰੋਟੈਕਸ਼ਨ ਆਫ਼ ਹਿਊਮਨ ਰਾਈਟਸ' ਦੇ ਚੇਅਰਮੈਨ ਅਹਿਸਾਨ ਅੰਤੂ ਵੱਲੋਂ ਦਿੱਤੀ ਗਈ ਅਰਜ਼ੀ 'ਤੇ ਸੁਣਾਇਆ ਗਿਆ ਹੈ।

# ਅਣਦੇਖੇ ਕਸ਼ਮੀਰ ਦੀਆਂ ਅਣਕਹੀਆਂ, ਅਣਸੁਣੀਆਂ ਕਹਾਣੀਆਂ

## ਅਣਦੇਖਿਆ ਕਸ਼ਮੀਰ : 'ਕੀ ਪੱਥਰਬਾਜ਼ ਕੁੜੀਆਂ ਨਾਲ ਜ਼ਿਆਦਤੀ ਹੋ ਰਹੀ ਹੈ?'

**ਕੀ ਤੁਸੀਂ ਕਦੇ ਸੋਚਿਆ ਹੈ ਕਿ ਦਹਾਕਿਆਂ ਤੋਂ ਤਣਾਅ ਅਤੇ ਹਿੰਸਾ ਦਾ ਕੇਂਦਰ ਰਹੀ ਕਸ਼ਮੀਰ ਵਾਦੀ ਵਿਚ ਵੱਡੀਆਂ ਹੋ ਰਹੀਆਂ ਕੁੜੀਆਂ ਅਤੇ ਬਾਕੀ ਭਾਰਤ ਵਿਚ ਰਹਿਣ ਵਾਲੀਆਂ ਕੁੜੀਆਂ ਦੀ ਜ਼ਿੰਦਗੀ ਕਿੰਨੀ ਇਕੋ ਜਿਹੀ ਅਤੇ ਕਿੰਨੀ ਵੱਖਰੀ ਹੋਵੇਗੀ? ਇਹ ਸਮਝਣ ਲਈ ਬੀ.ਬੀ.ਸੀ. ਹਿੰਦੀ ਨੇ ਵਾਦੀ ਵਿਚ ਰਹਿ ਰਹੀ ਦੁਆ ਅਤੇ ਦਿੱਲੀ ਵਿਚ ਰਹਿ ਰਹੀ ਸੌਮਿਆ ਨੂੰ ਇਕ-ਦੂਸਰੇ ਨੂੰ ਖ਼ਤ ਲਿਖਣ ਲਈ ਕਿਹਾ। ਸੌਮਿਆ ਅਤੇ ਦੁਆ ਕਦੇ ਇਕ-ਦੂਜੇ ਨੂੰ ਨਹੀਂ ਮਿਲੀਆਂ। ਉਨ੍ਹਾਂ ਨੇ ਇਕ-ਦੂਸਰੇ ਦੀ ਜ਼ਿੰਦਗੀ ਨੂੰ ਪਿਛਲੇ ਡੇਢ ਮਹੀਨੇ ਵਿਚ ਇਨ੍ਹਾਂ ਖ਼ਤਾਂ ਰਾਹੀਂ ਜਾਣਿਆ। ਆਓ, ਇਨ੍ਹਾਂ ਲੜੀਵਾਰ ਖ਼ਤਾਂ ਰਾਹੀਂ ਤੁਸੀਂ ਵੀ ਇਨ੍ਹਾਂ ਕੁੜੀਆਂ ਦੀ ਜ਼ਿੰਦਗੀ ਤੇ ਭਾਰਤ ਦੇ ਹਾਲਾਤ ਨਾਲ ਰੂਬਰੂ ਹੋਵੋ। ਬੀ.ਬੀ.ਸੀ. ਤੋਂ ਧੰਨਵਾਦ ਸਹਿਤ**












**ਪ੍ਰਿਯ ਦੁਆ**

ਮੈਨੂੰ ਤੇਰਾ ਖ਼ਤ ਮਿਲਿਆ। ਕਿਵੇਂ ਹੈ ਤੂੰ? ਅਵੀਨ ਦਾ ਕੀ ਹਾਲ ਹੈ?

ਦਿੱਲੀ ਵਿਚ ਹਾਲੇ ਗਰਮੀਆਂ ਦੀਆਂ ਛੁੱਟੀਆਂ ਚੱਲ ਰਹੀਆਂ ਹਨ ਤੇ ਮੈਂ ਹਾਲੇ 10 ਦਿਨ ਲਈ ਦਿੱਲੀ ਤੋਂ ਬਾਹਰ ਮਧੁਬਨੀ, ਬਿਹਾਰ ਗਈ ਸੀ, ਜਿੱਥੇ ਮੇਰੇ ਫੂਫੇਰੇ ਭਰਾ ਦਾ ਵਿਆਹ ਸੀ। ਬਿਹਾਰ ਵਿਚ ਨਾ ਜ਼ਿਆਦਾ ਗਰਮੀ ਸੀ ਤੇ ਨਾ ਜ਼ਿਆਦਾ ਠੰਢ। ਉਥੇ ਬੱਸ ਬਿਜਲੀ ਦੀ ਦਿੱਕਤ ਹੁੰਦੀ ਸੀ।

ਫਿਰ ਵੀ ਮੈਨੂੰ ਦਿੱਲੀ ਦੀ ਭਜਦੌੜ ਤੋਂ ਹਟ ਕੇ ਕੁਝ ਦਿਨ ਬਿਤਾਉਣਾ ਚੰਗਾ ਲੱਗਿਆ। ਕੀ ਤੇਰਾ ਵੀ ਕੋਈ ਪਿੰਡ ਹੈ ਤੇ ਉਥੇ ਜਾਣ ਦਾ ਤੈਨੂੰ ਮੌਕਾ ਮਿਲਿਆ ਹੈ? ਮੈਂ ਇਹ ਜਾਣਨਾ ਚਾਹੁੰਦੀ ਹਾਂ ਕਿ ਤੈਨੂੰ ਆਪਣੇ ਪਿੰਡ ਜਾ ਕੇ ਕਿਵੇਂ ਮਹਿਸੂਸ ਹੁੰਦਾ ਹੈ?

ਤੂੰ 10ਵੀਂ ਵਿਚ ਵਿਸ਼ੇ ਚੁਣਨ ਬਾਰੇ ਮੇਰੀ ਰਾਏ ਪੁੱਛੀ ਸੀ। ਵੈਸੇ ਤਾਂ ਦਿੱਲੀ ਵਿਚ ਵਿਸ਼ੇ 10ਵੀਂ ਤੋਂ ਬਾਅਦ ਚੁਣੇ ਜਾਂਦੇ ਹਨ ਤੇ ਮੈਂ ਵਿਗਿਆਨ ਪੜ੍ਹਨਾ ਚਾਹੁੰਦੀ ਹਾਂ।

ਤੂੰ ਜੋ ਚਾਹੇ, ਉਹ ਵਿਸ਼ੇ ਲੈ ਸਕਦੀ ਹੈ, ਪਰ ਮੇਰੇ ਹਿਸਾਬ ਮੁਤਾਬਕ ਵਿਗਿਆਨ ਪੜ੍ਹਨ ਨਾਲ ਮੌਕੇ ਜ਼ਿਆਦਾ ਮਿਲਦੇ ਹਨ। ਮੇਰੀ ਰਾਏ ਵਿਚ ਵਿਸ਼ਾ ਉਹੀ ਲੈਣਾ ਚਾਹੀਦਾ ਹੈ, ਜਿਸ ਵਿਚ ਆਪਣੀ ਰੂਚੀ ਹੋਵੇ। ਅੱਜ ਕੱਲ੍ਹ ਕਸ਼ਮੀਰ ਕਾਫ਼ੀ ਸੁਰਖ਼ੀਆਂ ਵਿਚ ਹੈ 'ਪੱਥਰਬਾਜ਼ ਕੁੜੀਆਂ' ਕਾਰਨ।

ਕੀ ਇਸ ਬਾਰੇ ਤੂੰ ਦੱਸ ਸਕਦੀ ਹੈਂ ਕਿ ਅਜਿਹਾ ਕੁੜੀਆਂ ਕਿਉਂ ਕਰ ਰਹੀਆਂ ਹਨ? ਕੀ ਸਹੀ ਮਾਇਨੇ ਵਿਚ ਉਨ੍ਹਾਂ ਨਾਲ ਜ਼ਿਆਦਤੀ ਹੋ ਰਹੀ ਹੈ?

ਇਹ ਵੀ ਅਕਸਰ ਸੁਣਨ ਵਿਚ ਆਉਂਦਾ ਹੈ ਕਿ ਸਕੂਲ-ਕਾਲਜ ਬੰਦ ਕਰ ਦਿੱਤੇ ਜਾਂਦੇ ਹਨ ਤੇ ਇੰਟਰਨੈੱਟ ਸੇਵਾ ਵੀ ਬੰਦ ਕਰ ਦਿੱਤੀ ਜਾਂਦੀ ਹੈ। ਜਦੋਂ ਸਕੂਲ-ਕਾਲਜ ਬੰਦ ਹੋ ਜਾਂਦੇ ਹਨ ਤਾਂ ਪੜ੍ਹਾਈ ਕਿਵੇਂ ਪੂਰੀ ਹੁੰਦੀ ਹੈ? ਅਤੇ ਜਦੋਂ ਇੰਟਰਨੈੱਟ ਸੇਵਾ ਬੰਦ ਕਰ ਦਿੱਤੀ ਜਾਂਦੀ ਹੈ ਤਾਂ ਤੂੰ ਆਪਣੇ ਦੋਸਤਾਂ ਨਾਲ ਕਿਵੇਂ ਸੰਪਰਕ ਵਿਚ ਰਹਿੰਦੀ ਹੈਂ ਤੇ ਸੋਸ਼ਲ ਮੀਡੀਆ ਨਾਲ ਕਿਵੇਂ ਕੁੜੀ ਰਹਿੰਦੀ ਹੈਂ?

ਮੈਂ ਤਾਂ ਇੱਥੇ ਆਪਣੇ ਦੋਸਤਾਂ ਦੇ ਸੰਪਰਕ ਵਿਚ ਰਹਿ ਸਕਦੀ ਹਾਂ ਤੇ ਕਦੇ ਵੀ ਘੁੰਮਣ-ਫਿਰਨ ਜਾ ਸਕਦੀ ਹਾਂ ਤੇ ਉਹ ਵੀ ਬਿਨਾਂ ਕਿਸੇ ਰੋਕ-ਟੋਕ ਦੇ। ਆਮ ਤੌਰ 'ਤੇ ਇੱਥੇ ਮੁੰਡੇ-ਕੁੜੀਆਂ ਇਕੱਠੇ ਘੁੰਮਦੇ-ਫਿਰਦੇ ਹਨ।

ਜਦੋਂ ਪਿਛਲੇ ਖ਼ਤ ਵਿਚ ਤੂੰ ਆਪਣੇ ਦੋਸਤਾਂ ਬਾਰੇ ਦਸਿਆ ਸੀ ਤਾਂ ਮੇਰੇ ਦਿਮਾਗ਼ ਵਿਚ ਇਹੀ ਗੱਲ ਆਈ ਸੀ ਕਿ ਤੇਰੀ ਮਿੱਤਰ-ਮੰਡਲੀ ਵਿਚ ਕੋਈ ਲੜਕਾ ਕਿਉਂ ਨਹੀਂ ਹੈ?

ਤਾਂ ਮੇਰੀ ਇਹ ਜਗਿਆਸਾ ਹੈ ਕਿ ਕੀ ਉਥੇ ਮੁੰਡੇ-ਕੁੜੀਆਂ ਵੱਖ ਵੱਖ ਹੀ ਰਹਿੰਦੇ ਹਨ ਜਾਂ ਇਹ ਤੇਰੀ ਆਪਣੀ ਪਸੰਦ ਹੈ?

ਤੇਰੇ ਜਵਾਬ ਦੇ ਇੰਤਜ਼ਾਰ ਵਿਚ

ਤੇਰੀ ਦੋਸਤ

ਸੌਮਿਆ

## 'ਤੇਰੇ 'ਤੇ ਫਾਇਰਿੰਗ ਹੁੰਦੀ ਤਾਂ ਤੂੰ ਪੱਥਰ ਨਾ ਮਾਰਦੀ?'

ਪ੍ਰਿਯ ਸੌਮਿਆ

ਕਿਵੇਂ ਹੈਂ ਤੂੰ? ਮੈਂ ਚੰਗੀ ਹਾਂ ਤੇ ਅੱਲ੍ਹਾ ਦੀ ਦੁਆ ਨਾਲ ਮੇਰਾ ਪਰਿਵਾਰ ਵੀ ਠੀਕ ਹੈ, ਬਲਕਿ ਮਸਤ ਹੈ! ਤੇਰ ਪਰਿਵਾਰ ਕਿਵੇਂ ਹੈ? ਤੇ ਸਮਰੱਥ?

ਸੱਚ ਦੱਸਾਂ ਤਾਂ ਮੈਨੂੰ ਤੇਰੇ ਤੋਂ ਜਲਨ ਹੋ ਰਹੀ ਹੈ ਕਿ ਤੇਰੇ ਕੁਝ ਰਿਸ਼ਤੇਦਾਰ ਪਿੰਡ ਵਿਚ ਰਹਿੰਦੇ ਹਨ, ਜਿੱਥੇ ਤੂੰ ਛੁੱਟੀਆਂ ਬਿਤਾਉਣ ਜਾ ਸਕਦੀ ਹੈਂ, ਕੁਝ ਨਵਾਂ ਸਿੱਖ ਸਕਦੀ ਹੈਂ (ਮੈਂ ਸੁਣਿਆ ਹੈ ਕਿ ਪਿੰਡ ਦੀ ਜ਼ਿੰਦਗੀ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ।)

ਦੂਜਾ ਮੈਂ ਪ੍ਰੈਜ਼ਨਟੇਸ਼ਨ ਕਾਨਵੈਂਟ ਵਿਚ ਪੜ੍ਹਦੀ ਹਾਂ, ਜੋ ਇਥੋਂ ਦਾ ਕੁੜੀਆਂ ਦਾ ਹਾਇਰ ਸੈਕੰਡਰੀ ਸਕੂਲ ਹੈ। ਇਸ ਲਈ ਮੁੰਡਿਆਂ ਨਾਲ ਜ਼ਿਆਦਾ ਮਿਲਣਾ-ਜੁਲਣਾ ਨਹੀਂ ਹੁੰਦਾ। ਅਜਿਹਾ ਨਹੀਂ ਹੈ ਕਿ ਕੁੜੀਆਂ ਅਤੇ ਮੁੰਡੇ ਇੱਥੇ ਵੱਖਰੇ ਰਹਿੰਦੇ ਹਨ। ਵਾਦੀ ਵਿਚ ਕਈ ਕੋ-ਐਜੁਕੇਸ਼ਨਲ ਸਕੂਲ-ਕਾਲਜ ਹਨ। ਮੇਰਾ ਸਕੂਲ ਵੀ ਸੀ-ਕਰੀਬ 40 ਸਾਲ ਪਹਿਲਾਂ ਤੱਕ। ਫਿਰ ਉਹ ਕੁੜੀਆਂ ਦਾ ਸਕੂਲ ਬਣ ਗਿਆ ਤੇ ਸਾਡਾ ਹੀ ਇਕ ਹੋਰ ਸਕੂਲ 'ਬਰਨ ਹਾਲ' ਸਿਰਫ਼ ਮੁੰਡਿਆਂ ਲਈ ਬਣਾਇਆ ਗਿਆ ਹੈ।

ਮੇਰਾ ਤਾਂ ਸਾਰਾ ਪਰਿਵਾਰ ਸ੍ਰੀਨਗਰ ਤੋਂ ਹੀ ਹੈ। ਸਾਡਾ ਪੁਸ਼ਤੈਨੀ ਘਰ ਡਲ ਝੀਲ ਕੋਲ ਬੁਖ਼ਵਾਨ ਬੁਲੇਵਾਰਡ ਵਿਚ ਹੈ। ਅਤੇ












ਨਾਨੀ ਵਲੋਂ ਰੈਨਾਵਾੜੀ ਨਾਂ ਦੀ ਥਾਂ 'ਤੇ ਹੈ। ਤਾਂ ਮੈਨੂੰ ਪਿੰਡ ਦੀ ਜ਼ਿੰਦਗੀ ਅਨੁਭਵ ਕਰਨ ਦਾ ਮੌਕਾ ਹੀ ਨਹੀਂ ਮਿਲਿਆ।

ਆਪਣੇ ਖ਼ਤ ਵਿਚ ਤੂੰ ਪੱਥਰਬਾਜ਼ ਕੁੜੀਆਂ ਬਾਰੇ ਪੁੱਛਿਆ ਸੀ। ਬਾਹਰ ਦੇ ਲੋਕਾਂ ਨੂੰ ਇੰਜ ਲਗ ਸਕਦਾ ਹੈ ਕਿ ਇਹ ਕੁੜੀਆਂ ਬਿਨਾਂ ਗੱਲ ਦੇ ਪੱਥਰ ਸੁੱਟ ਰਹੀਆਂ ਹਨ। ਪਰ ਇਸ ਪਿਛੇ ਇਕ ਕਹਾਣੀ ਹੈ। ਉਹ ਕਹਾਣੀ ਦੱਸਣ ਤੋਂ ਪਹਿਲਾਂ ਮੈਂ ਤੈਨੂੰ ਪੁਛਣਾ ਚਾਹੁੰਦੀ ਹਾਂ ਕਿ ਤੇਰੇ ਇੱਥੇ ਕੀ ਕੁੜੀਆਂ ਪੇਪਰ ਸਪਰੇਅ ਜਾਂ ਅਜਿਹਾ ਹੀ ਕੁਝ ਜੋ ਖ਼ੁਦ ਨੂੰ ਬਚਾਉਣ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ, ਰੱਖਦੀਆਂ ਹਨ?

ਮੈਨੂੰ ਯਕੀਨ ਹੈ ਕਿ ਦਿੱਲੀ ਦੀਆਂ ਕੁੜੀਆਂ ਆਪਣੇ ਬੈਗ ਵਿਚ ਅਜਿਹਾ ਕੁਝ ਰੱਖਦੀਆਂ ਹੋਣਗੀਆਂ। ਪਰ ਇਨ੍ਹਾਂ ਕੁੜੀਆਂ ਨੇ ਅਜਿਹਾ ਕੁਝ ਨਹੀਂ ਰੱਖਿਆ ਸੀ।

ਹੁਣ ਕਹਾਣੀ ਸੁਣ।

ਇਕ ਉਘੀ ਫੁੱਟਬਾਲ ਕੋਚ ਗਰਾਊਂਡ 'ਤੇ ਕੁਝ ਕੁੜੀਆਂ ਨੂੰ ਸਿਖਾ ਰਹੀ ਸੀ। ਪਹਿਲੇ ਦਿਨ ਸਭ ਆਰਾਮ ਨਾਲ ਚੱਲ ਰਿਹਾ ਸੀ, ਕੁਝ ਨਹੀਂ ਹੋਇਆ। ਪਰ ਦੂਸਰੇ ਦਿਨ ਜਦੋਂ ਉਹ ਪ੍ਰੈਕਟਿਸ ਕਰ ਰਹੀ ਸੀ, ਪਤਾ ਨਹੀਂ ਕਿਸ ਕਾਰਨ ਅਚਾਨਕ ਫ਼ੌਜ ਨੇ ਉਨ੍ਹਾਂ 'ਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਜ਼ਾਹਰ ਹੈ, ਕੁੜੀਆਂ ਘਬਰਾ ਗਈਆਂ ਅਤੇ ਭੱਜ ਕੇ ਲੁਕਣ ਦੀ ਕੋਸ਼ਿਸ਼ ਕਰਨ ਲੱਗੀਆਂ। ਜਾਨ ਬਚਾਉਣ ਲਈ ਉਹ ਜੋ ਵੀ ਕਰ ਸਕਦੀਆਂ ਸਨ। ਫਿਰ ਕੋਚ ਨੇ ਦਿਮਾਗ਼ ਲੜਾਇਆ ਤੇ ਕੋਲ ਪਏ ਪੱਥਰ ਚੁੱਕ ਕੇ ਮਾਰਨੇ ਸ਼ੁਰੂ ਕਰ ਦਿੱਤੇ। ਜਲਦੀ ਹੀ ਕੁੜੀਆਂ ਵੀ ਨਾਲ ਹੋ ਗਈਆਂ। ਇਹ ਹੈ ਪੱਥਰਬਾਜ਼ ਕੁੜੀਆਂ ਦੀ ਕਹਾਣੀ। ਹੁਣ ਜੇਕਰ ਤੂੰ ਕਹਾਣੀ ਸਮਝ ਗਈ ਹੋਵੇਂਗੀ ਤਾਂ ਇਹ ਵੀ ਸਮਝੇਗੀ ਕਿ ਪੱਥਰ ਸੁੱਟਣਾ ਸਿਰਫ਼ ਖ਼ੁਦ ਨੂੰ ਬਚਾਉਣ ਲਈ ਸੀ। ਜੇਕਰ ਤੂੰ ਅਜਿਹੇ ਹਾਲਾਤ ਵਿਚ ਫਸ ਜਾਂਦੀ ਤਾਂ ਕੀ ਕਰਦੀ? ਪਲੀਜ਼ ਮੇਰੇ ਸਵਾਲ ਦਾ ਜਵਾਬ ਦੇਣਾ। ਮੈਂ ਜਾਣਨਾ ਚਾਹੁੰਦੀ ਹਾਂ।

ਤੂੰ ਸਕੂਲ-ਕਾਲਜ ਦੇ ਬੰਦ ਹੋਣ ਅਤੇ ਇੰਟਰਨੈੱਟ 'ਤੇ ਰੋਕ ਲਾਉਣ ਬਾਰੇ ਵੀ ਪੁਛਿਆ ਸੀ।

ਜਦੋਂ ਸਕੂਲ ਬੰਦ ਹੋ ਜਾਂਦੇ ਹਨ, ਤਾਂ ਸਾਨੂੰ ਵਿਦਿਆਰਥੀਆਂ ਨੂੰ ਪੂਰਾ ਕੋਰਸ ਖ਼ੁਦ ਖ਼ਤਮ ਕਰਨਾ ਪੈਂਦਾ ਹੈ। ਅਤੇ ਜੇਕਰ ਸਕੂਲਾਂ ਦੇ ਬੰਦ ਕੀਤੇ ਜਾਣ ਵੇਲੇ ਹੀ ਇੰਟਰਨੈੱਟ 'ਤੇ ਰੋਕ ਲੱਗ ਜਾਵੇ ਤਾਂ ਇਹ ਬਹੁਤ ਵੱਡਾ ਸਿਰਦਰਦ ਬਣ ਜਾਂਦਾ ਹੈ। ਕੀ ਤੂੰ ਸੋਚ ਸਕਦੀ ਹੈਂ, ਘਰ ਦੀ ਚਾਰਦੀਵਾਰੀ ਵਿਚ ਬਿਨਾਂ ਇੰਟਰਨੈੱਟ, ਸੋਸ਼ਲ ਮੀਡੀਆ, ਵੱਟਸਐਪ, ਇੰਸਟਾਗਰਾਮ ਵਗੈਰਾ ਦੇ ਰਹਿਣਾ।

ਇੰਟਰਨੈੱਟ 'ਤੇ ਰੋਕ ਹੋਣ ਕਾਰਨ ਅਸੀਂ ਸੋਸ਼ਲ ਮੀਡੀਆ ਦਾ ਇਸਤੇਮਾਲ ਹੀ ਨਹੀਂ ਕਰ ਸਕਦੇ। ਇਸ ਵਕਤ ਤਾਂ ਸਾਰੇ ਸੋਸ਼ਲ ਮੀਡੀਆ 'ਤੇ ਪਾਬੰਦੀ ਹੈ। ਪਰ ਲੋਕ ਫਿਰ ਵੀ ਉਨ੍ਹਾਂ ਦਾ ਥੋੜ੍ਹਾ ਬਹੁਤ ਇਸਤੇਮਾਲ ਕਰ ਲੈਂਦੇ ਹਨ ਵੀ.ਪੀ.ਐਨ. ਦੇ ਜ਼ਰੀਏ।

ਪਰ ਦੋਸਤਾਂ ਨਾਲ ਸੰਪਰਕ ਵਿਚ ਰਹਿਣਾ ਬਹੁਤ ਮੁਸ਼ਕਲ ਹੈ। ਅਸੀਂ ਸਿਰਫ਼ ਫ਼ੋਨ 'ਤੇ ਗੱਲ ਕਰ ਸਕਦੇ ਹਾਂ। ਅਤੇ ਕਈ ਵਾਰ ਤਾਂ ਉਹ ਵੀ ਨਹੀਂ ਕਿਉਂਕਿ ਫ਼ੋਨ ਸੇਵਾਵਾਂ 'ਤੇ ਵੀ ਰੋਕ ਲਗਾ ਦਿੱਤੀ ਜਾਂਦੀ ਹੈ।

ਵੈਸੇ ਤਾਂ ਅਸੀਂ ਸਭ ਇੰਟਰਨੈੱਟ ਦੇ ਦੌਰ ਵਿਚ, 21ਵੀਂ ਸਦੀ ਵਿਚ ਰਹਿ ਰਹੇ ਹਾਂ ਪਰ ਕਈ ਵਾਰ ਮੈਨੂੰ ਲਗਦਾ ਹੈ ਕਿ ਮੈਂ 17ਵੀਂ ਸਦੀ ਵਿਚ ਰਹਿ ਰਹੇ ਹਾਂ। ਇਨ੍ਹਾਂ ਸਭ ਬੁਨਿਆਦੀ ਚੀਜ਼ਾਂ 'ਤੇ ਜਦੋਂ ਰੋਕ ਲਗਦੀ ਹੈ ਤਾਂ ਮੈਨੂੰ ਬਹੁਤ ਗੁੱਸਾ ਆਉਂਦਾ ਹੈ, ਕਿਉਂਕਿ ਹਰ ਇਨਸਾਨ ਨੂੰ ਜਾਣਕਾਰੀ ਰੱਖਣ ਦਾ ਹੱਕ ਹੈ ਤੇ ਜਦੋਂ ਇੰਟਰਨੈੱਟ ਬੰਦ ਕੀਤਾ ਜਾਂਦਾ ਹੈ ਤਾਂ ਸਾਡੇ ਤੋਂ ਉਹ ਹੱਕ ਖੋਹ ਲਿਆ ਜਾਂਦਾ ਹੈ।

ਖ਼ੈਰ, ਮੈਂ ਜਾਣਨਾ ਚਾਹੁੰਦੀ ਹਾਂ ਕਿ ਦਿੱਲੀ ਦੀ ਜ਼ਿੰਦਗੀ ਕਿਹੋ ਜਿਹੀ ਹੈ? ਕੀ ਉਹ ਬੋਰਿੰਗ ਹੈ, ਬਿਜ਼ੀ ਹੈ ਜਾਂ ਮਸਤ?

ਤੇਰੇ ਜਵਾਬ ਦੇ ਇੰਤਰਜ਼ਾਰ ਵਿਚ

ਅਗਲੀ ਵਾਰ ਤਕ, ਤੇਰੀ ਦੋਸਤ : **ਦੁਆ**

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲਫ਼ਜ਼ਾਂ ਨੂੰ ਵੀ ਫੜਦੇ ਹਾਂ।**



**ਰਜਿੰਦਰ ਕੌਰ**
ਫ਼ੋਨ: 98889-02339, 84271-12339

(ਭਾਗ- 11)

## ਅੰਬਾਲੇ ਮੇਂ ਅੰਬਾਲਾ

'ਜਟਾਣੇ' ਸਾਡੇ ਪਿੰਡ ਸਕੂਲ ਨਹੀਂ ਹੈ। ਨਾਲ ਹੀ ਜੋ ਕਸਬਾ ਹੈ 'ਬੇਲਾ' – ਅਸੀਂ ਇੱਥੇ ਜਾਂਦੇ ਹਾਂ ਪੜ੍ਹਨ। ਇੱਥੇ ਇਕ ਪ੍ਰਾਇਮਰੀ ਸਕੂਲ ਹੈ, ਚੌਥੀ ਜਮਾਤ ਤੱਕ। ਤੀਸਰੀ ਤੇ ਚੌਥੀ ਜਮਾਤ ਮੈਂ ਇੱਥੋਂ ਹੀ ਪਾਸ ਕਰਦੀ ਹਾਂ – ਤੇ ਇਕ ਵੱਖਰਾ ਸਕੂਲ ਹੈ ਮਿਡਲ, ਕਿਲ੍ਹੇ ਵਿਚ – ਜੀਹਨੂੰ 'ਕਿਲ੍ਹੇ' ਆਲਾ ਸਕੂਲ ਕਹਿੰਦੇ ਹਨ।

ਸਾਡੇ ਸਕੂਲ ਦੇ ਮੁੱਖ ਅਧਿਆਪਕ ਬਨਾਰਸੀ ਦਾਸ ਹਨ। ਉਨ੍ਹਾਂ ਦੀ ਪਤਨੀ ਵੇਦ ਵਤੀ, ਵਿਦਿਆਵਤੀ ਕੁਝ ਇਹੋ ਜਿਹਾ ਹੀ ਨਾਉਂ ਹੈ, ਹੁਣ ਠੀਕ ਤਰ੍ਹਾਂ ਯਾਦ ਨਹੀਂ ਆ ਰਿਹਾ – ਪਹਿਲੀ ਜਮਾਤ ਨੂੰ ਪੜ੍ਹਾਉਂਦੀ ਹੈ ਤੇ ਸਾਨੂੰ ਕੁੜੀਆਂ ਨੂੰ ਸਿਲਾਈ ਕਢਾਈ ਦਾ ਕੰਮ ਸਿਖਾਉਂਦੀ ਹੈ।

ਚਿੱਟੀ ਸਲਵਾਰ-ਕਮੀਜ਼, ਉੱਤੇ ਚਿੱਟਾ ਹੀ ਮਲਮਲ ਦਾ ਝੋਨਾ (ਦੁਪੱਟਾ) ਬਿਨਾਂ ਮਾਏ ਦੇ ਲੈ, ਨਿਰੀ ਪਰੀਆਂ ਵਰਗੀ ਲਗਦੀ। ਗੋਰੀ, ਚਿੱਟੀ, ਗੁਲਾਬੀ ਜਿਹੇ ਰੰਗ ਦੀ ਮੋਟੀਆਂ ਮੋਟੀਆਂ ਅੱਖਾਂ ਵਾਲੀ ਮਲੂਕ ਜਿਹੀ, ਰੱਜ ਕੇ ਪਿਆਰ ਕਰਨ ਵਾਲੀ ਤੇ ਮਿੱਠ-ਬੋਲੜੀ ਵੀ।

ਬਿਮਲਾ ਮੇਰੀ ਪੱਕੀ ਸਹੇਲੀ, ਸਾਡੇ ਪਿੰਡ ਦੇ ਤਖਾਣਾਂ ਦੀ ਕੁੜੀ, ਅਸੀਂ 'ਕੱਠੀਆਂ ਜਾਂਦੀਆਂ ਹਾਂ ਸਕੂਲ। ਬਿਮਲਾ ਦੇ ਪਿਤਾ ਜੀ 'ਡਾਕੀਏ' ਦਾ ਕੰਮ ਕਰਦੇ ਹਨ। ਭਾਪਾ ਜੀ ਦਾ ਨਿੱਘਾ ਮਿੱਤਰ, ਸਾਡਾ ਸਭ ਦਾ 'ਚਾਚਾ'।

ਹਰ ਮਹੀਨੇ ਸ਼ਿਮਲੇ ਤੋਂ ਭੇਜਿਆ ਇਕ ਇਕ ਰੁਪਏ ਦਾ ਮਨੀਆਡਰ, ਸਾਡੇ ਤਿੰਨਾਂ ਭੈਣ ਭਾਈਆਂ ਦੇ ਨਾਂ ਸਾਨੂੰ ਦਿੰਦੇ ਹਨ, ਜਿਹਨੂੰ ਅਸੀਂ ਬੜੀ ਬੇਸਬਰੀ ਨਾਲ ਉਡੀਕਦੇ ਰਹਿੰਦੇ ਹਾਂ। ਇਹ ਪੈਸੇ ਸਾਨੂੰ ਭਾਪਾ ਜੀ 'ਮਿਹਨਤ ਨਾਲ ਪੜ੍ਹਨ' ਵਾਸਤੇ ਭੇਜਦੇ ਹਨ। ਉਂਜ ਬਾਦ ਵਿਚ ਤਾਂ ਅਸੀਂ ਬੀਜੀ ਨੂੰ ਹੀ ਦੇ ਦਿੰਦੇ ਹਾਂ।

ਹਰ ਰੋਜ਼ ਬਿਮਲਾ ਤੇ ਮੈਂ ਸਕੂਲ ਵਿਚ ਬਸਤੇ ਰੱਖ ਪੁੱਜ ਜਾਂਦੀਆਂ ਹਾਂ ਭੈਣ ਜੀ ਦੇ ਘਰ, ਉਹਨੂੰ ਲੈਣ ਲਈ। ਘਰ ਦਾ ਬੂਹਾ ਲੰਘ ਉਹ ਲੰਮਾ ਸਾਰਾ ਘੁੰਡ ਕੱਢ ਲੈਂਦੀ ਹੈ। ਰਾਹ ਦਿਖਾਉਂਦੀਆਂ ਅਸੀਂ, ਮੂਹਰੇ ਮੂਹਰੇ ਤੇ ਉਹ ਸਾਡੇ ਪਿੱਛੇ ਪਿੱਛੇ ਤੁਰੀ ਆਉਂਦੀ ਹੈ, ਠੁਮਕ ਠੁਮਕ ਜਿਵੇਂ ਨਵੀਂ – ਵਿਆਹੀ ਬਹੂ ਹੋਵੇ ਕੋਈ।

"ਦੇਖਿਓ ਭੈਣ ਜੀ, ਮੂਹਰੇ 'ਚੁੱਲ੍ਹਾ' ਆ ਗਿਆ – ਐਧਰ ਝਿੰਗਾਂ ਪਈਆਂ, ਭੈਣ ਜੀ, ਐਧਰ ਨੂੰ ਹੋ ਜੋ – ਐਧਰ ਡਾਹੇ ਆਲੀ ਗਾਂਏ ਨੱਠੀ ਆਉਂਦੀ ਆ..."

ਉਂਜ ਮੈਨੂੰ ਲਗਦਾ – ਘੁੰਡ ਵਿਚ ਤਾਂ ਵਿਚਾਰੀ ਨੂੰ ਜਮਾਂ ਈ ਨੀ ਦਿਖਦਾ ਹੋਣਾ ਤੇ ਜੇ ਅਸੀਂ ਨਾ ਹੋਈਏ ਫੇਰ... ਮੈਂ ਸੋਚਦੀ ਰਹਿੰਦੀ ਹਾਂ।

ਭੈਣ ਜੀ ਦਾ ਕਮਰਾ ਬਿਲਕੁਲ ਵੱਖਰਾ ਹੈ – ਇਕ ਪਾਸੇ ਕਰਕੇ। ਕਮਰੇ ਵਿਚ ਪੈਰ ਧਰਦਿਆਂ ਹੀ ਉਹ ਘੁੰਡ ਚੁੱਕ ਦੇਂਦੀ ਹੈ ਤੇ ਸਾਨੂੰ ਆਏਂ ਲਗਦਾ ਜਿਵੇਂ ਚੰਨ ਮੂਹਰੇ ਤੋਂ ਬਦਲੀ ਹਟ ਗਈ ਹੋਵੇ ਕੋਈ। ਫੇਰ ਅਸੀਂ ਚਾਵਾਂ-ਮੱਤੀਆਂ ਮੂੰਹ ਦੇਖਣ ਨੂੰ ਲਲਚਾਈਆਂ ਅੱਖਾਂ ਨਾਲ ਉਹਦੇ ਮੂਹਰੇ ਨੂੰ ਹੋ ਹੋ ਲੰਘਦੀਆਂ।

ਭੈਣ ਜੀ ਦੇ ਬੈਠਣ ਲਈ ਇਕ ਪੀੜ੍ਹੀ ਹੈ, ਕੁਰਸੀ ਨਹੀਂ, ਕੁਰਸੀਆਂ ਤਾਂ ਸਾਡੇ ਮਾਸਟਰਾਂ ਕੋਲ ਹਨ। ਇੰਜ ਕਿਉਂ ਹੈ। ਕਿਉਂ ਨਹੀਂ ਹੈ, ਮੈਂ ਕਿਸੀ ਨੂੰ ਨਹੀਂ ਪੁੱਛਦੀ ਹਾਂ ਪਰ ਮਾੜਾ ਮਾੜਾ ਸੋਚਦੀ ਹਾਂ ਖ਼ਬਰੇ ਉਹ ਆਦਮੀ ਹਨ ਇਹ ਤੀਵੀਂ ਹੈ, ਇਹਨੂੰ ਕੁਰਸੀ 'ਤੇ ਬੈਠਣ ਨੂੰ ਸ਼ਰਮ ਆਉਂਦੀ ਹੋਊ – ਖ਼ਬਰੇ ਅਰਾਮ ਨਾਲ ਬੈਠਣ ਲਈ ਭੈਣ ਜੀ ਨੂੰ ਪੀੜ੍ਹੀ ਹੀ ਚੰਗੀ ਲਗਦੀ ਹੋਵੇ।

ਪਰ ਆਪਾਂ ਨੂੰ ਕੀ – ਭੈਣ ਜੀ ਦੀ ਮਰਜ਼ੀ ਜਾਹਦੇ 'ਤੇ ਮਰਜ਼ੀ ਬੈਠੇ। ਇੰਜ ਮੈਂ ਆਪਣੀ ਸੋਚ ਨੂੰ ਛਿੱਕੇ ਟੰਗ ਦਿੰਦੀ ਹਾਂ।

ਭੈਣ ਜੀ ਦੇ ਕਮਰੇ ਵਿਚ ਇਕ ਦਰਵਾਜ਼ਾ ਨੁਮਾ ਖਿੜਕੀ ਹੈ ਜੋ ਬਾਹਰ ਖੇਤਾਂ ਵੱਲ ਖੁਲ੍ਹਦੀ ਹੈ। ਸਿਲਾਈ, ਕਢਾਈ ਸਿੱਖਣ ਵੇਲੇ ਅਸੀਂ 'ਬਾਹਰ-ਅੰਦਰ' ਵੀ ਜਾ ਆਉਂਦੀਆਂ ਹਾਂ। ਕਦੀ ਲੋੜ ਵੇਲੇ ਤਾਂ ਕਦੀ ਕਦਾਈ ਉਂ ਹੀ ਖਾਹਮਖਾਹ ਚਾਮ੍ਹਲੀਆਂ ਹੋਈਆਂ ਤੇ ਕਦੀ ਕਦੀ ਉੱਧਰ ਵੀ ਜਿੱਧਰ – ਝੂੰਡ, ਝਾੜ, ਕਿੱਕਰਾਂ, ਖਜੂਰਾਂ ਤੇ ਢੱਕ ਦੇ ਵਿਚਕਾਰ ਇੱਕ ਟੋਭਾ ਹੈ, ਨਿੱਕਾ ਜਿਹਾ – ਟੋਭੇ ਕੰਢੇ ਬਾਹਰ ਬੈਠ, ਖੇਡਾਂ ਖੇਡ, ਹੱਥ ਪੈਰ ਵੀ ਧੋ ਆਉਂਦੀਆਂ ਹਾਂ– ਟੋਭੇ ਦੇ ਪਾਣੀ ਤੋਂ ਹਰੀ ਹਰੀ ਜਾਲੇਦਾਰ ਕਾਈ ਤੇ ਨਿੱਕੀਆਂ ਨਿੱਕੀਆਂ ਪੱਤੀਆਂ ਵਾਲੀਆਂ ਬੂਟੀਆਂ ਨੁਮਾ ਵੇਲਾਂ ਪਰ੍ਹਾਂ ਨੂੰ ਹਟਾ ਹਟਾ ਕੇ – ਸਾਫ਼ ਪਾਣੀ ਨਿਤਾਰ ਕੇ – ਤੇ ਕਦੀ ਆ ਵੜਦੀਆਂ ਇੱਧਰ ਖੇਤਾਂ ਵੱਲ, ਖੂਹ 'ਤੇ, ਜੋ ਹੱਥ ਆਉਂਦਾ, ਤੋੜ ਲੈਂਦੀਆਂ ਹਾਂ – ਕਦੇ ਛੋਲੀਆਂ ਹੂੰਗ ਦੀਆਂ ਤੇ ਕਦੀ ਮੂਲੀਆਂ ਗਾਜਰਾਂ ਜਾਂ ਗੋਂਗਲੂ ਜੋ ਵੀ ਮਿਲਦਾ ਹੈ ਔਲੂ ਵਿਚ ਧੋ ਖਾਂਦੀਆਂ ਆ ਜਾਂਦੀਆਂ – ਜੇ ਕਦੀ ਕੁਝ ਵੀ ਨਾ ਮਿਲਦਾ ਤਾਂ ਡੌਲਾ (ਵੱਟਾ) ਤੋਂ ਆਉਂਦੀਆਂ ਆਉਂਦੀਆਂ ਨਰਮ ਜਿਹੀ ਗੰਦਲ ਮੜੱਕ – ਖਾਂਦੀਆਂ ਮੂੰਹ ਮਾਰਦੀਆਂ ਆ ਜਾਂਦੀਆਂ ਹਾਂ – ਬੱਕਰੀਆਂ ਵਾਂਗ, ਭੈਣ ਜੀ ਕੋਲ। ਸਮੇਂ ਦੀ ਪਾਬੰਦੀ, ਇਹ ਤਾਂ ਕਿਤੇ ਸਾਡੇ ਚਿੱਤ-ਚੇਤੇ ਵਿਚ ਹੀ ਨਹੀਂ ਹੁੰਦੀ।

ਭੈਣ ਜੀ ਨਾ ਕਦੀ ਬਹੁਤਾ ਪੁੱਛਦੀ, ਨਾ ਝਾੜਦੀ। ਉਂਜ ਹਰ ਵਾਰ ਐਨਾ ਜ਼ਰੂਰ ਕਹਿ ਦਿੰਦੀ ਹੈ, "ਕੋਹੜਨੋ ! ਜੇ ਤੁਹਾਡੇ ਮਾਸਟਰਾਂ ਜੀ ਨੂੰ ਪਤਾ ਲੱਗ ਗਿਆ ਤੁਸੀਂ ਮੈਨੂੰ ਵੀ ਝਾੜਾਂ ਪੁਆਉਂਗੀਆਂ।" ਇਹ ਸਾਨੂੰ ਕੋਈ ਵੀ ਨਵੀਂ ਜਾਂ ਵੱਡੀ ਗੱਲ ਨਾ ਲਗਦੀ। ਅਸੀਂ ਮਾੜਾ ਮਾੜਾ ਸ਼ਰਮਾਉਂਦੀਆਂ, ਗੁੱਛਾ-ਮੁੱਛਾ ਹੁੰਦੀਆਂ ਆ ਬਹਿੰਦੀਆਂ ਹਾਂ ਟਾਟਾਂ 'ਤੇ ਆਪਣੀ ਆਪਣੀ ਥਾਵੇਂ।

ਸਕੂਲ ਵਿਚ ਮੇਰੀਆਂ ਦੋ ਸਹੇਲੀਆਂ ਹੋਰ ਵੀ ਹਨ। ਜੀਤੋ ਤੇ ਪਾਲੋ। ਦੋਹੇ ਘੁਮਾਰਾਂ ਦੇ ਪਿੰਡ – 'ਬਾਮਾ-ਕੁਲੀਆ' ਤੋਂ ਆਉਂਦੀਆਂ ਹਨ ਤੇ ਮੇਰੇ ਤੋਂ ਦੋਵੇਂ ਹੀ ਬਹੁਤ ਵੱਡੀਆਂ ਵੱਡੀਆਂ– ਭੈਣ ਜੀ ਕੋਲ ਆਉਣ ਵੇਲੇ ਇਹ ਆਪਣੇ ਪੂਰੇ ਬਸਤੇ ਵੀ ਨਾਲ ਹੀ ਚੁੱਕ ਲਿਆਉਂਦੀਆਂ ਹਨ ਜੋ ਇਨ੍ਹਾਂ ਨੇ ਇਕ ਚੌਰਸ ਕੱਪੜੇ ਵਿਚ ਕਿਤਾਬਾਂ ਚਿਣ ਚਿਣ ਕੇ ਬੰਨ੍ਹੇ ਹੁੰਦੇ ਹਨ। ਇਨ੍ਹਾਂ ਨੇ ਆਪਣੇ ਬਸਤਿਆਂ ਵਿਚ ਕੁਝ ਅਜੇਹੇ ਕੱਪੜੇ ਵੀ ਲਕੋ ਕੇ ਰੱਖੇ ਹੁੰਦੇ ਹਨ ਜੋ ਅਸੀਂ ਅਜੇ ਨਹੀਂ ਪਾਉਂਦੀਆਂ ਹਾਂ ਜਿਨ੍ਹਾਂ ਦੀ ਸਾਨੂੰ ਅਜੇ ਲੋੜ ਹੀ ਨਹੀਂ ਹੈ ਤੇ ਉਹ ਉਨ੍ਹਾਂ ਨੂੰ ਡਰਦੇ ਮਾਰੇ ਘਰ ਵੀ ਨਹੀਂ ਰੱਖ ਕੇ ਆਉਂਦੀਆਂ ਹਨ ਕਿ ਘਰ ਕੋਈ ਦੇਖ ਨਾ ਲਏ ਤੇ ਜਮਾਤ ਵਿਚ ਵੀ ਉਹ ਤਾਂ ਬਸਤਿਆਂ ਦਾ ਵਿਸਾਹ ਨਹੀਂ ਖਾਂਦੀਆਂ ਹਨ ਜਿਹਾ ਕਿ ਮੈਂ ਆਪਣੀ ਅਕਲ ਦੇ ਘੋੜੇ ਦੁੜਾ ਦੁੜਾ ਕੇ ਸੋਚਦੀ ਰਹਿੰਦੀ ਹਾਂ ਕਿਉਂਕਿ ਸਾਡੇ ਨਾਲ ਮੁੰਡੇ ਵੀ ਤਾਂ ਪੜ੍ਹਦੇ ਹਨ – ਉਂਜ ਸਾਰੀ ਜਮਾਤ ਵਿਚ ਕੁੜੀਆਂ ਤਾਂ ਦੋ ਦੋ ਚਾਰ ਚਾਰ ਹੀ ਹਨ – ਨਾ ਮਾਤਰ ਹੀ ਮੁੰਡੇ ਹੀ ਬਹੁਤੇ ਹਨ। ਇਕ ਵਾਰ ਘਰ ਵੀ ਤਾਂ ਇੰਜ ਹੀ ਹੋਇਆ। ਤਾਇਆ ਜੀ ਹੋਰਾਂ ਦੀਆਂ ਕੁੜੀਆਂ ਗੱਲਾਂ ਕਰਨ, "ਅਸੀਂ ਇਨ੍ਹਾਂ ਨੂੰ (ਅਜਿਹੇ ਕਪੜਿਆਂ) ਕਿੱਥੇ ਸੁੱਕਣੇ ਪਾਈਏ, ਸਾਰੇ ਪਾਸੇ ਤਾਂ ਬੀਰ ਰਾਂਹੀ ਬਾਪੂ ਰਾਂਹੀ ਘੁੰਮਦੇ ਰਹਿੰਦੇ ਆ...।" ਮੈਂ ਕਿਹਾ, "ਮੈਨੂੰ ਦੇ ਦੋ ਸਾਡੇ ਘਰੇ ਤਾਂ ਕੋਈ ਹੁੰਦਾ ਹੀ ਨੀ। ਮੈਂ ਆਪਣੀ ਪਿਛਲੀ ਕੋਠੜੀ ਜਿੱਥੇ ਕੱਖ ਕੰਡਾ ਪਿਆ ਹੁੰਦਾ, ਉਥੇ ਪਾ ਦੂੰ। ਮੋਘੇ ਵਿਚ ਨੂੰ ਧੁੱਪ ਵੀ ਆਉਂਦੀ ਐ ਤੇ ਨਾਲੇ ਕਿਸੇ ਨੂੰ ਪਤਾ ਵੀ ਨੀ ਲੱਗੂ।" ਇੰਜ ਮੈਂ ਚਤੁਰਾਈ ਘੋਟ – ਉਨ੍ਹਾਂ ਤੋਂ ਲੈ – ਉੱਥੇ ਪਾ ਦਿੰਦੀ ਹਾਂ।



ਫੇਰ ਪਤਾ ਨਹੀਂ ਕਿਵੇਂ ਉੱਧਰ ਅੰਦਰ ਆ – ਬੀਜੀ ਦੇਖ ਲੈਂਦੇ ਹਨ। ਸਾਰੀ ਪੁੱਛ ਪੜਤਾਲ ਹੁੰਦੀ ਹੈ। ਡਰਦੀ ਮਾਰੀ ਸਾਰੀ ਗੱਲ ਸੱਚੋ ਸੱਚ ਦੱਸ ਦਿੰਦੀ ਹਾਂ। ਬੀਜੀ ਕੀ, ਉਹ ਤਾਂ ਝਿੜਕਾਂ ਦੀ ਝੜੀ ਲਾ ਦਿੰਦੇ ਹਨ, "ਜਦ ਤੈਨੂੰ ਪਤਾ ਈ ਨੀ ਕਿਸੀ ਗੱਲ ਦਾ ਫੇਰ ਕਾਹਨੂੰ ਰਕਾਨ ਬਣ ਜਾਂਦੀ ਹੈ ਹਰ ਥਾਂ। ਨਾ ਅਕਲ ਨਾ ਮੌਤ। ਉਨ੍ਹਾਂ ਨੂੰ ਪਤਾ ਕੀ ਕਰਨਾ ਹੈ ਕੀ ਨਹੀਂ।" ਬੀਜੀ ਗਾਲ੍ਹਾਂ ਕਢਦੇ, ਸਾਰਾ ਸੀੜੀ-ਸਿਆਪਾ ਚੁੱਕ ਚਲੇ ਜਾਂਦੇ ਹਨ ਉਨ੍ਹਾਂ ਦੇ ਘਰ। ਮੈਨੂੰ ਘਰੇ ਹੀ ਛੱਡ ਕੇ – ਫੇਰ ਉੱਥੇ ਪਤਾ ਨੀ ਕੀ ਕੀ ਹੁੰਦਾ ਹੈ – ਇਹ ਤਾਂ ਰੱਬ ਹੀ ਜਾਣਦਾ ਹੈ।

ਹਾਂ ਤੀਸਰੀ ਜਮਾਤ ਦੇ ਅਧਿਆਪਕ ਹਨ ਸਾਡੇ ਪ੍ਰੀਤਮ ਸਿੰਘ ਬਜੀਤ ਪੁਰ ਪਿੰਡ ਦੇ। ਜਾਗਦਾ ਜਾਗਦਾ, ਕੌਂ ਦੀ ਅੱਖ ਰੱਖਣ ਵਾਲਾ ਇਨਸਾਨ। 'ਕੱਲੇ 'ਕੱਲੇ ਨਿਆਣੇ ਬਾਰੇ ਐਨਾ ਜਾਣਦਾ ਹੈ ਜਿਵੇਂ ਉਹ ਹਰ ਇਕ ਦੇ ਪੋਤੜਿਆਂ ਤੋਂ ਜਾਣੂ ਹੋਵੇ। ਉਂਜ ਬਹੁਤ ਵਧੀਆ ਸੁਭਾਅ ਦੇ, ਹੱਸਮੁੱਖ ਇਨਸਾਨ ਹਨ। ਹੋਰ ਤਾਂ ਹੋਰ ਉਹ ਜੁਗਰਾਫ਼ੀਆ ਤਾਂ ਬਹੁਤ ਵਧੀਆ ਪੜ੍ਹਾਉਂਦੇ ਹਨ – ਜਿਹਾ ਮੈਂ ਜਾਣਦੀ ਹਾਂ।

ਤੀਸਰੀ ਵਿਚ ਅੰਬਾਲਾ ਜ਼ਿਲ੍ਹਾ ਹੈ, ਅੰਬਾਲਾ – ਪੰਜ ਤਹਿਸੀਲਾਂ ਵਾਲਾ।

"ਅੰਬਾਲੇ ਮੈਂ ਅੰਬਾਲਾ, ਰੋਪੜ, ਖਰੜ, ਨਰਾਇਣਗੜ੍ਹ, ਜਗਾਧਰੀ।"

ਇੰਜ ਕਵਿਤਾ ਵਾਂਗ ਗਾ ਗਾ ਸਾਨੂੰ ਯਾਦ ਕਰਾਉਂਦੇ ਹਨ ਤਹਿਸੀਲਾਂ ਦੇ ਨਾਂ ਤੇ ਪੜ੍ਹਾਉਂਦੇ ਪੜ੍ਹਾਉਂਦੇ ਨਾਲ ਨਾਲ ਨਕਸ਼ੇ ਵੀ ਭਰਾਉਂਦੇ ਹਨ ਸਾਡੇ ਕੋਲੋਂ – ਰੰਗ ਭਰ ਭਰ ਕੇ।

ਦੂਸਰੀ ਜਮਾਤ ਸ੍ਰੀ ਬਨਵਾਰੀ ਲਾਲ ਜੀ ਕੋਲ ਹੈ। ਅੱਲਗ ਜਿਹੀ ਪਹਿਚਾਣ ਹੈ ਇਹ ਚਿੱਟੀ ਸਲਵਾਰ ਕਮੀਜ਼ ਪਾਉਂਦੇ ਹਨ ਤੇ ਚਿੱਟੀ ਹੀ ਸ਼ਮਲੇਦਾਰ ਪੱਗ ਬੰਨ੍ਹਦੇ ਹਨ, ਸੁਨਹਿਰੀ ਕੁੱਲੇ ਵਾਲੀ – ਮਿੱਸੇ ਜਿਹੇ ਸੁਭਾਅ ਵਾਲੇ, ਥੋੜ੍ਹੇ ਸਾਂਵਲੇ ਜਿਹੇ ਰੰਗ ਦੇ।

ਪਾਕਿਸਤਾਨ ਤੋਂ ਆ, ਐਧਰ ਵਸੇ ਹਨ – 'ਘਿੰਨ ਵੰਞ, ਆ ਵੰਞ, ਜਾਹ ਵੰਞ, ਦੇਹ ਵੰਞ, ਲੈ ਵੰਞ, ਕੁਝ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਜੋ ਸਾਡੀ ਸਮਝ ਵਿਚ ਬਹੁਤੀਆਂ ਨਾ ਆਉਂਦੀਆਂ ਤੇ ਬਾਅਦ ਵਿਚ ਅਸੀਂ ਵੀ ਉਨ੍ਹਾਂ ਨਾਲ ਗਾਹੇ ਬਗਾਹੇ 'ਵੰਞਣਾ' ਸ਼ੁਰੂ ਕਰ ਦਿੰਦੇ ਹਾਂ। ਪੜ੍ਹਾਉਣ ਦੇ ਨਾਲ ਨਾਲ ਉਹ 'ਡਾਕੀਏ' ਦਾ ਕੰਮ ਵੀ ਕਰਦੇ ਹਨ – ਬੇਲੇ ਪਿੰਡ ਵਿਚ।

ਤੇ ਚੌਥੀ ਜਮਾਤ ਨੂੰ ਸਾਨੂੰ ਪੜ੍ਹਾਉਂਦੇ ਹਨ – ਹੈਡਮਾਸਟਰ ਸਾਹਿਬ ਆਪ।

ਬਹੁਤ ਡਰਦੇ ਹਨ ਨਿਆਣੇ ਇਨ੍ਹਾਂ ਤੋਂ। ਨਾਉਂ ਸੁਣਦੇ ਹੀ ਕੰਬ ਜਾਂਦੇ ਹਨ। ਗੁੱਸਾ ਆਉਂਦਾ 'ਰੂਲਾਂ' ਨਾਲ ਕੁੱਟਦੇ ਹਨ। ਮਾਰਦੇ ਮਾਰਦੇ, ਝਿੜਕਦੇ, ਮੋਟੀਆਂ ਮੋਟੀਆਂ ਗਾਲ੍ਹਾਂ ਕੱਢਦੇ ਤਾਂ ਮੂੰਹ ਝੱਗ ਤੇ ਤਾਰਾਂ ਜਿਹੀਆਂ ਨਾਲ ਭਰ ਜਾਂਦਾ ਹੈ – ਜੀਹਨੂੰ ਉਹ ਵਿਚ ਨੂੰ ਪੱਗ ਦੇ ਲੰਮੇ ਲੜ ਨਾਲ ਪੂੰਝ ਲੈਂਦੇ ਹਨ।

ਸੱਚ ਮੈਂ ਦਸਣਾ ਤਾਂ ਭੁੱਲ ਹੀ ਗਈ ਹਾਂ, ਕੁੜਤਾ ਪਜਾਮਾ ਸਿਰ 'ਤੇ ਲੰਮੇ ਲੜ ਵਾਲੀ ਖਦਰ ਨੁਮਾ ਸਫੇਦ ਪੱਗ ਤੇ ਪੈਰੀਂ ਜੁੱਤੀ ਪਾਉਂਦੇ ਹਨ ਉਹ।

ਗੁੱਸੇ ਵਿਚ ਪੂਰੇ ਖੂੰ-ਖਾਰ ਲਗਦੇ, ਉਨ੍ਹਾਂ ਦਿਨਾਂ ਦਾ ਇਹ ਗੀਤ ਜੋ ਅਸੀਂ 'ਰਾਮਲੀਲਾ' ਵਿਚ ਸੁਣਿਆ ਹੈ, ਉਨ੍ਹਾਂ 'ਤੇ ਪੂਰਾ ਢੁਕਦਾ :-

ਯੇ ਡੰਡਾ ਜੱਗ ਮਾ ਕਰਦਾ ਏ ਭਾਰੀ ਉਪਕਾਰ
ਮਾਸਟਰ ਪਾਠ ਪੜ੍ਹਾਵੇ, ਡੰਡੇ ਸੇ -
ਫਿਰ ਫੱਟੀ ਲਿਖਾਵੇ ਡੰਡੇ ਸੇ -
– – – – –

ਉਂਜ ਅਸੂਲਾਂ ਨੂੰ ਮੰਨਣ ਤੇ ਮਨਾਉਣ ਵਾਲੇ ਮਨੁੱਖ – ਕੋਮਲ ਵੀ ਐਡੇ – ਜਦ ਪਿਆਰ ਕਰਦੇ ਤਾਂ ਅੰਤਾਂ ਦਾ ਤੇ ਕਦੇ ਕਦੇ ਖੁਸ਼ੀ ਦੇ ਮਾਰੇ ਰੋ ਵੀ ਪੈਂਦੇ ਹਨ।

ਸਾਨੂੰ ਹਿਸਾਬ ਪੜ੍ਹਾਉਂਦੇ ਹਨ – ਅੱਧੇ ਅੱਧੇ ਦਿਨ ਤੱਕ, ਚੌਥੀ ਜਮਾਤ ਵਿਚ ਸਾਡੀ ਹਿਸਾਬ ਦੀ ਕਿਤਾਬ ਬਹੁਤ ਮੋਟੀ ਹੈ – 'ਗੁਲਾਬ-ਹਿਸਾਬ'। ਰੁਪਏ, ਪੈਸੇ, ਪਾਈਆਂ – ਪੌਂਡ ਸ਼ਲਿੰਗ, ਪੈਂਸ – ਗਜ਼, ਫੁੱਟ, ਇੰਚ – ਤੋਲੇ, ਮਾਸੇ ਰੱਤੀਆਂ – ਘੁੱਮਾਂ, ਬੀਘੇ, ਕਨਾਲ, ਮਰਲੇ – ਕੋੜੀ, ਦਰਜਨ, ਗਿਮ, ਗੁਰਸ, ਦਸਤੇ ... ਜ਼ੁਬਾਨੀ ਵੀ ਤੇ ਲਿਖਤੀ ਸੁਆਲ ਵੀ ਸਭ ਅਸੀਂ ਚੌਥੀ ਵਿਚ ਹੀ ਸਿਖਦੇ ਹਾਂ। ਖੇਤਰਫਲ, ਵਿਆਜ, ਵਿਆਜ-ਦਰ-ਵਿਆਜ, ਇਕਾਈ, ਸਾਰੇ ਤਰੀਕੇ 'ਗੁਰ' ਲਾ ਲਾ ਸਵਾਲ ਕਢਦੇ, ਹਾਂ ਅਸੀਂ – ਨਾ ਕੱਢਣ ਵਾਲੇ ਥੱਕਦੇ ਹਨ, ਨਾ ਕਢਾਉਣ ਵਾਲੇ।

ਚੌਥੀ ਜਮਾਤ ਤੱਕ ਸਾਰਾ ਕੰਮ ਫੱਟੀਆਂ ਜਾਂ ਸਲੇਟਾਂ 'ਤੇ ਹੀ ਕਰਦੇ ਹਾਂ। ਕਾਪੀਆਂ 'ਤੇ ਨਹੀਂ – ਕਾਪੀਆਂ ਤਾਂ ਸਾਡੇ ਕਿਸੇ ਕੋਲ ਹੈ ਹੀ ਨਹੀਂ – ਰਿਵਾਜ਼ ਹੀ ਨਹੀਂ ਹੈ।

ਉਂਜ ਵਿਚ ਜੇ ਨੂੰ ਸਾਨੂੰ ਇਕ ਹੋਰ ਮਾਸਟਰ ਜੀ ਵੀ ਪੜ੍ਹਾਉਂਦੇ ਹਨ। ਇਨ੍ਹਾਂ ਦਾ ਨਾਉਂ ਮੈਨੂੰ ਪਤਾ ਨਹੀਂ ਹੈ। ਬਸ ਐਨਾ ਕੁ ਪਤਾ ਹੈ –

ਇਕ ਵਾਰ ਉਨ੍ਹਾਂ ਸਾਨੂੰ ਕੋਈ ਖੇਡ ਕਰਾਈ ਜਾਂ ਕੋਈ ਕਵਿਤਾ ਜਾਂ ਗੀਤ, ਅਸੀਂ ਸਾਰੇ ਨਿਆਣੇ ਹੱਥ ਫੜ ਕੇ ਗੋਲ ਘੇਰਾ ਬਣਾ ਲੈਂਦੇ ਹਾਂ। ਉਨ੍ਹਾਂ ਨੇ ਸਾਡੇ ਸਾਰਿਆਂ ਦੇ ਗਲਾਂ ਵਿਚ ਗੱਤੇ ਦੀਆਂ ਤਖ਼ਤੀਆਂ ਪਾ ਦਿੱਤੀਆਂ ਹਨ, ਜਾਨਵਰਾਂ ਦੇ ਨਾਂ ਲਿਖ ਲਿਖ ਕੇ – ਮੇਰੀ ਫੱਟੀ ਤੇ 'ਬੱਕਰੀ' ਲਿਖਿਆ ਹੋਇਆ ਹੈ ਤੇ ਬਾਕੀਆਂ ਤੇ ਹੋਰ ਜਾਨਵਰਾਂ ਦੇ ਨਾਂ। ਸਾਰੇ ਬੱਚਿਆਂ ਨੇ ਜਾਨਵਰਾਂ ਮੁਤਾਬਕ ਉਨ੍ਹਾਂ ਦੀਆਂ ਬੋਲੀਆਂ ਬੋਲਣੀਆਂ ਹਨ। ਉਂਜ ਇਹ ਮਾਸਟਰ ਜੀ ਪੜ੍ਹਾਉਣ ਵੇਲੇ ਸਾਨੂੰ ਚਾਰਟ ਵੀ ਵਿਖਾਉਂਦੇ ਹਨ। ਇਨ੍ਹਾਂ ਦੀ ਰੀਸ, ਮੈਂ ਵੀ ਘਰ ਆ ਤਸਵੀਰਾਂ ਕੱਟ ਫਾਈਲ ਦੇ ਗੱਤਿਆਂ 'ਤੇ ਦੋ ਚਾਰਟ ਬਣਾਉਂਦੀ ਹਾਂ, 'ਫਲਾਂ ਦਾ ਚਰਟ', 'ਸਬਜ਼ੀਆਂ ਦਾ ਚਾਰਟ' ਲਿਖ ਕੇ ਤੇ ਫੇਰ ਉਹ ਭਾਪਾ ਜੀ ਦੀ ਤਸਵੀਰ ਦੇ ਸੱਜੇ ਖੱਬੇ ਚੁਬਾਰੇ ਵਿਚ ਟੰਗ ਦਿੰਦੀ ਹਾਂ।

ਉਂਜ ਇਸ ਮਾਸਟਰ ਜੀ ਦੀ ਸਿਖਾਈ ਇਕ ਕਵਿਤਾ ਮੈਨੂੰ ਅੱਜ ਵੀ ਬਹੁਤ ਚੰਗੀ ਲੱਗਦੀ ਹੈ – 'ਜਦ ਭੀਂ-ਭੀਂ ਕਰਦਾ ਮੱਛਰ ਕਣਤਾਉਣ ਲਗਦਾ ਹੈ ਮੰਜੇ 'ਤੇ ਪਿਆਂ ਹਨੇਰੇ ਵਿਚ–

'ਯੇ ਕੈਸਾ ਮੌਸਮ ਆਇਆ ਰੇ, ਯੇ ਕੈਸਾ ਮੌਸਮ ਆਇਆ –
ਮੂੰਹ ਪੇ ਬੈਠਾ ਮੱਛਰ,
ਜ਼ੋਰ ਸੇ ਮਾਰਾ ਥੱਪੜ
ਖ਼ੁਦ ਆਪ ਤਮਾਚਾ ਖਾਇਆ ਰੇ,
ਯੇ ਕੈਸਾ ਮੌਸਮ...।'

'ਖੁਸ਼-ਖਤ' ਉਂਜ ਅਸੀਂ 'ਖੁਸ਼-ਖਤ ਲਿਖਾਈ' ਕਹਿੰਦੇ ਹਾਂ ਘਰੋਂ ਹੀ ਲਿਖ ਕੇ ਲਿਆਉਂਦੇ ਹਾਂ।

ਸਵੇਰੇ ਸਵੇਰੇ ਅਸੀਂ ਸਾਰੇ ਨਿਆਣੇ ਗੁੱਗੇ ਦੀ ਮਾੜੀ 'ਤੇ ਆ ਇਕੱਠੇ ਹੋ ਜਾਂਦੇ ਹਾਂ ਤੇ ਫੇਰ ਟਾਹਲੀ ਵਾਲੇ ਚਬੂਤਰੇ 'ਤੇ ਬੈਠ ਫੱਟੀਆਂ ਲਿਖਦੇ ਹਾਂ, ਜਿੱਦ-ਮ-ਜਿੱਦੀ – ਇਕ ਦੂਜੇ ਨੂੰ ਦਿਖਾ ਦਿਖਾ ਕੇ ਇਕ ਦੂਜੇ ਤੋਂ ਵੱਧ ਸਜਾ ਸਜਾ ਕੇ।

ਸਕੂਲ ਪੁੱਜ ਸਭ ਤੋਂ ਪਹਿਲਾਂ ਫੱਟੀਆਂ ਹੀ ਦੇਖੀਆਂ ਜਾਂਦੀਆਂ ਹਨ। ਫੱਟੀਆਂ ਦਿਖਾ, ਐਨ ਸਕੂਲ ਦੇ ਗੱਭੇ ਬਣੀ ਟੋਭੜੀ ਜਿਹੀ ਵਿਚ ਸੁੱਟ ਦਿੰਦੇ ਹਾਂ। ਕਿਸ਼ਤੀਆਂ ਨੁਮਾ ਫੱਟੀਆਂ ਦਿਨ ਭਰ ਤੈਰਦੀਆਂ ਰਹਿੰਦੀਆਂ ਹਨ ਪਾਣੀ ਵਿਚ-ਨਿੱਕੀਆਂ ਨਿੱਕੀਆਂ ਲਹਿਰਾਂ ਨਾਲ ਕਦੀ ਇਸ ਕੰਢੇ, ਕਦੀ ਓਸ – ਸਿਆਹੀ ਉਗਲਦੀ ਰਹਿੰਦੀ ਹੈ।

ਸਕੂਲ ਦੇ ਵਰਾਂਡੇ ਵਿਚ ਬੈਠੀ ਜਦ ਕਦੀ ਮੈਂ ਇਹ ਨਜ਼ਾਰਾ ਦੇਖਦੀ, ਆਪਣੇ ਕੰਮ ਭੁੱਲ ਜਾਂਦੀ – ਹਵਾ ਦੇ ਝੌਂਕੇ, ਨਿੱਕੀਆਂ ਨਿੱਕੀਆਂ ਲਹਿਰਾਂ, ਫੱਟੀਆਂ ਦਾ ਹਚਕੋਲੇ ਖਾਣਾ, ਤੈਰਨਾ, ਬੇਫਿਕਰ – ਐਧਰ ਓਧਰ।

ਅੱਜ ਸੋਚਦੀ ਹਾਂ, ਉਹ ਨਜ਼ਾਰਾ ਨੈਣੀਤਾਲ ਦੀਆਂ ਝੀਲਾਂ ਵਿਚ ਤੈਰਦੀਆਂ ਕਿਸ਼ਤੀਆਂ ਤੋਂ ਰਤਾ ਘੱਟ ਨਹੀਂ ਸੀ ਹੁੰਦਾ। ਉਦੋਂ ਅਹਿਸਾਸ ਹੀ ਸਨ ਮੇਰੇ ਕੋਲ, ਸ਼ਬਦ ਨਹੀਂ। ਅੱਜ ਸ਼ਬਦਾਂ ਨੂੰ ਜੋੜ ਜੋੜ ਉਨ੍ਹਾਂ ਅਹਿਸਾਸਾਂ ਨੂੰ ਮੁੜ ਜੀਉਂ ਰਹੀ ਹਾਂ, ਮੈਂ।

ਅੱਧੀ ਛੁੱਟੀ ਵੇਲੇ ਪਾਣੀ ਵਿਚ ਡਲੇ ਮਾਰ ਮਾਰ ਅਸੀਂ ਆਪਣੀਆਂ ਫੱਟੀਆਂ ਨੂੰ ਕੰਢੇ ਲਾਉਂਦੇ ਹਾਂ, ਧੋਂਦੇ ਹਾਂ, ਗਾਚਣੀ ਮਲ ਮਲ ਪੋਚਦੇ ਹਾਂ ਤੇ ਗੀਤ ਗਾ ਗਾ ਸੁਕਾਉਂਦੇ ਹਾਂ:

ਸੂਰਜਾ ਸੂਰਜਾ ਫੱਟੀ ਸੁਕਾ
ਅੱਜ ਤੇਰਾ ਮੰਗਣਾ, ਕੱਲ੍ਹ ਤੇਰਾ ਵਿਆਹ।
ਸੁੱਕ ਸੁੱਕ ਫੱਟੀਏ, ਕਾੜ ਕੜੱਕੀਏ।

ਹੱਥਾਂ ਨਾਲ ਝੂਟੇ ਦੇ ਦੇ, ਕਦੀ ਦੋ ਦੋ ਫੱਟੀਆਂ ਦੇ ਮੁੱਨੇ ਜੋੜ ਜੋੜ – ਧੁੱਪ ਵਿਚ ਰੱਖ – ਫੱਟੀਆਂ ਸੁਕਾ ਲਈਆਂ ਜਾਂਦੀਆਂ ਹਨ।

ਮੋਟੇ ਮੋਟੇ ਸਿੱਕਿਆਂ (ਬੈਟਰੀ ਦੇ ਸੈਲਾਂ ਵਿਚੋਂ ਕੱਢ) ਜਾਂ ਨਿੱਕੀ ਮੋਟੀ ਪੈਂਸਿਲ ਨਾਲ (ਜੋ ਕਿਸੀ ਕਿਸੀ ਕੋਲ ਹੀ ਹੁੰਦੀ ਹੈ) ਗੱਡ ਗੱਡ ਕੇ ਰੀਝਾਂ ਲਾ ਲਾ ਸਤਰਾਂ ਲਾਉਂਦੇ ਹਾਂ। ਸਿੱਧੀਆਂ ਸਤਰਾਂ ਲਾਉਣ ਲਈ ਫੱਟੀ ਦੇ ਦੋਨੇ ਪਾਸੇ ਦੋਨੋਂ ਸਿਰਿਆਂ 'ਤੇ ਚਾਕੂ ਨਾਲ ਪੱਕੇ ਨਿਸ਼ਾਨ ਲਾ ਕੇ ਰੱਖੇ ਹੋਏ ਹਨ ਅਸੀਂ – ਕਾਨਿਆਂ ਦੀਆਂ ਜਾਂ ਕਿਲਕ ਦੀਆਂ ਕਲਮਾਂ ਅਸੀਂ ਆਪ ਹੀ ਘੜ ਲੈਂਦੇ ਹਾਂ ਚਾਕੂ ਨਾਲ।

ਤੇ ਹੁਣ ਅੱਧੀ ਛੁੱਟੀ ਤੋਂ ਬਾਅਦ ਫੇਰ ਫੱਟੀਆਂ ਲਿਖੀਆਂ ਜਾਂਦੀਆਂ ਹਨ ਜਮਾਤ ਵਿਚ ਬੈਠ ਕੇ। ਸੱਚ ਇਕ ਗੱਲ ਤਾਂ ਦਸਣਾ ਹੀ ਭੁੱਲ ਗਈ, ਆਮ ਤੌਰ 'ਤੇ ਸਾਡੀਆਂ ਦੁਆਤਾਂ ਮਿੱਟੀ ਦੀਆਂ ਹੁੰਦੀਆਂ ਹਨ ਜਿਨ੍ਹਾਂ ਦੇ ਗੱਲਿਆਂ 'ਤੇ ਅਸੀਂ ਇਸ ਤਰ੍ਹਾਂ ਡੋਰ ਬੰਨ੍ਹੀ ਹੁੰਦੀ (ਜਿਸ ਨੂੰ ਕੰਗਣਾ ਕਹਿੰਦੇ ਹਨ) ਕਿ ਅਰਾਮ ਨਾਲ ਫੜ ਕੇ ਦਵਾਤ ਲਮਕਾ ਕੇ ਚੁੱਕ ਸਕੀਏ – ਸਿਆਹੀ ਵੀ ਅਸੀਂ ਘਰ ਹੀ ਬਣਾ ਲੈਂਦੇ ਹਾਂ ਤਵੇ ਦੀ ਕਾਲਖ ਲਾਹ – ਵਿਚ ਕਿੱਕਰਾਂ ਤੋਂ ਗੂੰਦ ਇਕੱਠਾ ਕਰਕੇ – ਮਿਲ ਕੇ।

ਹੁਣ ਸਭ ਤੋਂ ਅਖੀਰ ਵਿਚ ਵਾਰੀ ਆਉਂਦੀ ਹੈ ਪਹਾੜੇ ਬੋਲਣ ਦੀ। ਛੁੱਟੀ ਤੋਂ ਰਤਾ ਕੁ ਪਹਿਲਾਂ।

ਝੋਲੇ ਮੋਢਿਆਂ 'ਤੇ ਪਾ, ਆਮੋ ਸਾਹਮਣੀ ਦੋ ਦੋ ਕਤਾਰਾਂ ਬਣਾ ਬਣਾ ਖੜ੍ਹ ਜਾਂਦੇ ਹਾਂ ਅਸੀਂ। ਇਕ ਪੈਰ ਪਿੱਛੇ ਇਕ ਅੱਗੇ ਵਧਾ ਜ਼ੋਰ ਲਾ ਲਾ ਕੇ ਉੂਚੀ ਉੂਚੀ ਪਹਾੜੇ ਬੋਲਦੇ ਹਾਂ – ਮਾਨੋ ਸਕੂਲ ਵਿਚ ਤਾਂ ਜਿਵੇਂ ਕੋਈ ਭੂਚਾਲ ਆ ਗਿਆ ਹੋਵੇ।

ਇਕ ਕਤਾਰ : ਇਕ ਦੂਣੀ ਦੂਣੀ ...
ਦੂਜੀ : ਦੋ ਦੂਣੀ ਚਾਰ ਏ ...
ਫੇਰ ਪਹਿਲੀ, ਫੇਰ ਦੂਜੀ ਕਤਾਰ ...।

ਇਸ ਤਰ੍ਹਾਂ ਦੂਣੀ ਤੋਂ ਵੀਹ ਤੱਕ ਦੂਹਰੇ ਪਹਾੜੇ, ਫੇਰ ਅੱਧਾ, ਸਵਾਇਆ, ਡੇਢਾ, ਢਾਇਆ, ਉੂਂਟਾ (ਸਾਢੇ ਤਿੰਨ), ਢੌਂਚਾ (ਸਾਢੇ ਚਾਰ) ਤੱਕ ਦੇ ਪਹਾੜੇ ਬੋਲੇ ਜਾਂਦੇ ਹਨ, ਵਾਰੋ ਵਾਰੀ।

ਘੰਟੀ ਵੱਜਦੀ ...
ਸੁਣਦੇ ਸਾਰ ਦੌੜਦੇ ਘਰਾਂ ਨੂੰ –
ਜੇਲ੍ਹੋਂ ਛੁੱਟੇ ਕੈਦੀਆਂ ਵਾਂਗ।


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable
33"x 80"
Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਪੰਜਾਬੀ ਸਭਿਅਤਾ ਉੱਤੇ ਮੰਡਰਾ ਰਿਹਾ ਖ਼ਤਰਾ

**ਡਾ. ਹਰਸ਼ਿੰਦਰ ਕੌਰ, ਐਮ. ਡੀ.,**
ਮੋਬਾਈਲ : 0175-2216783

ਕੁਝ ਸਭਿਅਤਾਵਾਂ ਜੋ ਖ਼ਤਮ ਹੋ ਚੁੱਕੀਆਂ ਹਨ, ਉਨ੍ਹਾਂ ਵਿਚ ਝਾਤ ਮਾਰ ਕੇ ਵੇਖੀਏ, ਕਿ ਉਨ੍ਹਾਂ ਦਾ ਅੰਤ ਕਿਉਂ ਤੇ ਕਿਵੇਂ ਹੋਇਆ!

**1. ਪਹਿਲਾਂ ਗੱਲ ਕਰੀਏ ਮਾਇਆ ਸਭਿਅਤਾ ਦੀ :** ਮੈਕਸੀਕੋ ਤੋਂ ਗੁਟਮਲਾ ਤਕ ਫੈਲੇ ਕਮਾਲ ਦੇ ਪੱਕੇ ਪਿਰਾਮਿਡ ਬਣਾਉਣ ਵਾਲੇ, ਉਸ ਸਮੇਂ ਤੇ ਹਿਸਾਬ ਦੇ ਚੋਟੀ ਦੇ ਮਾਹਰ, ਲਿਖਾਰੀ, ਕੈਲੰਡਰ ਬਣਾਉਣ ਵਿਚ ਮਾਹਰ, ਪੌੜੀਦਾਰ ਫਾਰਮ ਬਣਾਉਣ ਵਿਚ ਕਮਾਲ ਕਰਨ ਵਾਲੇ, ਸਲੀਕੇ ਨਾਲ ਰਹਿਣ-ਸਹਿਣ ਵਾਲੇ ਅਤੇ ਆਪਣੀ ਮਾਤ ਭਾਸ਼ਾ ਨੂੰ ਪਿਆਰ ਕਰਨ ਵਾਲੇ ਆਖ਼ਰ ਸੰਨ 900 ਵਿਚ ਪੂਰੀ ਤਰ੍ਹਾਂ ਖਿੰਡ ਪੁੰਡ ਕਿਉਂ ਗਏ?

ਉਸ ਸਮੇਂ ਦੀਆਂ ਲਿਖਤਾਂ ਮੌਜੂਦ ਹਨ ਕਿਉਂਕਿ ਉਹ ਸਾਰੇ ਲਿਖਣ ਦਾ ਸ਼ੌਕ ਰੱਖਦੇ ਸਨ। ਗਜ਼ਬ ਦੀ ਗੱਲ ਇਹ ਹੈ ਕਿ ਉਨ੍ਹਾਂ ਦੀ ਬੋਲੀ ਹਾਲੇ ਤਕ ਕਿਤੇ ਨਾ ਕਿਤੇ ਬੋਲੀ ਜਾ ਰਹੀ ਹੈ ਜਿਸ ਸਦਕਾ ਉਨ੍ਹਾਂ ਬਾਰੇ ਕੁਝ ਕੁ ਚਾਨਣਾ ਹਾਲੇ ਤਕ ਪਾਇਆ ਜਾ ਸਕਦਾ ਹੈ। ਜੋ ਸਭਿਅਤਾ ਦੇ ਮਰ ਮੁੱਕ ਜਾਣ ਦੇ ਅਨੁਮਾਨ ਲਾਏ ਗਏ, ਉਹ ਸਨ :

1.ਮੌਸਮ ਵਿਚ ਬਹੁਤ ਜ਼ਿਆਦਾ ਤਬਦੀਲੀ
2.ਲੜਾਈਆਂ
3.ਸੋਕਾ
4.ਲੋਕਾਂ ਦਾ ਦੂਜੀ ਥਾਂ ਕਮਾਈ ਲਈ ਚਲੇ ਜਾਣਾ ਤੇ ਉੱਥੋਂ ਦਾ ਸਭਿਆਚਾਰ ਅਪਣਾ ਕੇ ਉੱਥੇ ਦਾ ਹੀ ਬਣ ਕੇ ਰਹਿ ਜਾਣਾ

ਬਹੁਤੇ ਇਤਿਹਾਸਕਾਰ ਇਸ ਤੱਥ ਨਾਲ ਸਹਿਮਤ ਹੋਏ ਹਨ ਕਿ ਏਨੀ ਅਗਾਂਹ ਵਧੂ ਸਭਿਅਤਾ ਜੋ ਸੋਕਿਆਂ ਨਾਲ ਲੜੀ, ਖ਼ੁਰਾਕ ਦੀ ਕਮੀ ਕਾਰਣ ਬਥੇਰੇ ਲੋਕਾਂ ਦੇ ਹੋਰ ਥਾਵਾਂ ਵਲ ਚਲੇ ਜਾਣ ਨੂੰ ਵੀ ਝੱਲੀ, ਅਖ਼ੀਰ ਲੜਾਈ ਝਗੜਿਆਂ ਤੋਂ ਔਖੀ ਹੋ ਕੇ ਪੂਰਨ ਰੂਪ ਵਿਚ ਉਸ ਥਾਂ ਨੂੰ ਹਮੇਸ਼ਾਂ ਲਈ ਅਲਵਿਦਾ ਕਹਿ ਗਈ। ਇਕ ਗੱਲ ਜੋ ਖਿੱਚ ਪਾਉਂਦੀ ਹੈ, ਉਹ ਹੈ ਏਨੀਆਂ ਸਦੀਆਂ ਬਾਅਦ ਵੀ ਜ਼ੁਬਾਨ ਦਾ ਬਚੇ ਰਹਿਣਾ। ਕਾਰਨ ਸੀ-ਬਹੁਗਿਣਤੀ ਜ਼ਬਾਨ ਲਿਖਣ ਤੇ ਪੜ੍ਹਨ ਨੂੰ ਤਰਜੀਹ ਦਿੰਦੇ ਰਹੇ। ਪਿੰਡਾਂ ਵਿਚ ਇਹ ਜ਼ੁ ਬੋਲਣ ਵਾਲੇ ਬਚੇ ਰਹਿ ਗਏ। ਸ਼ਹਿਰੀ ਤਾਂ ਦੂਜੀਆਂ ਜ਼ੁਬਾਨਾਂ ਵਿਚ ਰਚ ਮਿਚ ਗਏ।

2. ਇੰਡਸ ਸਭਿਅਤਾ :-

ਹਜ਼ਾਰਾਂ ਸਾਲ ਪਹਿਲਾਂ ਹੜੱਪਾ ਸਭਿਅਤਾ ਨਾਲ ਜੁੜੇ 5 ਮਿਲੀਅਨ ਬੰਦੇ ਜੋ ਮੌਜੂਦਾ ਭਾਰਤ, ਪਾਕਿਸਤਾਨ, ਇਰਾਨ ਤੇ ਅਫਗਾਨਿਸਤਾਨ ਜਿੰਨੀ ਥਾਂ ਉੱਤੇ ਫੈਲੇ ਹੋਏ ਸਨ ਤੇ ਉਸ ਸਮੇਂ ਦੇ ਕਮਾਲ ਦੇ ਘਰ ਬਾਰ ਬਣਾ, ਵੱਡੀਆਂ ਦੁਕਾਨਾਂ ਬਣਾ, ਪਾਣੀ ਦੀ ਨਿਕਾਸੀ ਦੇ ਵਧੀਆ ਪ੍ਰਬੰਧ ਤੇ ਇਸ ਸਭਿਅਤਾ ਵਿਚ ਅਨੇਕ ਬੁੱਧੀਜੀਵੀਆਂ ਦੇ ਹੁੰਦਿਆਂ ਵੀ ਲਗਭਗ 3000 ਸਾਲ ਪਹਿਲਾਂ ਸੋਕੇ ਕਾਰਨਨ ਢਿੱਡ ਭਰਨ ਤੋਂ ਔਖੇ, ਹੋਰ ਥਾਵਾਂ ਵੱਲ ਤੁਰ ਜਾਣ ਨੂੰ ਮਜਬੂਰ ਹੋ ਗਏ। ਖੇਤੀਬਾੜੀ ਵਿਚ ਕਈ ਹੋਰ ਚੀਜ਼ਾਂ ਸ਼ਾਮਲ ਕੀਤੀਆਂ ਗਈਆਂ ਜਿਨ੍ਹਾਂ ਵਿਚ ਘੱਟ ਪਾਣੀ ਲੋੜੀਂਦਾ ਸੀ, ਪਰ ਫਿਰ ਵੀ ਮਿੱਟੀ ਦੇ ਸੈਂਪਲ ਦੱਸਦੇ ਹਨ ਕਿ ਪਾਣੀ ਦੀ ਘਾਟ ਹੀ ਅਖ਼ੀਰ ਏਨੀ ਵੱਡੀ ਸਭਿਅਤਾ ਨੂੰ ਖ਼ਾਤਮੇ ਵੱਲ ਲੈ ਗਈ। ਜਦੋਂ ਹੇਠਲੀ ਪੱਧਰ ਦੇ ਲੋਕ ਨਿਕਲੇ ਤਾਂ ਵੱਡੇ ਵਪਾਰੀ ਵੀ ਖਾਣ-ਪੀਣ ਨੂੰ ਤਰਸਦੇ ਮਹਿੰਗਾਈ ਤੇ ਸੋਕੇ ਨੂੰ ਵੇਖਦੇ ਉਹ ਥਾਂ ਛੱਡ ਗਏ। ਫੇਰ ਰਾਜੇ ਕਿਨ੍ਹਾਂ ਉੱਤੇ ਰਾਜ ਕਰਦੇ? ਅਮੀਰ ਤਬਕਾ ਵੀ ਹੌਲੀ-ਹੌਲੀ ਇਹ ਥਾਂ ਤਿਆਗ ਗਿਆ!

3.ਈਸਟਰ ਸਭਿਅਤਾ ਵੀ 700 ਤੋਂ 1200 ਸੰਨ ਤਕ ਵਧਦੀ ਫੁਲਦੀ ਰਹੀ ਤੇ ਅਖ਼ੀਰ ਸਾਰੇ ਦਰੱਖ਼ਤ ਵੱਢਣ, ਪਾਣੀ ਦਾ ਸੋਮਾ ਮੁਕਾਉਣ ਤੇ ਖੇਤੀਬਾੜੀ ਵਿਚ ਪਾਣੀ ਦੀ ਘਾਟ ਕਾਰਣ ਹੌਲੀ-ਹੌਲੀ ਅੰਨਦਾਤਿਆਂ ਵੱਲੋਂ ਇਸ ਥਾਂ ਨੂੰ ਤਿਆਗਣ ਸਦਕਾ ਇਹ ਸੱਭਿਅਤਾ ਵੀ ਹੌਲੀ-ਹੌਲੀ ਖ਼ਤਮ ਹੋ ਗਈ।

4.ਤੁਰਕੀ ਵਿਚ ਵੀ 9000 ਸਾਲ ਪਹਿਲਾਂ ਦੀ ਸਭਿਅਤਾ ਅਜਿਹੇ ਕਾਰਨਾਂ ਕਰ ਕੇ ਖ਼ਤਮ ਹੋ ਗਈ।

5. ਇਲੀਨੋਇਆ ਵਿਚਲੇ ਮਿਸੀਸਿੱਪੀ ਵੀ ਬਹੁਤ ਵਧੀਆ ਕਾਰਗੀਰ ਸਨ। ਖੇਤੀਬਾੜੀ ਤੋਂ ਇਲਾਵਾ, ਭਾਂਡੇ, ਘਰ-ਬਾਰ ਤੇ ਵੱਡੇ ਮਕਾਨ ਵੀ ਸੰਨ 600 ਤੋਂ 1400 ਤਕ ਉਨ੍ਹਾਂ ਨੇ ਸਾਂਭੀ ਰੱਖੇ। ਪਰ, ਅਖ਼ੀਰ ਕੰਮ ਕਾਰ ਦੀ ਤਲਾਸ਼ ਵਾਸਤੇ ਨੌਜਵਾਨ ਤਬਕਾ ਹੋਰ ਥਾਈਂ ਨਿਕਲ ਗਿਆ। ਪਾਣੀ ਦੀ ਘਾਟ ਤੇ ਬਿਮਾਰੀ 40,000 ਲੋਕਾਂ ਨੂੰ ਇਹ ਥਾਂ ਹਮੇਸ਼ਾਂ ਲਈ ਛੱਡਣ ਉੱਤੇ ਮਜਬੂਰ ਕਰ ਗਈ।

ਇਨ੍ਹਾਂ ਤੋਂ ਇਲਾਵਾ ਵੀ ਬਥੇਰੀਆਂ ਹੋਰ ਸੱਭਿਅਤਾਵਾਂ ਜੋ ਖ਼ਤਮ ਹੋਈਆਂ, ਉਨ੍ਹਾਂ ਦੇ ਵੱਡੇ ਕਾਰਣ ਇਹੋ ਲੱਭੇ ਗਏ ਹਨ :-

- ਸੋਕਾ, ਧਰਤੀ ਹੇਠਲੇ ਪਾਣੀ ਦੀ ਕਮੀ
- ਬਿਮਾਰੀ
- ਹੋਰ ਥਾਵਾਂ ਵੱਲ ਕੰਮ ਕਾਰ ਦੀ ਭਾਲ ਵਾਸਤੇ ਚਲੇ ਜਾਣਾ
- ਮੌਸਮ ਦੀ ਤਬਦੀਲੀ
- ਕੁਦਰਤੀ ਕਹਿਰ

ਧਿਆਨ ਕਰੀਏ ਤਾਂ ਇਨ੍ਹਾਂ ਵਿਚੋਂ ਸਿਰਫ਼ ਉਸ ਸਭਿਅਤਾ ਦੀ ਜ਼ੁਬਾਨ ਬਚੀ ਹੈ ਜਿਸ ਵਿਚ ਹੇਠਲੇ ਪੱਧਰ ਦੇ ਲੋਕ, ਕਾਰੀਗਰ ਜਾਂ ਖੇਤੀਬਾੜੀ ਨਾਲ ਜੁੜੇ ਲੋਕਾਂ ਨੇ ਇਸ ਜ਼ੁਬਾਨ ਨੂੰ ਬੋਲਣਾ ਜਾਰੀ ਰੱਖਿਆ ਤੇ ਥਾਂ ਬਦਲਣ ਤੋਂ ਬਾਅਦ ਵੀ ਇਕ ਗੁੱਟ ਵਿਚ ਜੁੜੇ ਰਹਿ ਕੇ ਆਪਸੀ ਸਾਂਝ ਬਣਾਈ ਰੱਖੀ। ਯਾਨੀ ਰਹਿਣ ਸਹਿਣ ਬਦਲਣ ਬਾਅਦ ਵੀ ਬੱਚਿਆਂ ਨਾਲ ਤੇ ਰਿਸ਼ਤੇਦਾਰੀ ਨਾਲ ਸਭਿਆਚਾਰ ਤੇ ਜ਼ੁਬਾਨ ਦੀ ਸਾਂਝ ਵੀ ਤੰਦ ਟੁੱਟਣ ਨਾ ਦਿੱਤੀ। ਅਮੀਰ ਤਬਕਾ ਤੇ ਪੜ੍ਹੇ ਲਿਖੇ ਨੌਜਵਾਨ ਆਪਣੀ ਮਾਂ ਬੋਲੀ ਨੂੰ ਤਿਲਾਂਜਲੀ ਦੇ ਕੇ ਹਮੇਸ਼ਾ ਲਈ ਕਿਸੇ ਹੋਰ ਸਭਿਅਤਾ ਵਿਚ ਗੁੰਮ ਹੋ ਗਏ।



ਬਾਕੀ ਸਾਰੀਆਂ ਸਭਿਅਤਾਵਾਂ ਥਾਂ ਦੀ ਤਬਦੀਲੀ ਨਾਲ ਰਹਿਣ ਸਹਿਣ ਦਾ ਢੰਗ ਬਦਲ ਕੇ ਦੂਜੀ ਸਭਿਅਤਾ ਨੂੰ ਪੂਰੀ ਤਰ੍ਹਾਂ ਅਪਣਾ ਕੇ, ਆਪਣਾ ਅਸਲ ਰੂਪ, ਜ਼ੁਬਾਨ ਤੇ ਸਭਿਆਚਾਰ ਦਾ ਭੋਗ ਪਾ ਗਈਆਂ। ਉਨ੍ਹਾਂ ਸਾਰੇ ਥਾਂ ਤਬਦੀਲ ਕਰ ਕੇ ਜਾਣ ਵਾਲਿਆਂ ਨੇ ਦੂਜਾ ਸਭਿਆਚਾਰ ਤੇ ਜ਼ੁਬਾਨ ਅਪਣਾਈ ਅਤੇ ਉਨ੍ਹਾਂ ਦੇ ਬੱਚਿਆਂ ਨੇ ਅੱਗੋਂ ਆਪਣੀ ਮਾਂ ਬੋਲੀ ਦੇ ਔਖੇ ਸ਼ਬਦ ਛੱਡ ਕੇ ਦੂਜੀ ਸਭਿਅਤਾ ਦੇ ਸ਼ਾਮਲ ਕੀਤੇ ਤੇ ਤੀਜੀ ਪੁਸ਼ਤ ਤਕ ਜ਼ੁਬਾਨ ਹੌਲੀ-ਹੌਲੀ ਦਫ਼ਨ ਹੋ ਗਈ ਕਿਉਂਕਿ ਉਸ ਵਿਚ ਨਾ ਤਾਂ ਅੱਗੋਂ ਸਾਹਿਤ ਰਚਿਆ ਗਿਆ ਤੇ ਨਾ ਹੀ ਕੋਈ ਪੜ੍ਹਨ ਵਾਲਾ ਬਚਿਆ। ਉਨ੍ਹਾਂ ਦੀ ਜ਼ਬਾਨ ਬੋਲਣ ਵਾਲਿਆਂ ਦਾ ਖੁਰਾ ਖੋਜ ਹੁਣ ਇਸ ਧਰਤੀ ਉੱਤੇ ਨਹੀਂ ਮਿਲਦਾ। ਸਿਰਫ਼ ਖੰਡਰ ਹੀ ਬਚੇ ਹਨ।

ਪੰਜਾਬ ਅੰਦਰ ਝਾਤ ਮਾਰੀਏ ਤਾਂ ਪੁਰਾਣੇ ਸਮੇਂ ਤੋਂ ਹੁਣ ਤੱਕ ਇਸ ਦੇ ਏਨੇ ਟੋਟੇ ਹੋ ਚੁੱਕੇ ਹਨ ਕਿ ਆਕਾਰ ਵਜੋਂ ਚਿੜੀ ਦੀ ਬਿੱਠ ਜਿੰਨਾ ਹੀ ਰਹਿ ਗਿਆ ਹੈ। ਇਸ ਦੀ ਸਭਿਅਤਾ ਉੱਤੇ ਅਸਰ ਪਿਆ ਗੁਰੂਆਂ ਪੀਰਾਂ ਪੈਗੰਬਰਾਂ ਦੀਆਂ ਸਿੱਖਿਆਵਾਂ ਦਾ। ਮਨੁੱਖ ਨੂੰ ਉੱਚਾ ਆਚਰਣ ਰੱਖ ਕੇ, ਹੱਲ ਹਲਾਲ ਦੀ ਕਮਾਈ ਕਰਨ, ਦੂਜਿਆਂ ਦਾ ਹੱਕ ਨਾ ਮਾਰਨ, ਪਿਆਰ ਮੁਹੱਬਤ ਦੀਆਂ ਧੁਨਾਂ, ਔਰਤ ਦਾ ਸਤਿਕਾਰ, ਬੱਚਿਆਂ ਦਾ ਮਾਪਿਆਂ ਦੇ ਆਖੇ ਲੱਗਣਾ, ਖੁੱਲਾ ਡੁੱਲਾ ਸੁਭਾਅ, ਮਹਿਮਾਨ ਦਾ ਸਤਿਕਾਰ, ਖੁੱਲ੍ਹਾ ਖਾਣਾ, ਵੰਡ ਕੇ ਖਾਣਾ ਤੇ ਕਿਸੇ ਇਕ ਘਰ ਦੇ ਵਿਆਹ ਵੇਲੇ ਪੂਰੇ ਪਿੰਡ ਵੱਲੋਂ ਜਸ਼ਨ ਮਨਾਉਣਾ ਪੰਜਾਬੀ ਸਭਿਅਤਾ ਦੇ ਅੰਸ਼ ਰਹੇ ਹਨ।

ਪੰਜਾਬੀ ਸਭਿਆਚਾਰ ਵਿਚਲੀਆਂ ਤਬਦੀਲੀਆਂ ਕਿਸ ਪਾਸੇ ਵਲ ਇਸ਼ਾਰਾ ਕਰ ਰਹੀਆਂ ਹਨ ਤੇ ਕਿਸ ਤਰ੍ਹਾਂ ਦਾ ਨਿਘਾਰ ਪ੍ਰਤੱਖ ਦਿਸਣ ਲੱਗ ਪਿਆ ਹੈ, ਉਸ ਵਲ ਧਿਆਨ ਕਰੀਏ :

1. ਪੰਜਾਬ ਦੇ ਅੰਦਰ ਵੱਸ ਰਹੇ ਪੰਜਾਬੀਆਂ ਨਾਲੋਂ ਪੰਜਾਬੋਂ ਬਾਹਰ ਰੋਜ਼ੀ ਰੋਟੀ ਕਮਾਉਣ ਲਈ ਵੱਧ ਪੰਜਾਬੀ ਵਸ ਚੁੱਕੇ ਹਨ।
2. ਪੰਜਾਬ ਦੀ ਧਰਤੀ ਹੇਠਲਾ ਪਾਣੀ ਦਾ ਪੱਧਰ ਬਹੁਤ ਨੀਵਾਂ ਜਾ ਚੁੱਕਿਆ ਹੈ।
3. ਅੰਨਦਾਤੇ ਖ਼ੁਦਕੁਸ਼ੀਆਂ ਕਰਨ ਲੱਗ ਪਏ ਹਨ।
4. ਪਿਤਾ ਆਪਣੀਆਂ ਧੀਆਂ ਦਾ ਬਲਾਤਕਾਰ ਕਰਨ ਲੱਗ ਪਏ ਹਨ। ਭਰਾ ਆਪਣੀਆਂ ਭੈਣਾਂ ਨੂੰ ਚੱਬ ਰਹੇ ਹਨ।
5. ਖ਼ਬਰਾਂ ਕਿਹੋ ਜਿਹੀਆਂ ਨਸ਼ਰ ਹੋ ਰਹੀਆਂ ਹਨ : ਇਕ ਔਰਤ ਨੇ ਪਹਿਲੇ ਪਤੀ ਨੂੰ ਛੱਡ ਕੇ ਦੂਜੇ ਵਿਆਹੁਤਾ ਬੰਦੇ ਨਾਲ ਘਰ ਵਸਾ ਕੇ, ਤਿੰਨ ਬੱਚੇ ਹੋਰ ਜੰਮੇ। ਪਰ, ਦੂਜੇ ਪਤੀ ਨੇ ਪਤਨੀ ਤੇ ਤਿੰਨੋਂ ਬੱਚਿਆਂ ਦੇ ਸਿਰ ਵੱਢ ਛੱਡੇ ਅਤੇ ਤੀਜੀ ਔਰਤ ਨਾਲ ਸੰਬੰਧ ਬਣਾ ਲਏ।
6. ਬਾਜ਼ਾਰ ਵਿਚ ਪਤੀ-ਪਤਨੀ ਸੈਰ ਲਈ ਨਿਕਲਦੇ ਹਨ ਤਾਂ ਕੋਈ ਵੀ ਮਨਚਲਾ ਸ਼ਰਤ ਲਾ ਕੇ ਔਰਤ ਨੂੰ ਸੜਕ ਉੱਤੇ ਨਿਰਵਸਤਰ ਕਰ ਦਿੰਦਾ ਹੈ ਤੇ ਪੁਲੀਸ ਕੇਸ ਦਰਜ ਕਰਨ ਦੀ ਥਾਂ ਗੱਲ ਰਫ਼ਾ-ਦਫ਼ਾ ਕਰਨ ਨੂੰ ਕਹਿੰਦੀ ਹੈ।
7. ਪਿਤਾ ਆਪਣੇ ਜਵਾਈ ਤੇ ਧੀ ਨੂੰ ਕਤਲ ਕਰ ਦਿੰਦਾ ਹੈ, ਕਿਉਂਕਿ ਧੀ ਨੇ ਆਪਣੀ ਮਰਜ਼ੀ ਨਾਲ ਵਿਆਹ ਕਰਵਾਇਆ।
8. ਕੋਈ ਵੀ ਬੰਦਾ ਆਪਣਾ ਅਸਰ ਰਸੂਖ ਵਰਤ ਕੇ ਗਰਭਵਤੀ ਔਰਤ ਤੱਕ ਦਾ ਬਲਾਤਕਾਰ ਕਰ ਕੇ, ਉਸ ਨੂੰ ਮਾਰ ਕੁੱਟ ਕੇ ਜਾਂ ਕਤਲ ਕਰ ਕੇ ਬਚ ਜਾਂਦਾ ਹੈ।
9. ਇਕਤਰਫ਼ਾ ਪਿਆਰ ਦਾ ਜਵਾਬੀ ਹੁੰਗਾਰਾ ਨਾ ਮਿਲਣ ਉੱਤੇ ਚਲਦੀ ਸੜਕ ਉੱਤੇ ਮਨਚਲਾ ਆਸ਼ਿਕ ਕੁੜੀ ਉੱਤੇ ਤੇਜ਼ਾਬ ਸੁੱਟ ਦਿੰਦਾ ਹੈ ਜਾਂ ਉਸ ਦਾ ਕਤਲ ਕਰ ਦਿੰਦਾ ਹੈ ਤੇ ਰਾਹ ਚੱਲਦੇ ਬਾਕੀ ਲੋਕ ਪਾਸਾ ਵੱਟ ਕੇ ਲੰਘ ਜਾਂਦੇ ਹਨ।
10. ਨਾਬਾਲਗ ਬੱਚੀਆਂ ਦੇ ਸਮੂਹਕ ਬਲਾਤਕਾਰ ਆਮ ਗੱਲ ਬਣ ਕੇ ਰਹਿ ਗਏ ਹਨ।
11. ਨਸ਼ੇ ਦੇ ਅਸਰ ਹੇਠ ਪੁੱਤਰ ਹੀ ਮਾਂ ਦਾ ਜ਼ਬਰ ਜਨਾਹ ਕਰ ਰਹੇ ਹਨ।
12. ਗੀਤ ਸੰਗੀਤ ਵਿਚ ਲੱਚਰਤਾ ਪਰੋਸੀ ਜਾ ਰਹੀ ਹੈ। ਕਾਮ ਭੜਕਾਊ ਸਾਹਿਤ ਦੀ ਵਿਕਰੀ ਜ਼ੋਰਾਂ ਉੱਤੇ ਹੈ।
13. ਸਾਹਿਤਕਾਰਾਂ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ ਤੇ ਪੰਜਾਬੀ ਵਿਚ ਰਚੇ ਵਧੀਆ ਸਾਹਿਤ ਨੂੰ ਪ੍ਰੋਤਸਾਹਿਤ ਨਹੀਂ ਕੀਤਾ ਜਾ ਰਿਹਾ।
14. ਜ਼ੁਬਾਨ ਰੋਜ਼ੀ ਰੋਟੀ ਕਮਾਉਣ ਯੋਗ ਨਹੀਂ ਰਹੀ ਤੇ ਇਸ ਜ਼ੁਬਾਨ ਨੂੰ ਤਿਲਾਂਜਲੀ ਦੇਣ ਵਾਲੇ ਅਨੇਕ ਤਿਆਰ ਹੋ ਚੁੱਕੇ ਹਨ।
15. ਹੋਰਨਾਂ ਸੂਬਿਆਂ ਵਿਚੋਂ ਹੌਲੀ-ਹੌਲੀ ਏਨੇ ਲੋਕ ਇੱਥੇ ਆ ਕੇ ਵੱਸ ਚੁੱਕੇ ਹਨ ਕਿ ਉਨ੍ਹਾਂ ਦੀ ਜ਼ੁਬਾਨ ਤੇ ਸਭਿਆਚਾਰ ਮੌਜੂਦਾ ਵਸਨੀਕਾਂ ਉੱਤੇ ਹਾਵੀ ਹੋਣ ਲੱਗ ਪਿਆ ਹੈ।
16. ਭੰਗੜੇ ਗਿੱਧੇ ਦੀ ਥਾਂ ਡਿਸਕੋ ਨੇ ਲੈ ਲਈ ਹੈ।
17. ਪੰਜਾਬੀ ਜ਼ਬਾਨ ਨੂੰ ਛੱਡ ਕੇ ਹਿੰਦੀ ਤੇ ਅੰਗਰੇਜ਼ੀ ਜ਼ੁਬਾਨ ਨੂੰ ਤਰਜੀਹ ਦਿੱਤੀ ਜਾ ਰਹੀ ਹੈ।
18. ਪਰਵਾਸੀ ਮਜ਼ਦੂਰਾਂ ਵੱਲੋਂ ਮੰਦਬੁੱਧ ਬੱਚੀਆਂ, ਮੰਦਬੁੱਧ ਨੌਜਵਾਨ ਤੇ ਨਾਬਾਲਗ ਪੰਜਾਬੀ ਬੱਚੀਆਂ ਨਾਲ ਕੁਕਰਮਾਂ ਦੀਆਂ ਅਣਗਿਣਤ ਖ਼ਬਰਾਂ ਰੋਜ਼ ਛਪ ਰਹੀਆਂ ਹਨ।
19. ਬਾਹਰੋਂ ਖ਼ਰੀਦ ਕੇ ਲਿਆਈਆਂ ਜਾ ਰਹੀਆਂ ਨੂੰਹਾਂ ਸਦਕਾ ਅੱਗੋਂ ਜੰਮ ਰਹੇ ਬੱਚਿਆਂ ਵਿਚਲਾ ਪੰਜਾਬੀ ਜੁੱਸਾ ਤੇ ਨੁਹਾਰ ਵੀ ਤਬਦੀਲ ਹੋ ਰਹੇ ਹਨ।

ਇਹ ਸਾਰੇ ਤੱਤ ਪੰਜਾਬੀ ਸਭਿਅਤਾ ਦੇ ਵਿਗਾੜ ਤੇ ਵਿਨਾਸ਼ ਵੱਲ ਇਸ਼ਾਰਾ ਨਹੀਂ ਕਰ ਰਹੇ? ਇਹੋ ਜਿਹੀਆਂ ਅਨੇਕ ਤਬਦੀਲੀਆਂ ਜੋ ਕਾਫੀ ਸਮੇਂ ਤੋਂ ਲਗਾਤਾਰ ਦਿਸ ਰਹੀਆਂ ਹਨ, ਇਹ ਸਪਸ਼ਟ ਕਰ ਰਹੀਆਂ ਹਨ ਕਿ ਪੰਜਾਬੀ ਸਭਿਅਤਾ ਨੂੰ ਸੰਭਾਲ ਦੇ ਰੱਖਣ ਵਾਲੇ ਪਾਸੇ ਬਹੁਤਾ ਧਿਆਨ ਨਹੀਂ ਦਿੱਤਾ ਜਾ ਰਿਹਾ। ਜੇ ਇਹੀ ਹਾਲ ਰਿਹਾ ਤਾਂ ਪੰਜਾਬੀਆਂ ਦੀ ਗਿਣਤੀ ਪੰਜਾਬ ਅੰਦਰੋਂ ਘੱਟ ਕੇ ਹੋਰਨਾਂ ਮੁਲਕਾਂ ਵਿਚ ਵੱਧ ਹੋ ਜਾਵੇਗੀ ਤੇ ਪਾਣੀ ਵਿਹੂਣਾ, ਕੈਂਸਰ ਪੀੜਤ, ਨਸ਼ੇ ਦੀ ਮਾਰ ਝੱਲਦਾ ਪੰਜਾਬ ਆਪਣੀ ਮਾਤ ਭਾਸ਼ਾ ਨੂੰ ਤਿਲ-ਤਿਲ ਮਰਦਾ ਵੇਖ ਹੌਲੀ-ਹੌਲੀ ਇਸ ਨਾਲ ਜੁੜੀ ਸਭਿਅਤਾ ਦਾ ਅੰਤ ਵੀ ਵੇਖ ਲਵੇਗਾ ਕਿਉਂਕਿ ਕੁੱਖਾਂ ਖ਼ਤਮ ਕਰ ਕੇ ਪੰਜਾਬੀਆਂ ਦਾ ਜੀਨ ਵੀ ਸਾਬਤ ਨਹੀਂ ਬਚਣ ਲੱਗਿਆ।

ਉਹ ਸਭਿਆਤਾਵਾਂ ਜੋ ਖ਼ਤਮ ਹੋ ਗਈਆਂ, ਵਿਚੋਂ ਲੱਭੇ ਕਾਰਨ ਅੱਜ ਸਾਨੂੰ ਅਗਾਊਂ ਖ਼ਤਰਿਆਂ ਬਾਰੇ ਸਪਸ਼ਟ ਕਰ ਰਹੇ ਹਨ।

ਮੌਜੂਦਾ ਵਿਗੜੇ ਹਾਲਾਤ ਜੇ ਵੇਲੇ ਸਿਰ ਨਾ ਸੰਭਾਲੇ ਗਏ ਤਾਂ ਅਗਲੇ 50 ਸਾਲ ਪੰਜਾਬੀ ਸਭਿਅਤਾ ਤੇ ਜ਼ੁਬਾਨ ਉੱਤੇ ਭਾਰੇ ਸਾਬਤ ਹੋਣਗੇ। ਜੀਨ ਨੂੰ ਸਾਬਤ ਸੂਰਤ ਅਗਲੀ ਪੁਸ਼ਤ ਤੱਕ ਪਹੁੰਚਾਉਣ ਵਾਲੀ ਔਰਤ ਤਾਂ ਸਿਰਫ਼ ਖਿਡੌਣਾ ਬਣਾ ਕੇ ਰੱਖ ਦਿੱਤੀ ਗਈ ਹੈ ਤੇ ਜ਼ੁਬਾਨ...? ਪੰਜਾਬ ਦੀ ਧਰਤੀ ਛੱਡ ਚੁੱਕਿਆਂ ਦੀ ਦੂਜੀ ਪੁਸ਼ਤ ਵਿਚੋਂ ਕਿੰਨੇ ਪੰਜਾਬੀ ਵਿਚ ਸਾਹਿਤ ਰਚ ਰਹੇ ਹਨ ਤੇ ਕਿੰਨੇ ਕੁ ਪੰਜਾਬੀ ਪੜ੍ਹ ਸਕਦੇ ਹਨ, ਇਨ੍ਹਾਂ ਸਵਾਲਾਂ ਦਾ ਜਵਾਬ ਅਗਲੇ ਆਉਣ ਵਾਲੇ ਪੰਜਾਹ ਸਾਲਾਂ ਦੀ ਸਥਿਤੀ ਸਪਸ਼ਟ ਕਰ ਦੇਵੇਗਾ! ਜਿਵੇਂ ਖ਼ਤਮ ਹੋ ਚੁੱਕੀਆਂ ਸਭਿਅਤਾਵਾਂ ਵਿਚੋਂ ਕਿਸੇ ਹੋਰ ਥਾਂ ਤਬਦੀਲ ਕਰਨ ਬਾਅਦ ਸਭਿਅਤਾ ਦੁਬਾਰਾ ਨਹੀਂ ਪਨਪ ਸਕੀ ਬਲਕਿ ਦੂਜੀ ਸਭਿਅਤਾ ਵਿਚ ਦਫ਼ਨ ਹੋ ਗਈ, ਇੰਜ ਹੀ ਅਨੁਮਾਨ ਲਾਇਆ ਜਾ ਰਿਹਾ ਹੈ ਕਿ ਦੂਜੇ ਮੁਲਕਾਂ ਵਿਚ ਵਸੇ ਪੰਜਾਬੀਆਂ ਦੀ ਤੀਜੀ ਪੁਸ਼ਤ ਉਸੇ ਮੁਲਕ ਦਾ ਹਿੱਸਾ ਕਹਾਈ ਜਾਏਗੀ ਜਿੱਥੇ ਉਹ ਵੱਸ ਰਹੇ ਹਨ, ਨਾ ਕਿ ਪੰਜਾਬੀ ਸੂਬੇ ਦਾ ਹਿੱਸਾ! ਸੋਚਣ ਵਾਲੀ ਗੱਲ ਇਹ ਹੈ ਕਿ ਪੰਜਾਬੀ ਜ਼ੁਬਾਨ ਜਾਂ ਪੰਜਾਬੀ ਸਭਿਅਤਾ ਨੂੰ ਪੂਰਨ ਰੂਪ ਵਿਚ ਤੋਰ ਸਕਣ ਵਾਲੇ ਪੰਜਾਬ ਅੰਦਰ ਕਿੰਨੇ ਕੁ ਬਚਣਗੇ ਜਦੋਂ ਭਾਸ਼ਾ ਵਿਭਾਗ ਵਰਗੇ ਵਿਭਾਗਾਂ ਦੀਆਂ ਗਰਾਂਟਾਂ ਬੰਦ ਕਰ ਕੇ ਸੰਘ ਘੋਟਿਆ ਜਾ ਰਿਹਾ ਹੋਵੇ ਅਤੇ ਸਾਹਿਤ ਸਭਾਵਾਂ ਪ੍ਰਤੀ ਸਰਕਾਰਾਂ ਦਾ ਨਕਾਰਾਤਮਕ ਰਵੱਈਆ ਹੋਵੇ ਤੇ ਦੂਜੇ ਪਾਸੇ ਅੰਗ੍ਰੇਜ਼ੀ ਜ਼ੁਬਾਨ ਨੂੰ ਸਿਖਾਉਣ ਵਾਲੇ ਤੇ ਪੰਜਾਬੋਂ ਬਾਹਰ ਧੱਕਣ ਵਾਲੇ ਸੈਂਟਰ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਕਰ ਰਹੇ ਹੋਣ! ਰਬ ਹੀ ਰਾਖਾ ਹੈ ਪੰਜਾਬੀ ਸਭਿਅਤਾ ਦਾ!

## ਗੁਰਦੁਆਰਾ ਬਹਾਦਰਗੜ੍ਹ ਦੇ ਲਾਂਘੇ ਲਈ ਕੇਂਦਰ ਕੋਲ ਕੀਤੀ ਫਰਿਆਦ

**ਪਟਿਆਲਾ/ਬਿਊਰੋ ਨਿਊਜ਼ :** ਰਾਜਪੁਰਾ ਰੋਡ 'ਤੇ ਹਲਕਾ ਸਨੌਰ ਅਧੀਨ ਪੈਂਦੇ ਗੁਰਦੁਆਰਾ ਪਾਤਸ਼ਾਹੀ ਨੌਵੀਂ, ਬਹਾਦਰਗੜ੍ਹ ਲਈ ਓਵਰਬ੍ਰਿਜ ਹੇਠੋਂ ਲਾਂਘਾ ਛੁਡਵਾਉਣ ਦਾ ਮਾਮਲਾ ਕੇਂਦਰ ਸਰਕਾਰ ਕੋਲ ਪੁੱਜ ਗਿਆ ਹੈ। ਇਲਾਕਾ ਵਾਸੀਆਂ ਵੱਲੋਂ ਲੋਕ ਸਭਾ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਰਾਹੀਂ ਕੇਂਦਰੀ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਨੂੰ ਭੇਜੇ ਮੰਗ ਪੱਤਰ ਤਹਿਤ 13 ਜੁਲਾਈ ਨੂੰ ਮੀਟਿੰਗ ਦਾ ਸਮਾਂ ਮਿਲਿਆ ਹੈ। ਹਲਕਾ ਸਨੌਰ ਦੇ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਦੀ ਅਗਵਾਈ ਹੇਠ ਵਫ਼ਦ ਕੇਂਦਰੀ ਮੰਤਰੀ ਨਾਲ ਮੁਲਾਕਾਤ ਕਰੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਗੁਰਦੁਆਰਾ ਪਾਤਸ਼ਾਹੀ ਨੌਵੀਂ ਵਿੱਚ ਸੰਗਤ ਦੀ ਕਾਫ਼ੀ ਆਮਦ ਰਹਿੰਦੀ ਹੈ ਪਰ ਰਾਜਪੁਰਾ ਰੋਡ ਸਥਿਤ ਇਸ ਗੁਰਦੁਆਰੇ ਅੱਗੇ ਬਣ ਰਹੇ ਓਵਰਬ੍ਰਿਜ ਹੇਠੋਂ ਲਾਂਘਾ ਨਾ ਰੱਖੇ ਜਾਣ ਕਾਰਨ ਸੰਗਤ ਵਿੱਚ ਰੋਸ ਹੈ। ਇਸ ਕਰ ਕੇ ਇਲਾਕਾ ਵਾਸੀਆਂ ਵੱਲੋਂ ਗੁਰਦੁਆਰੇ ਅੱਗੇ ਲਾਂਘਾ ਰਖਵਾਉਣ ਲਈ ਜ਼ੋਰ-ਅਜ਼ਮਾਈ ਕੀਤੀ ਜਾ ਰਹੀ ਹੈ। ਪਿਛਲੇ ਦਿਨੀਂ ਸਨੌਰ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਜਰਨੈਲ ਸਿੰਘ ਕਰਤਾਰਪੁਰ ਤੇ ਗੁਰਦੁਆਰੇ ਦੇ ਮੈਨੇਜਰ ਰਣਜੀਤ ਸਿੰਘ ਗਾਜੀਪੁਰ ਸਮੇਤ ਹੋਰਾਂ ਨੇ ਸੰਸਦ ਮੈਂਬਰ ਚੰਦੂਮਾਜਰਾ ਨੂੰ ਕੇਂਦਰੀ ਮੰਤਰੀ ਨਿਤਿਨ ਗਡਕਰੀ ਦੇ ਨਾਮ ਮੰਗ ਪੱਤਰ ਦਿੱਤਾ ਸੀ। ਵਿਧਾਇਕ ਹਰਿੰਦਰਪਾਲ ਚੰਦੂਮਾਜਰਾ ਨੇ ਦੱਸਿਆ ਕਿ ਉਨ੍ਹਾਂ ਨੂੰ 13 ਜੁਲਾਈ ਨੂੰ ਮੀਟਿੰਗ ਦਾ ਸਮਾਂ ਮਿਲ ਗਿਆ ਹੈ। ਇਲਾਕੇ ਦੇ ਵਫ਼ਦ ਵੱਲੋਂ ਸ੍ਰੀ ਗਡਕਰੀ ਤੋਂ ਗੁਰਦੁਆਰੇ ਲਈ ਲਾਂਘਾ ਰਖਵਾਉਣ ਦੀ ਮੰਗ ਕੀਤੀ ਜਾਵੇਗੀ।

## ਨਿਊ ਦੀਪ ਕੰਪਨੀ ਦੀ ਬੱਸ ਨੇ ਬਜ਼ੁਰਗ ਦਰੜਿਆ

***ਗੁੱਸੇ 'ਚ ਆਏ ਲੋਕਾਂ ਨੇ ਬੱਸ ਦੀ ਕੀਤੀ ਭੰਨ-ਤੋੜ***

**ਫ਼ਰੀਦਕੋਟ/ਕੋਟਕਪੂਰਾ/ਬਿਊਰੋ ਨਿਊਜ਼:** ਪਿੰਡ ਪੱਕਾ ਨੇੜੇ ਫ਼ਰੀਦਕੋਟ-ਤਲਵੰਡੀ ਰੋਡ 'ਤੇ ਅਕਾਲੀ ਆਗੂ ਡਿੰਪੀ ਢਿੱਲੋਂ ਦੀ ਮਲਕੀ ਵਾਲੀ ਨਿਊ ਦੀਪ ਕੰਪਨੀ ਦੀ ਬੱਸ ਨੇ ਪਿੰਡ ਭਾਣਾ ਦੇ ਬਜ਼ੁਰਗ ਨੂੰ ਆਪਣੀ ਲਪੇਟ ਵਿੱਚ ਲੈ ਲਿਆ, ਜਿਸ ਕਾਰਨ ਬਜ਼ੁਰਗ ਦੀ ਮੌਕੇ 'ਤੇ ਹੀ ਮੌਤ ਹੋ ਗਈ। ਚਾਲਕ ਨੇ ਬੱਸ ਨੂੰ ਭਜਾਉਣ ਦੀ ਕੋਸ਼ਿਸ਼ ਕੀਤੀ ਪਰ ਪਿੰਡ ਵਾਸੀਆਂ ਨੇ ਘਟਨਾ ਸਥਾਨ ਤੋਂ ਪੰਜ ਕਿਲੋਮੀਟਰ ਦੂਰ ਪਿੰਡ ਚੰਦਬਾਜਾ ਕੋਲ ਘੇਰ ਕੇ ਬੱਸ ਦੀ ਭੰਨ-ਤੋੜ ਕੀਤੀ ਅਤੇ ਬੱਸ ਕੰਪਨੀ ਖ਼ਿਲਾਫ਼ ਸੜਕ ਜਾਮ ਕਰ ਕੇ ਰੋਸ ਮੁਜ਼ਾਹਰਾ ਕੀਤਾ। ਚਸ਼ਮਦੀਦਾਂ ਨੇ ਦੋਸ਼ ਲਾਇਆ ਕਿ ਬੱਸ ਤੇਜ਼ ਰਫ਼ਤਾਰ ਸੀ ਤੇ ਚਾਲਕ ਦੀ ਅਣਗਹਿਲੀ ਕਾਰਨ ਬਜ਼ੁਰਗ ਦੀ ਮੌਤ ਹੋਈ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਜੰਗ ਸਿੰਘ (60) ਪੁੱਤਰ ਗੱਜਣ ਸਿੰਘ ਪਿੰਡ ਪੱਕਾ ਤੋਂ ਸਾਈਕਲ 'ਤੇ ਆਪਣੇ ਪਿੰਡ ਭਾਣਾ ਜਾ ਰਿਹਾ ਸੀ। ਜਦੋਂ ਉਹ ਮੁੱਖ ਸੜਕ 'ਤੇ ਚੜ੍ਹਿਆ ਤਾਂ ਦੀਪ ਬੱਸ ਨੇ ਉਸ ਨੂੰ ਟੱਕਰ ਮਾਰ ਦਿੱਤੀ ਅਤੇ ਕੁਝ ਕਰਮਾਂ ਤੱਕ ਘੜੀਸ ਕੇ ਲੈ ਗਈ। ਲੋਕਾਂ ਵੱਲੋਂ ਬੱਸ ਭੰਨੇ ਜਾਣ ਤੋਂ ਬਾਅਦ ਕੰਡਕਟਰ ਮੌਕੇ ਤੋਂ ਫ਼ਰਾਰ ਹੋ ਗਿਆ। ਇਹ ਬੱਸ ਅੰਮ੍ਰਿਤਸਰ ਤੋਂ ਬਠਿੰਡਾ ਜਾ ਰਹੀ ਸੀ। ਬੱਸ ਚਾਲਕ ਨੂੰ ਲੋਕਾਂ ਨੇ ਹੀ ਕਾਬੂ ਕਰ ਕੇ ਪੁਲੀਸ ਹਵਾਲੇ ਕੀਤਾ। ਕੋਟਕਪੂਰਾ (ਦਿਹਾਤੀ) ਪੁਲੀਸ ਨੇ ਬੱਸ ਚਾਲਕ ਕੇਵਲ ਸਿੰਘ ਵਾਸੀ ਭੋਖੜਾ (ਬਠਿੰਡਾ) ਖ਼ਿਲਾਫ਼ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

# ਐਸ.ਵਾਈ. ਐਲ. ਨਿਰਮਾਣ ਨੂੰ ਲੈ ਕੇ ਇਨੈਲੋ ਨੇ ਪੰਜਾਬ ਦੇ ਵਾਹਨ ਹਰਿਆਣਾ 'ਚ ਦਾਖ਼ਲ ਨਾ ਹੋਣ ਦਿੱਤੇ

*• ਇਨੈਲੋ ਵੱਲੋਂ ਸੰਘਰਸ਼ ਦੇ ਅਗਲੇ ਪੜਾਅ ਦਾ ਐਲਾਨ ਛੇਤੀ • ਕਾਂਗਰਸ ਨੇ ਅੰਦੋਲਨ ਨੂੰ ਭਾਜਪਾ-ਇਨੈਲੋ ਦਾ ਫਿਕਸਡ ਮੈਚ ਦੱਸਿਆ*

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਵਾਹਨਾਂ ਨੂੰ ਹਰਿਆਣਾ ਵਿੱਚ ਦਾਖ਼ਲ ਹੋਣ ਤੋਂ ਰੋਕਣ ਲਈ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦਾ ਅੰਦੋਲਨ ਸ਼ਾਂਤਮਈ ਢੰਗ ਨਾਲ ਨਿੱਬੜ ਗਿਆ। ਪੰਜਾਬ ਅਤੇ ਹਰਿਆਣਾ ਪੁਲੀਸ ਨੇ ਕਿਸੇ ਅਣਸੁਖਾਵੀਂ ਘਟਨਾ ਦੇ ਮੱਦੇਨਜ਼ਰ ਤਕੜੇ ਸੁਰੱਖਿਆ ਪ੍ਰਬੰਧ ਕੀਤੇ ਸਨ। ਹਰਿਆਣਾ ਵਿੱਚ ਨੀਮ ਫੌਜੀ ਬਲਾਂ ਦੀਆਂ ਚਾਰ ਕੰਪਨੀਆਂ ਤਾਇਨਾਤ ਕੀਤੀਆਂ ਹੋਈਆਂ ਸਨ।

ਹਰਿਆਣਾ ਪੁਲੀਸ ਅੰਦੋਲਨਕਾਰੀਆਂ ਦੇ ਨੇੜੇ ਨਹੀਂ ਗਈ ਅਤੇ ਅੰਦੋਲਨਕਾਰੀ ਸੜਕਾਂ 'ਤੇ ਟਰੈਕਟਰ-ਟਰਾਲੀਆਂ ਖੜ੍ਹੀਆਂ ਕਰ ਕੇ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦੇ ਰਹੇ। ਪੰਜਾਬ ਸਰਕਾਰ ਨੇ ਹਰਿਆਣਾ ਵੱਲ ਸਵੇਰੇ ਸਾਢੇ ਛੇ-ਸੱਤ ਵਜੇ ਤੋਂ ਬਾਅਦ ਸਰਕਾਰੀ ਬੱਸਾਂ ਚਲਾਉਣੀਆਂ ਬੰਦ ਕਰ ਦਿੱਤੀਆਂ ਸਨ। ਇਸ ਕਰ ਕੇ ਅੰਦੋਲਨਕਾਰੀਆਂ ਨੇ ਨਿੱਜੀ ਵਾਹਨਾਂ ਨੂੰ ਹੀ ਰੋਕਿਆ। ਅੰਦੋਲਨ ਖ਼ਤਮ ਹੋਣ ਵੇਲੇ ਤੱਕ ਸੀਨੀਅਰ ਅਧਿਕਾਰੀ ਸਥਿਤੀ ਦਾ ਜਾਇਜ਼ਾ ਲੈਂਦੇ ਰਹੇ। ਅੰਦੋਲਨਕਾਰੀਆਂ ਨੇ ਤਿੰਨ ਵਜੇ ਧਰਨੇ ਖ਼ਤਮ ਕਰ ਦਿੱਤੇ, ਜਿਸ ਤੋਂ ਅੱਧੇ ਘੰਟੇ ਬਾਅਦ ਪੰਜਾਬ ਰੋਡਵੇਜ਼ ਅਤੇ ਪੀਆਰਟੀਸੀ ਦੀਆਂ ਬੱਸਾਂ ਚੱਲਣੀਆਂ ਸ਼ੁਰੂ ਹੋ ਗਈਆਂ। ਇਨੈਲੋ ਆਗੂਆਂ ਅਭੈ ਚੌਟਾਲਾ, ਅਸ਼ੋਕ ਅਰੋੜਾ, ਦੁਸ਼ਿਅੰਤ ਚੌਟਾਲਾ ਨੇ ਸ਼ੰਭੂ ਅਤੇ ਲਾਲੜੂ ਨੇੜੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਅੰਦੋਲਨ ਨੂੰ ਸਫ਼ਲ ਦੱਸਿਆ। ਉਨ੍ਹਾਂ ਦਾਅਵਾ ਕੀਤਾ ਕਿ ਇਨੈਲੋ ਦਰਿਆਈ ਪਾਣੀ ਵਿੱਚੋਂ ਸੂਬੇ ਦਾ ਹਿੱਸਾ ਲੈ ਕੇ ਰਹੇਗੀ। ਉਨ੍ਹਾਂ ਕਿਹਾ ਕਿ ਇਨੈਲੋ ਕਾਰਜਕਾਰਨੀ ਦੀ ਜਲਦੀ ਮੀਟਿੰਗ ਕਰ ਕੇ ਅੰਦੋਲਨ ਦੇ ਅਗਲੇ ਪੜਾਅ ਦਾ ਐਲਾਨ ਕੀਤਾ ਜਾਵੇਗਾ। ਆਗੂਆਂ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਲਿੰਕ ਨਹਿਰ ਦੀ ਉਸਾਰੀ ਕਰਵਾ ਕੇ ਹਰਿਆਣਾ ਨੂੰ ਪਾਣੀ ਦੇਣ ਦਾ ਪ੍ਰਬੰਧ ਕਰੇ। ਅੰਬਾਲਾ ਵਿੱਚ ਦੋ ਥਾਵਾਂ, ਕੈਥਲ ਅਤੇ ਨਰਵਾਣਾ ਹਲਕੇ ਵਿੱਚ ਅਤੇ ਸਿਰਸਾ ਜ਼ਿਲ੍ਹੇ ਦੇ ਡੱਬਵਾਲੀ ਵਿੱਚ ਸੜਕਾਂ 'ਤੇ ਸਾਢੇ ਨੌਂ ਤੋਂ ਦਸ ਵਜੇ ਤੱਕ ਸਵੇਰੇ ਧਰਨੇ ਲਾਏ ਗਏ ਸਨ। ਹਰੇਕ ਧਰਨੇ ਵਿੱਚ ਲਗਪਗ ਸੱਤ, ਅੱਠ ਸੌ ਵਰਕਰ ਸ਼ਾਮਲ ਸਨ। ਅੰਦੋਲਨ ਬਾਰੇ



ਕਾਂਗਰਸ ਦਾ ਕਹਿਣਾ ਹੈ ਕਿ ਇਹ ਭਾਜਪਾ ਸਰਕਾਰ ਤੇ ਇਨੈਲੋ ਦਾ ਫਿਕਸਡ ਮੈਚ ਸੀ। ਇਸ ਕਰ ਕੇ ਪੰਜਾਬ ਦੇ ਵਾਹਨਾਂ ਨੂੰ ਹਰਿਆਣਾ ਵਿੱਚ ਆਉਣ ਤੋਂ ਰੋਕਣ ਵਾਲੇ ਇਨੈਲੋ ਵਰਕਰਾਂ ਨੂੰ ਕਿਸੇ ਨੇ ਕੁਝ ਨਹੀਂ ਕਿਹਾ। ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਕਿ ਸੂਬੇ ਦੀਆਂ ਸਾਰੀਆਂ ਪਾਰਟੀਆਂ ਇਕਜੁੱਟ ਹੋ ਕੇ ਕੇਂਦਰ ਸਰਕਾਰ ਉਤੇ ਨਹਿਰ ਨੂੰ ਚਾਲੂ ਕਰਨ ਲਈ ਦਬਾਅ ਪਾਉਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਸਰਬ ਪਾਰਟੀ ਮੀਟਿੰਗ ਵਿੱਚ ਵਾਅਦਾ ਕੀਤਾ ਸੀ ਕਿ ਸਾਰੀਆਂ ਪਾਰਟੀਆਂ ਉਤੇ ਆਧਾਰਤ ਵਫ਼ਦ ਪ੍ਰਧਾਨ ਮੰਤਰੀ ਨੂੰ ਮਿਲੇਗਾ ਤੇ ਨਹਿਰ ਦੀ ਉਸਾਰੀ 'ਤੇ ਜ਼ੋਰ ਦੇਵੇਗਾ ਪਰ ਕਈ ਮਹੀਨੇ ਬੀਤਣ 'ਤੇ ਵੀ ਪ੍ਰਧਾਨ ਮੰਤਰੀ ਨਾਲ ਮੀਟਿੰਗ ਨਹੀਂ ਹੋ ਸਕੀ। ਕਾਂਗਰਸ ਵਿਧਾਇਕ ਦਲ ਦੀ ਨੇਤਾ ਕਿਰਨ ਚੌਧਰੀ ਨੇ ਕਿਹਾ ਹੈ ਕਿ ਇਨੈਲੋ ਤੇ ਭਾਜਪਾ ਆਪਸ ਵਿੱਚ ਮਿਲੇ ਹੋਏ ਹਨ। ਇਸ ਦਾ ਸਪਸ਼ਟ ਸਬੂਤ ਇਨੈਲੋ ਵੱਲੋਂ ਰਾਸ਼ਟਰਪਤੀ ਦੀ ਚੋਣ ਵਿੱਚ ਭਾਜਪਾ ਉਮੀਦਵਾਰ ਦੀ ਹਮਾਇਤ ਕਰਨਾ ਹੈ। ਚੰਡੀਗੜ੍ਹ ਤੋਂ ਅੰਬਾਲਾ ਮਾਰਗ 'ਤੇ ਚਾਰ-ਪੰਜ ਥਾਵਾਂ 'ਤੇ ਟਰੈਫਿਕ ਨੂੰ ਹੋਰ ਰਸਤਿਆਂ ਤੋਂ ਭੇਜਿਆ ਗਿਆ। ਚੰਡੀਗੜ੍ਹ ਬੱਸ ਅੱਡੇ ਤੋਂ ਬੱਸਾਂ ਵਾਇਆ ਪੰਚਕੂਲਾ ਅੰਬਾਲਾ ਗਈਆਂ। ਇਸ ਤਰ੍ਹਾਂ ਡੇਰਾਬਸੀ ਤੋਂ ਦੋ ਥਾਵਾਂ ਤੋਂ, ਦੱਪਰ ਪਿੰਡ ਤੋਂ ਅਤੇ ਲਾਲੜੂ ਤੋਂ ਵੀ ਟਰੈਫਿਕ ਨੂੰ ਹੋਰ ਰਸਤਿਓਂ ਭੇਜਿਆ ਗਿਆ। ਇਸ ਕਰ ਕੇ ਨਿੱਜੀ ਵਾਹਨਾਂ ਵਾਲਿਆਂ ਨੂੰ ਬਹੁਤੀ ਦਿੱਕਤ ਨਹੀਂ ਆਈ।

*ਸ.ਫਾ ਇਕ ਦੀ ਬਾਕੀ*

## ਸੁਪਰੀਮ ਕੋਰਟ ਪੰਜਾਬ ਦੇ ਰਵੱਈਏ ਤੋਂ ਨਾਰਾਜ਼

ਸੁਪਰੀਮ ਕੋਰਟ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਲਈ ਇਹ ਲਾਜ਼ਮੀ ਹੈ ਕਿ ਉਹ ਸਤਲੁਜ-ਯਮੁਨਾ ਲਿੰਕ ਨਹਿਰ ਸਬੰਧੀ ਇਸ ਦੇ ਫ਼ੈਸਲੇ ਦਾ ਸਤਿਕਾਰ ਕਰਦਿਆਂ ਉਸ ਨੂੰ ਅਮਲ ਵਿੱਚ ਲਿਆਉਣ। ਅਦਾਲਤ ਨੇ ਦੋਵਾਂ ਸਰਕਾਰਾਂ ਨੂੰ ਇਹ ਯਕੀਨੀ ਬਣਾਉਣ ਦਾ ਹੁਕਮ ਵੀ ਦਿੱਤਾ ਕਿ ਇਸ ਮਾਮਲੇ ਉਤੇ ਕੋਈ ਅੰਦੋਲਨ ਨਾ ਹੋਵੇ।

ਸੁਪਰੀਮ ਕੋਰਟ ਦੇ ਜਸਟਿਸ ਦੀਪਕ ਮਿਸ਼ਰਾ, ਜਸਟਿਸ ਅਮਿਤਵਾ ਰਾਏ ਤੇ ਜਸਟਿਸ ਐਮ.ਏ. ਖਾਨਵਿਲਕਰ ਦੇ ਬੈਂਚ ਨੇ ਕਿਹਾ ਸੂਬਾ ਸਰਕਾਰਾਂ ਦੀ 'ਲਾਜ਼ਮੀ ਡਿਊਟੀ' ਹੈ ਕਿ ਉਹ ਅਦਾਲਤ ਦੇ ਫ਼ੈਸਲੇ ਦਾ ਪਾਲਣ ਕਰਨ। ਬੈਂਚ ਨੇ ਇਹ ਹੁਕਮ ਅਟਾਰਨੀ ਜਨਰਲ ਕੇ.ਕੇ. ਵੇਣੂਗੋਪਾਲ ਵੱਲੋਂ ਇਹ ਦਲੀਲ ਦਿੱਤੇ ਜਾਣ ਤੋਂ ਬਾਅਦ ਸੁਣਾਏ ਕਿ ਕੇਂਦਰ ਵੱਲੋਂ ਦੋਵਾਂ ਪੰਜਾਬ ਅਤੇ ਹਰਿਆਣਾ ਦੀ ਸੁਲ੍ਹਾ ਕਰਾਉਣ ਦੀ 'ਪੂਰੀ ਕੋਸ਼ਿਸ਼' ਕੀਤੀ ਜਾ ਰਹੀ ਹੈ, ਤਾਂ ਕਿ ਅਦਾਲਤ ਦੇ ਹੁਕਮਾਂ ਨੂੰ ਪੁਰਅਮਨ ਢੰਗ ਨਾਲ ਅਮਲ ਵਿੱਚ ਲਿਆਂਦਾ ਜਾ ਸਕੇ। ਬੈਂਚ ਨੇ ਕਿਹਾ, "ਦੋਵਾਂ ਸੂਬਿਆਂ ਦੇ ਅਧਿਕਾਰੀ ਚੇਤੇ ਰੱਖਣ ਕਿ ਅਦਾਲਤ ਵੱਲੋਂ ਜਾਰੀ ਫ਼ੈਸਲੇ ਦਾ ਸਤਿਕਾਰ ਹੋਵੇ ਤੇ ਇਸ ਨੂੰ ਲਾਜ਼ਮੀ ਲਾਗੂ ਕੀਤਾ ਜਾਵੇ।" ਸੁਣਵਾਈ ਦੌਰਾਨ ਸ੍ਰੀ ਵੇਣੂਗੋਪਾਲ ਨੇ ਦੱਸਿਆ ਕਿ ਕੇਂਦਰੀ ਪਾਣੀ ਵਸੀਲਾ ਮੰਤਰੀ ਉਮਾ ਭਾਰਤੀ ਨੇ ਦੋਵਾਂ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਮੁਲਾਕਾਤ ਕੀਤੀ ਸੀ ਅਤੇ ਕੇਂਦਰ ਨੂੰ ਉਮੀਦ ਹੈ ਕਿ ਮਾਮਲੇ ਉਤੇ ਸਹਿਮਤੀ ਬਣ ਜਾਵੇਗੀ। ਹਰਿਆਣਾ ਵੱਲੋਂ ਪੇਸ਼ ਵਕੀਲ ਸ਼ਿਆਮ ਦੀਵਾਨ ਨੇ ਕਿਹਾ ਕਿ ਨਹਿਰ ਦੀ ਉਸਾਰੀ ਵਿੱਚ ਬਹੁਤ ਦੇਰੀ ਹੋ ਰਹੀ ਹੈ।

**ਹਰਿਆਣਾ ਨੂੰ ਪਹਿਲਾਂ ਹੀ ਮਿਲ ਰਿਹੈ ਵਾਧੂ ਪਾਣੀ :** ਪੰਜਾਬ ਸਰਕਾਰ ਦਰਿਆਈ ਪਾਣੀਆਂ ਸਮੇਤ ਹੋਰ ਮਸਲੇ ਹੱਲ ਕਰਨ ਲਈ ਹਰਿਆਣਾ ਨਾਲ ਗੱਲਬਾਤ ਵਾਸਤੇ ਤਿਆਰ ਹੈ, ਬਸ਼ਰਤੇ ਸੂਬੇ ਨੂੰ 60:40 ਦੇ ਅਨੁਪਾਤ ਵਿਚ ਪਾਣੀ ਮਿਲੇ ਅਤੇ ਦਰਿਆਵਾਂ ਵਿਚਲੇ ਪਾਣੀ ਦਾ ਨਵੇਂ ਸਿਰੇ ਤੋਂ ਜਾਇਜ਼ਾ ਲਿਆ ਜਾਵੇ। ਜਾਣਕਾਰੀ ਮੁਤਾਬਕ ਪੰਜਾਬ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਨੇ ਕੁਝ ਦਿਨ ਪਹਿਲਾਂ ਪਾਣੀ ਸੋਮਿਆਂ ਬਾਰੇ ਕੇਂਦਰੀ ਮੰਤਰੀ ਉਮਾ ਭਾਰਤੀ ਨਾਲ ਗੱਲਬਾਤ ਕਰਨ ਸਮੇਂ ਸੂਬੇ ਦਾ ਪੱਖ ਉਨ੍ਹਾਂ ਕੋਲ ਰੱਖਿਆ ਸੀ। ਅਧਿਕਾਰੀਆਂ ਨੇ ਕੇਂਦਰੀ ਮੰਤਰੀ ਨੂੰ ਦੱਸਿਆ ਸੀ ਕਿ ਦੋਵੇ ਸੂਬਿਆਂ ਦੀ ਵੰਡ 60:40 ਦੇ ਅਨੁਪਾਤ ਵਿਚ ਹੋਈ ਹੈ। ਸਾਰਾ ਕੁਝ ਇਸੇ ਅਨੁਪਾਤ ਵਿਚ ਵੰਡਿਆ ਗਿਆ ਹੈ ਪਰ ਪਾਣੀਆਂ ਦੀ ਵੰਡ ਸਹੀ ਢੰਗ ਨਾਲ ਨਹੀਂ ਹੋਈ ਜਿਸ ਕਰ ਕੇ ਦੋਵਾਂ ਰਾਜਾਂ ਦੇ ਪੁਨਰਗਠਨ ਵੇਲੇ 1966 ਵਿਚ ਪੰਜਾਬ ਨੂੰ ਪਾਣੀਆਂ ਦੀ ਵੰਡ ਵਿਚੋਂ 60 ਫੀਸਦੀ ਹਿੱਸਾ ਨਹੀਂ ਮਿਲਿਆ ਤੇ ਹਰਿਆਣਾ ਪਹਿਲਾਂ ਹੀ ਆਪਣੇ ਹਿੱਸੇ ਨਾਲੋਂ ਵੱਧ ਪਾਣੀ ਲੈ ਰਿਹਾ ਹੈ। ਪਾਣੀਆਂ ਦੀ ਵੰਡ ਵਿਚ ਯਮੁਨਾ ਦਾ ਪਾਣੀ ਸ਼ਾਮਲ ਹੀ ਨਹੀਂ ਕੀਤਾ ਗਿਆ। ਇਸ ਲਈ ਇਸ ਵੰਡ ਨੂੰ ਦਰੁਸਤ ਕਰਨ ਦੀ ਲੋੜ ਹੈ।

ਨਾਲ ਹੀ ਜਦੋਂ ਪਾਣੀਆਂ ਦੀ ਵੰਡ ਕੀਤੀ ਗਈ ਸੀ, ਉਦੋਂ ਦਰਿਆਵਾਂ ਵਿਚ ਪਾਣੀ ਦਾ ਵਹਾਅ ਵੱਧ ਸੀ ਪਰ ਪਿਛਲੇ ਸਮੇਂ ਗਲੇਸ਼ੀਅਰ ਪਿਘਲਣ ਕਰ ਕੇ ਪਾਣੀ ਦਾ ਪੱਧਰ ਕਾਫੀ ਘਟ ਗਿਆ ਹੈ। ਇਸ ਲਈ ਦਰਿਆਈ ਪਾਣੀਆਂ ਦਾ ਮੁੜ ਜਾਇਜ਼ਾ ਲਿਆ ਜਾਵੇ। ਪੰਜਾਬ ਦਾ ਇਹ ਸਟੈਂਡ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਵਾਰ-ਵਾਰ ਦੁਹਰਾ ਚੁੱਕੇ ਹਨ।

ਇਕ ਸੀਨੀਅਰ ਅਧਿਕਾਰੀ ਨੇ ਦਸਿਆ ਕਿ ਲਿੰਕ ਨਹਿਰ ਦੀ ਉਸਾਰੀ ਦਾ ਮਾਮਲਾ ਇੰਨਾ ਆਸਾਨ ਨਹੀਂ ਰਹਿ ਗਿਆ, ਕਿਉਂਕਿ ਪਿਛਲੀ ਸਰਕਾਰ ਜ਼ਮੀਨ ਲਈ ਐਕਵਾਇਰ ਕੀਤੀ ਜ਼ਮੀਨ ਕਿਸਾਨਾਂ ਨੂੰ ਵਾਪਸ ਕਰ ਕੇ ਇੰਤਕਾਲ ਉਨ੍ਹਾਂ ਦੇ ਨਾਂ ਚੜ੍ਹਾ ਚੁੱਕੀ ਹੈ। ਨਵੇਂ ਭੌਂਪ੍ਰਾਪਤੀ ਐਕਟ ਮੁਤਾਬਕ ਕਿਸਾਨਾਂ ਦੀ ਸਹਿਮਤੀ ਬਿਨਾਂ ਜ਼ਮੀਨ ਐਕਵਾਇਰ ਕਰਨੀ ਸੌਖੀ ਨਹੀਂ ਹੈ। ਕੇਂਦਰ ਸਰਕਾਰ ਪੰਜਾਬ ਵਿਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਡਿੱਗਣ ਤੋਂ ਜਾਣੂ ਹੈ ਤੇ ਇਸ ਲਈ ਕੇਂਦਰ ਨੇ ਰਾਵੀ ਦਾ ਪਾਣੀ ਪਾਕਿਸਤਾਨ ਨੂੰ ਜਾਣ ਤੋਂ ਰੋਕਣ ਲਈ ਪਿਛਲੇ ਦਿਨੀਂ ਪੰਜਾਬ ਅਤੇ ਜੰਮੂ ਕਸ਼ਮੀਰ ਦੇ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਸੱਦੀ ਸੀ। ਮੀਟਿੰਗ ਵਿਚ ਸ਼ਾਹਪੁਰ ਕੰਢੀ ਡੈਮ ਨੂੰ ਜਲਦੀ ਮੁਕੰਮਲ ਕਰਨ 'ਤੇ ਜ਼ੋਰ ਦਿਤਾ ਗਿਆ।

**ਕੈਪਟਨ ਵੱਲੋਂ ਫੈਸਲੇ ਦਾ ਸਵਾਗਤ :** ਸਤਲੁਜ-ਯਮੁਨਾ ਲਿੰਕ ਨਹਿਰ ਦਾ ਮਾਮਲਾ ਸੁਲਝਾਉਣ ਲਈ ਸੁਪਰੀਮ ਕੋਰਟ ਵੱਲੋਂ ਦੋ ਮਹੀਨਿਆਂ ਦਾ ਸਮਾਂ ਦੇਣ ਦਾ ਸਵਾਗਤ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਕ ਵਾਰ ਫਿਰ ਕੇਂਦਰ ਨੂੰ ਇਸ ਮਸਲੇ ਦਾ ਹੱਲ ਛੇਤੀ ਕੱਢਣ ਲਈ ਹਰਿਆਣਾ ਨਾਲ ਗੱਲਬਾਤ ਤੋਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਦੁਹਰਾਇਆ ਕਿ ਸਮੱਸਿਆ ਦਾ ਹੱਲ ਆਪਸੀ ਗੱਲਬਾਤ ਰਾਹੀਂ ਹੀ ਕੱਢਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪਾਣੀ ਵਰਗੇ ਜ਼ਰੂਰੀ ਵਸੀਲੇ ਤੋਂ ਕਿਸੇ ਨੂੰ ਵੀ ਵਾਂਝਾ ਨਹੀਂ ਰੱਖਣਾ ਚਾਹੁੰਦਾ ਪਰ ਸੂਬੇ ਵਿੱਚ ਪਾਣੀ ਦੀ ਗੰਭੀਰ ਥੁੜ੍ਹ ਹੋਣ ਕਾਰਨ ਇਹ ਹੋਰ ਕਿਸੇ ਨੂੰ ਪਾਣੀ ਨਹੀਂ ਦੇ ਸਕਦਾ। ਸੂਬਾ ਸਰਕਾਰ ਵੱਲੋਂ ਜ਼ਮੀਨ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਬਚਾਉਣ ਲਈ ਹਰ ਸੰਭਵ ਕਦਮ ਚੁੱਕੇ ਜਾ ਰਹੇ ਹਨ। ਮਾਮਲਾ ਆਪਸੀ ਸਹਿਮਤੀ ਨਾਲ ਸੁਲਝਾਉਣ ਲਈ ਕੇਂਦਰ ਵੱਲੋਂ ਦਿਖਾਈ ਦਿਲਚਸਪੀ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਭਰੋਸਾ ਜ਼ਾਹਰ ਕੀਤਾ ਕਿ ਸਬੰਧਤ ਧਿਰਾਂ ਵੱਲੋਂ ਮਿਲ ਬੈਠ ਕੇ ਅਤੇ ਸਾਰੇ ਪਹਿਲੂ ਵਿਚਾਰ ਕੇ ਮਸਲੇ ਦਾ ਹੱਲ ਕੀਤਾ ਜਾ ਸਕਦਾ ਹੈ। ਲਿੰਕ ਨਹਿਰ ਸਬੰਧੀ ਅੰਦੋਲਨ ਰੋਕਣ ਬਾਰੇ ਸੁਪਰੀਮ ਕੋਰਟ ਦੇ ਹੁਕਮਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਕਿਹਾ ਕਿ ਨਾ ਪੰਜਾਬ ਅਤੇ ਨਾ ਹਰਿਆਣਾ ਇਸ ਮਸਲੇ 'ਤੇ ਹਿੰਸਾ ਦਾ ਸੇਕ ਝੱਲ ਸਕਦੇ ਹਨ।

ਸੀਪੀਆਈ ਦੀ ਕੌਮੀ ਕਾਰਜਕਾਰਨੀ ਦੇ ਮੈਂਬਰ ਡਾ. ਜੋਗਿੰਦਰ ਦਿਆਲ ਨੇ ਕਿਹਾ ਹੈ ਕਿ ਲਿੰਕ ਨਹਿਰ ਦਾ ਫੈਸਲਾ ਕਰਨ ਤੋਂ ਪਹਿਲਾਂ ਦਰਿਆਵਾਂ ਵਿਚ ਕੁੱਲ ਪਾਣੀ ਦਾ ਫੈਸਲਾ ਹੋਣਾ ਚਾਹੀਦਾ ਹੈ। ਮਸਲੇ ਨੂੰ ਗੱਲਬਾਤ ਰਾਹੀਂ ਹੱਲ ਕੀਤਾ ਜਾਣਾ ਚਾਹੀਦਾ ਹੈ ਤੇ ਇਸ ਵਿਚ ਪ੍ਰਧਾਨ ਮੰਤਰੀ ਨੂੰ ਦਖਲ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ 112 ਬਲਾਕਾਂ ਵਿਚ ਪਾਣੀ ਦਾ ਪੱਧਰ ਬਹੁਤ ਹੇਠਾਂ ਡਿੱਗ ਚੁੱਕਾ ਹੈ।

### ਕੁੰਮੇਦਾਨ ਨੇ ਕਿਹਾ-ਨਹਿਰ ਉਸਾਰੋ, ਕਿਉਂਕਿ ਪੰਜਾਬ ਨੂੰ ਹਰਿਆਣਾ ਤੋਂ ਪਾਣੀ ਹੋਰ ਵਾਪਸ ਮਿਲਣਾ ਹੈ :

ਪਾਣੀਆਂ ਦੇ ਮਾਹਰ ਪ੍ਰੀਤਮ ਸਿੰਘ ਕੁੰਮੇਦਾਨ ਨੇ ਕਿਹਾ ਕਿ ਉਹ ਪਹਿਲਾਂ ਤੋਂ ਹੀ ਇਹ ਵਿਚਾਰ ਦੇ ਰਹੇ ਹਨ ਕਿ ਨਹਿਰ ਦਾ ਨਿਰਮਾਣ ਕਰਨਾ ਚਾਹੀਦਾ ਹੈ ਕਿਉਂਕਿ ਕਾਨੂੰਨੀ ਤੌਰ ਉੱਤੇ ਪੰਜਾਬ ਨੂੰ ਹਰਿਆਣਾ ਤੋਂ ਪਾਣੀ ਹੋਰ ਵਾਪਸ ਮਿਲਣਾ ਹੈ। ਸਰਕਾਰ ਦੀ ਟ੍ਰਿਬਿਊਨਲ ਬਣਾਉਣ ਦੀ ਮੰਗ ਨਾਲ ਵੀ ਕਈ ਮਾਹਿਰ ਸਹਿਮਤ ਨਹੀਂ ਕਿਉਂਕਿ ਮਾਮਲਾ ਕਾਨੂੰਨ ਮੁਤਾਬਕ ਹੱਕ ਸਾਬਤ ਕਰਨ ਨਾਲ ਸਬੰਧਤ ਹੈ। ਸੂਤਰਾਂ ਅਨੁਸਾਰ ਸ੍ਰੀ ਕੁੰਮੇਦਾਨ ਵੱਲੋਂ ਮੁੱਖ ਮੰਤਰੀ ਦਫ਼ਤਰ ਨੂੰ ਭੇਜੇ ਇੱਕ ਨੋਟ ਵਿਚ ਇਸ ਦਾ ਜ਼ਿਕਰ ਵੀ ਕੀਤਾ ਹੈ। ਉਨ੍ਹਾਂ ਕਿਹਾ ਕਿ ਅਸਲ ਵਿੱਚ ਪੰਜਾਬ ਪੁਨਰਗਠਨ ਕਾਨੂੰਨ 1966 ਦੀ ਧਾਰਾ 78 ਗੈਰ-ਸੰਵਿਧਾਨਕ ਹੈ। ਜੇਕਰ ਇਸ ਨੂੰ ਠੀਕ ਵੀ ਮੰਨ ਲਿਆ ਜਾਵੇ ਤਾਂ ਵੀ ਪਾਣੀ ਦੀ ਵੰਡ ਇਸ ਅਨੁਸਾਰ ਨਹੀਂ ਹੋਈ। ਇਸ ਧਾਰਾ ਤਹਿਤ ਕਿਤੇ ਵੀ ਪੰਜਾਬ ਅਤੇ ਹਰਿਆਣਾ ਦਾ ਜ਼ਿਕਰ ਨਹੀਂ ਹੈ। ਵਾਰਸ (ਸਕਸੈੱਸਰ) ਰਾਜਾਂ ਦਾ ਜ਼ਿਕਰ ਹੈ। ਇਨ੍ਹਾਂ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਆਉਂਦੇ ਹਨ। ਪਾਣੀ ਬਾਰੇ ਕਿਸੇ ਵੀ ਸਮਝੌਤੇ ਸਮੇਂ ਚੰਡੀਗੜ੍ਹ ਤੇ ਹਿਮਾਚਲ ਪ੍ਰਦੇਸ਼ ਨੂੰ ਨਹੀਂ ਪੁੱਛਿਆ ਗਿਆ, ਜਿਸ ਕਾਰਨ ਇਹ ਸਮਝੌਤੇ ਵਾਜਬ ਕਿਵੇਂ ਹੋ ਸਕਦੇ ਹਨ?

**ਖੱਟਰ ਵੱਲੋਂ ਕੈਪਟਨ ਨੂੰ ਨਹਿਰ ਉਸਾਰਨ ਦੀ ਅਪੀਲ**

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਆਪਣੇ ਪੰਜਾਬੀ ਹਮਰੁਤਬਾ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਕਿ ਉਹ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਲਈ ਕਦਮ ਚੁੱਕਣ। ਉਨ੍ਹਾਂ ਕਿਹਾ ਕਿ ਇਸ ਨਾਲ ਦੋਵਾਂ ਸੂਬਿਆਂ ਦੇ ਕਿਸਾਨਾ ਨੂੰ ਫ਼ਾਇਦਾ ਹੋਵੇਗਾ।

### ਕੈਪਟਨ ਸਰਕਾਰ ਦੀਆਂ ਵੱਧ ਸਕਦੀਆਂ ਹਨ ਮੁਸ਼ਕਲਾਂ

ਨਿਰਮਾਣ ਟਲਿਆ ਰਿਹਾ ਪਰ ਹੁਣ ਫਿਰ ਇਹ ਮੁੱਦਾ ਸਿਰਦਰਦੀ ਬਣਦਾ ਜਾ ਰਿਹਾ ਹੈ। ਸੁਪਰੀਮ ਕੋਰਟ ਵੱਲੋਂ ਅਗਲੀ ਸੁਣਵਾਈ 7 ਸਤੰਬਰ ਤੈਅ ਕੀਤੇ ਜਾਣ ਕਾਰਨ ਪੰਜਾਬ ਸਰਕਾਰ ਨੇ ਦੋ ਮਹੀਨੇ ਹੋਰ ਮਿਲਣ ਉੱਤੇ ਰਾਹਤ ਮਹਿਸੂਸ ਕੀਤੀ ਹੈ। ਪੰਜਾਬ ਸਰਕਾਰ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਐਸਵਾਈਐਲ ਦੀ ਡੀ-ਨੋਟੀਫਾਈ ਕੀਤੀ ਜ਼ਮੀਨ ਬਾਰੇ ਫਿਲਹਾਲ ਸੁਪਰੀਮ ਕੋਰਟ ਨੇ ਕੋਈ ਫੈਸਲਾ ਨਹੀਂ ਦਿੱਤਾ ਹੈ। ਇਸ ਕਰਕੇ ਪੰਜਾਬ ਨੂੰ ਦੋ ਮਹੀਨੇ ਦੀ ਰਾਹਤ ਮਿਲ ਗਈ ਹੈ ਪਰ ਨਹਿਰ ਨਿਰਮਾਣ ਦਾ ਸੰਕਟ ਟਲਿਆ ਨਹੀਂ ਹੈ। ਪੰਜਾਬ ਸਰਕਾਰ ਪਹਿਲਾਂ ਪਾਣੀ ਦੀ ਮਾਤਰਾ ਨਿਸ਼ਚਿਤ ਕਰਨ ਉੱਤੇ ਜ਼ੋਰ ਦੇ ਰਹੀ ਹੈ। ਸਰਬਉੱਚ ਅਦਾਲਤ ਸਾਹਮਣੇ ਰੱਖੇ ਤੱਥਾਂ ਅਨੁਸਾਰ 1981-2013 ਦੀ ਜਲ ਵਹਾਅ ਸੀਰੀਜ਼ ਅਨੁਸਾਰ ਪੰਜਾਬ ਕੋਲ ਪਹਿਲਾਂ ਦੇ 17.17 ਮਿਲੀਅਨ ਏਕੜ ਫੁੱਟ (ਐਮ.ਏ.ਐਫ.) ਪਾਣੀ ਦੇ ਮੁਕਾਬਲੇ 13.38 ਐਮ.ਏ.ਐਫ. ਪਾਣੀ ਹੀ ਰਹਿ ਗਿਆ ਹੈ। ਪੰਜਾਬ ਦਾ ਪੱਖ ਹੈ ਕਿ ਜੇਕਰ ਇਹ ਸਾਬਤ ਹੋ ਗਿਆ ਕਿ ਪਾਣੀ ਹੀ ਘੱਟ ਹੈ ਤਾਂ ਫਿਰ ਨਹਿਰ ਬਣਾਉਣ ਦੀ ਕੋਈ ਤੁਕ ਨਹੀਂ ਰਹੇਗੀ। ਪਰ ਹਰਿਆਣਾ ਸਰਕਾਰ ਤੁਰੰਤ ਫੈਸਲਾ ਲਾਗੂ ਕਰਵਾਉਣ ਉੱਤੇ ਜ਼ੋਰ ਦੇ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਦੇ ਪਿਛਲੇ ਕਾਰਜਕਾਲ (2002 ਤੋਂ 2007) ਸਮੇਂ ਸੁਪਰੀਮ ਕੋਰਟ ਦਾ ਐਸਵਾਈਐਲ ਦੇ ਨਿਰਮਾਣ ਵਾਲਾ ਫ਼ੈਸਲਾ ਸੰਕਟ ਬਣ ਕੇ ਖੜ੍ਹਾ ਸੀ। 12 ਜੁਲਾਈ, 2004 ਨੂੰ ਵਿਧਾਨ ਸਭਾ ਨੇ ਸਮਝੌਤੇ ਰੱਦ ਕਰਨ ਸਬੰਧੀ ਕਾਨੂੰਨ ਪਾਸ ਕਰਕੇ ਇੱਕ ਵਾਰ ਸਮੱਸਿਆ ਟਾਲ ਦਿੱਤੀ ਸੀ। ਮਾਮਲਾ ਰਾਸ਼ਟਰਪਤੀ ਕੋਲ ਗਿਆ ਤਾਂ ਉਨ੍ਹਾਂ ਸੁਪਰੀਮ ਕੋਰਟ ਤੋਂ ਇਸ ਸਬੰਧੀ ਰਾਇ ਮੰਗ ਲਈ। ਕਈ ਸਾਲ ਤਕ ਮੁੱਦਾ ਠੰਢੇ ਬਸਤੇ ਵਿੱਚ ਪਿਆ ਰਿਹਾ ਅਤੇ ਅਕਾਲੀ-ਭਾਜਪਾ ਦੇ ਲਗਭਗ 9 ਸਾਲ ਦਾ ਸਮਾਂ ਗੁਜ਼ਰ ਗਿਆ। ਅਖੀਰ 16 ਨਵੰਬਰ, 2016 ਨੂੰ ਸੁਪਰੀਮ ਕੋਰਟ ਨੇ ਐਸਵਾਈਐਲ ਮੁੱਦੇ ਉੱਤੇ ਸੁਣਵਾਈ ਮੁੜ ਸ਼ੁਰੂ ਕਰ ਦਿੱਤੀ। ਰੈਫਰੈਂਸ ਦੀਆਂ ਸ਼ਰਤਾਂ ਪੰਜਾਬ ਦੇ ਪੱਖ ਵਿੱਚ ਨਾ ਹੋਣ ਕਰਕੇ ਪੰਜਾਬ ਸਰਕਾਰ ਨੇ 14 ਮਾਰਚ, 2016 ਨੂੰ ਵਿਧਾਨ ਸਭਾ ਤੋਂ ਸਰਬਸੰਮਤੀ ਨਾਲ ਬਿੱਲ ਪਾਸ ਕਰਵਾ ਕੇ ਜ਼ਮੀਨ ਕਿਸਾਨਾਂ ਨੂੰ ਵਾਪਸ ਕਰਨ ਦਾ ਫੈਸਲਾ ਕਰ ਦਿੱਤਾ। ਸੁਪਰੀਮ ਕੋਰਟ ਨੇ ਇਸ ਉੱਤੇ ਵੀ ਰੋਕ ਲਗਾ ਦਿੱਤੀ। 15 ਨਵੰਬਰ ਨੂੰ ਪੰਜਾਬ ਮੰਤਰੀ ਮੰਡਲ ਨੇ ਲਗਭਗ 214 ਕਿਲੋਮੀਟਰ ਲੰਬੀ ਇਸ ਨਹਿਰ ਲਈ ਗ੍ਰਹਿਣ ਕੀਤੀ 5376 ਏਕੜ ਜ਼ਮੀਨ ਡੀ-ਨੋਟੀਫਾਈ ਕਰਕੇ ਕਿਸਾਨਾਂ ਨੂੰ ਵਾਪਸ ਦੇਣ ਦਾ ਫੈਸਲਾ ਕਰ ਦਿੱਤਾ, ਜੋ ਅਜੇ ਤਕ ਬਰਕਰਾਰ ਮੰਨਿਆ ਜਾ ਰਿਹਾ ਹੈ। ਇਸ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਸੰਸਦ ਮੈਬਰੀਂ ਤੋਂ ਅਸਤੀਫ਼ਾ ਦਿੰਦਿਆਂ ਕਾਂਗਰਸੀ ਵਿਧਾਇਕਾਂ ਤੋਂ ਵੀ ਅਸਤੀਫ਼ੇ ਦਿਵਾ ਦਿੱਤੇ ਸਨ।

## ਅਮਰਨਾਥ ਯਾਤਰਾ 'ਤੇ ਕੀਤੇ ਦਹਿਸ਼ਤੀ ਹਮਲੇ ਦੌਰਾਨ 7 ਮੌਤਾਂ, 15 ਜ਼ਖ਼ਮੀ

ਇਹ ਹਮਲਾ ਅਜਿਹੇ ਸਮੇਂ ਹੋਇਆ, ਜਦੋਂ ਕੁੱਝ ਘੰਟੇ ਪਹਿਲਾਂ ਹੀ ਜੰਮੂ-ਕਸ਼ਮੀਰ ਪੁਲੀਸ ਨੇ ਲਸ਼ਕਰ-ਏ-ਤੋਇਬਾ ਦੇ ਇਕ ਢਾਂਚੇ ਨੂੰ ਤੋੜਨ ਦਾ ਦਾਅਵਾ ਕਰਦਿਆਂ ਮੁਜ਼ੱਫ਼ਰਨਗਰ (ਉੱਤਰ ਪ੍ਰਦੇਸ਼) ਦੇ ਵਾਸੀ ਸੰਦੀਪ ਕੁਮਾਰ ਸ਼ਰਮਾ ਉਰਫ਼ ਆਦਿਲ ਸਣੇ ਦੋ ਜਣਿਆਂ ਨੂੰ ਕਾਬੂ ਕੀਤਾ ਸੀ।

ਮਹਿਬੂਬਾ ਮੁਫ਼ਤੀ ਸਰਕਾਰ ਦੇ ਸੀਨੀਅਰ ਮੰਤਰੀ ਨਈਮ ਅਖ਼ਤਰ ਨੇ ਇਸ ਹਮਲੇ ਨੂੰ ਕਸ਼ਮੀਰ ਦੇ ਇਤਿਹਾਸ ਦਾ ਕਾਲਾ ਧੱਬਾ ਦੱਸਿਆ। ਨੈਸ਼ਨਲ ਕਾਨਫਰੰਸ ਦੇ ਆਗੂ ਉਮਰ ਅਬਦੁੱਲਾ ਨੇ ਕਿਹਾ ਕਿ ਇਸ ਹਮਲੇ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ, ਉਨੀ ਘੱਟ ਹੈ। ਉਨ੍ਹਾਂ ਕਿਹਾ ਕਿ ਸੁਰੱਖਿਆ ਦਸਤਿਆਂ ਨੂੰ ਅਤਿਵਾਦੀਆਂ ਵਿਰੁੱਧ ਮਿਲੀ ਹਾਲੀਆ ਸਫ਼ਲਤਾ ਮਗਰੋਂ ਇਸ ਤਰ੍ਹਾਂ ਦੇ ਹਮਲੇ ਦੀ ਸੰਭਾਵਨਾ ਸੀ।

ਵਾਦੀ ਵਿੱਚ ਕਾਨੂੰਨ ਵਿਵਸਥਾ ਦੀ ਬਣੀ ਸਥਿਤੀ ਕਾਰਨ ਸ਼ਨਿੱਚਰਵਾਰ ਨੂੰ ਅਮਰਨਾਥ ਯਾਤਰਾ ਮੁਲਤਵੀ ਕਰ ਦਿੱਤੀ ਗਈ ਸੀ। ਹਿਜ਼ਬੁਲ ਮੁਜਾਹਿਦੀਨ ਕਮਾਂਡਰ ਬੁਰਹਾਨ ਵਾਨੀ ਦੀ ਬਰਸੀ ਕਾਰਨ ਵਾਦੀ ਵਿੱਚ ਕਰਫਿਊ ਲਾਇਆ ਗਿਆ ਸੀ।

ਸ੍ਰੀਨਗਰ: ਉੱਤਰੀ ਕਸ਼ਮੀਰ ਦੇ ਨੌਗਾਮ ਸੈਕਟਰ ਵਿੱਚ ਕੰਟਰੋਲ ਰੇਖਾ ਨੇੜੇ ਫ਼ੌਜ ਨੇ ਘੁਸਪੈਠ ਦਾ ਯਤਨ ਨਾਕਾਮ ਕਰਦਿਆਂ ਤਿੰਨ ਅਤਿਵਾਦੀ ਮਾਰ ਦਿੱਤੇ। ਫ਼ੌਜ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਨੌਗਾਮ ਸੈਕਟਰ ਵਿੱਚ ਕੰਟਰੋਲ ਰੇਖਾ ਨੇੜੇ ਸ਼ੱਕੀ ਗਤੀਵਿਧੀਆਂ ਬਾਰੇ ਪਤਾ ਲੱਗਿਆ। ਜਵਾਨਾਂ ਵੱਲੋਂ ਵੰਗਾਰੇ ਜਾਣ ਉਤੇ ਅਤਿਵਾਦੀਆਂ ਨੇ ਗੋਲੀ ਚਲਾ ਦਿੱਤੀ। ਜਵਾਬੀ ਕਾਰਵਾਈ ਵਿੱਚ 3 ਅਤਿਵਾਦੀ ਮਾਰੇ ਗਏ। ਇਸ ਦੌਰਾਨ ਪਾਕਿਸਤਾਨੀ ਫ਼ੌਜ ਨੇ ਗੋਲੀਬੰਦੀ ਦੀ ਉਲੰਘਣਾ ਕਰਦਿਆਂ ਪੁਣਛ ਸੈਕਟਰ ਵਿੱਚ ਕੰਟਰੋਲ ਰੇਖਾ ਨਾਲ ਸਰਹੱਦੀ ਚੌਕੀਆਂ ਤੇ ਪਿੰਡਾਂ ਨੂੰ ਨਿਸ਼ਾਨਾ ਬਣਾਇਆ।

**ਲਸ਼ਕਰ ਦਾ ਹਿੰਦੂ ਚਿਹਰਾ ਗ੍ਰਿਫ਼ਤਾਰ :**

**ਸ੍ਰੀਨਗਰ:** ਜੰਮੂ ਕਸ਼ਮੀਰ ਪੁਲੀਸ ਨੇ ਲਸ਼ਕਰ-ਏ-ਤੋਇਬਾ ਗਰੁੱਪ ਦਾ ਪਰਦਾਫਾਸ਼ ਕਰਦਿਆਂ ਉੱਤਰ ਪ੍ਰਦੇਸ਼ ਵਾਸੀ ਸਮੇਤ ਦੋ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਦੋਵੇਂ ਦੱਖਣੀ ਕਸ਼ਮੀਰ ਵਿੱਚ 6 ਪੁਲੀਸ ਮੁਲਾਜ਼ਮਾਂ ਦੀ ਹੱਤਿਆ ਕਰਨ ਵਾਲੇ ਇਸ ਗਰੁੱਪ ਦੇ ਸਰਗਰਮ ਮੈਂਬਰ ਸਨ। ਕਸ਼ਮੀਰ ਦੇ ਆਈਜੀਪੀ ਮੁਨੀਰ ਖਾਨ ਨੇ ਦੱਸਿਆ ਕਿ ਦੱਖਣੀ ਕਸ਼ਮੀਰ ਵਿੱਚ ਅਤਿਵਾਦੀ ਗਤੀਵਿਧੀਆਂ ਸਮੇਤ ਕਈ ਸੰਗੀਨ ਅਪਰਾਧਾਂ ਵਿੱਚ ਸ਼ਾਮਲ ਇਕ ਗਰੁੱਪ ਦਾ ਪਰਦਾਫਾਸ਼ ਕੀਤਾ ਹੈ। ਯੂਪੀ ਦੇ ਮੁਜ਼ੱਫਰਨਗਰ ਵਾਸੀ ਸੰਦੀਪ ਕੁਮਾਰ ਸ਼ਰਮਾ ਉਰਫ਼ ਆਦਿਲ ਅਤੇ ਦੱਖਣੀ ਕਸ਼ਮੀਰ ਦੇ ਕੁਲਗਾਮ ਦੇ ਵਸਨੀਕ ਮੁਨੀਬ ਸ਼ਾਹ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੰਦੀਪ ਨੂੰ ਉਸੇ ਮਕਾਨ ਵਿੱਚੋਂ ਗ੍ਰਿਫ਼ਤਾਰ ਕੀਤਾ ਗਿਆ, ਜਿੱਥੇ ਲਸ਼ਕਰ-ਏ-ਤੋਇਬਾ ਦਾ ਕਮਾਂਡਰ ਬਸ਼ੀਰ ਲਸ਼ਕਰੀ ਪਹਿਲੀ ਜੁਲਾਈ ਨੂੰ ਮੁਕਾਬਲੇ ਵਿੱਚ ਮਾਰਿਆ ਗਿਆ ਸੀ। ਉਸ ਦੀ ਗ੍ਰਿਫ਼ਤਾਰੀ ਬਾਅਦ ਮੁਨੀਬ ਸ਼ਾਹ ਕਾਬੂ ਆਇਆ। ਆਈਜੀਪੀ ਨੇ ਦੱਸਿਆ, "ਸਾਨੂੰ ਹੈਰਾਨੀ ਹੋਈ ਸੀ ਕਿ ਸਥਾਨਕ ਵਸਨੀਕ ਨਾ ਹੋਣ ਦੇ ਬਾਵਜੂਦ ਸੰਦੀਪ ਉਸ ਮਕਾਨ ਵਿੱਚ ਕੀ ਕਰ ਰਿਹਾ ਹੈ, ਜਿੱਥੇ ਲਸ਼ਕਰੀ ਸ਼ਰਨ ਲੈਂਦਾ ਸੀ। ਜਾਂਚ ਦੌਰਾਨ ਪਤਾ ਲੱਗਿਆ ਕਿ ਸੰਦੀਪ 2012 ਵਿੱਚ ਵਾਦੀ ਵਿੱਚ ਆਇਆ ਸੀ ਅਤੇ ਉਹ ਗਰਮੀਆਂ ਵਿੱਚ ਇੱਥੇ ਵੈਲਡਰ ਵਜੋਂ ਕੰਮ ਕਰਦਾ ਸੀ ਅਤੇ ਸਿਆਲ ਵਿੱਚ ਉਹ ਪਟਿਆਲਾ ਚਲਾ ਜਾਂਦਾ ਸੀ।"

## ਸਿੱਖ ਤਵਾਰੀਖ ਦਾ ਅਹਿਮ ਦਸਤਾਵੇਜ਼ ਹੋਵੇਗੀ 'ਦਿ ਬਲੈਕ ਪ੍ਰਿੰਸ' : ਸਤਿੰਦਰ ਸਰਤਾਜ

ਬਹੁਤ ਘੱਟ ਜਾਣਕਾਰੀ ਹੈ ਪਰ ਇਸ ਫ਼ਿਲਮ ਰਾਹੀਂ ਮਹਾਰਾਜਾ ਦਲੀਪ ਸਿੰਘ ਦੀ ਜ਼ਿੰਦਗੀ ਦੇ ਹਰ ਉਸ ਪਹਿਲੂ ਨੂੰ ਸਾਹਮਣੇ ਲਿਆਉਣ ਦਾ ਯਤਨ ਕੀਤਾ ਗਿਆ ਹੈ ਜੋ ਸਮੇਂ ਦੇ ਹਨੇਰਿਆਂ 'ਚ ਗੁਆਚੇ ਰਹੇ ਹਨ। ਉਨ੍ਹਾਂ ਦੱਸਿਆ ਕਿ ਮਹਾਰਾਜਾ ਦਲੀਪ ਸਿੰਘ ਦੀ ਜ਼ਿੰਦਗੀ ਕਈ ਉਤਰਾਵਾਂ-ਚੜ੍ਹਾਵਾਂ ਵਾਲੀ ਰਹੀ ਹੈ ਅਤੇ ਅੱਜ ਤੋਂ ਕਰੀਬ ਡੇਢ ਸੌ ਸਾਲ ਪਹਿਲਾਂ ਦੇ ਸਿੱਖ ਇਤਿਹਾਸ ਨੂੰ ਫ਼ਿਲਮ ਵਿਚ ਬਹੁਤ ਹੀ ਭਾਵੁਕਤਾ ਨਾਲ ਪੇਸ਼ ਕੀਤਾ ਗਿਆ ਹੈ।

'ਦ ਬਲੈਕ ਪ੍ਰਿੰਸ' ਫਿਲਮ ਦੇ ਪ੍ਰਚਾਰ ਪ੍ਰੋਗਰਾਮ ਨਾਲ ਸਬੰਧਤ ਇਸ ਭਰਵੀਂ ਪ੍ਰੈੱਸ ਮਿਲਣੀ ਮੌਕੇ ਸਰਤਾਜ ਨੇ ਦੱਸਿਆ ਕਿ ਮਹਾਰਾਜਾ ਦਲੀਪ ਸਿੰਘ ਦੇ ਕਿਰਦਾਰ ਨੂੰ ਇਤਿਹਾਸਕਾਰਾਂ ਨੇ ਤੋੜ-ਮਰੋੜ ਕੇ ਪੇਸ਼ ਕੀਤਾ ਹੈ ਅਤੇ ਦਲੀਪ ਸਿੰਘ ਬਾਰੇ ਗ਼ਲਤ ਤੱਥਾਂ ਦੀ ਪੇਸ਼ਕਾਰੀ ਕੀਤੀ ਗਈ ਹੈ ਪਰ 'ਦਿ ਬਲੈਕ ਪ੍ਰਿੰਸ' ਸਹੀ ਤੱਥਾਂ ਨੂੰ ਉਜਾਗਰ ਕਰੇਗੀ, ਜਿਸ ਨਾਲ ਭਾਰਤੀਆਂ ਅਤੇ ਇੱਥੋਂ ਤੱਕ ਕਿ ਸਿੱਖਾਂ ਦੇ ਦਲੀਪ ਸਿੰਘ ਬਾਰੇ ਭਰਮ-ਭੁਲੇਖੇ ਦੂਰ ਹੋਣਗੇ। ਉਨ੍ਹਾਂ ਦੱਸਿਆ ਕਿ ਮਹਾਰਾਜਾ ਦਲੀਪ ਸਿੰਘ ਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਹਿੱਸਾ ਪਾਉਣ, ਖ਼ਾਸ ਕਰ ਸਿੱਖ ਕੌਮ ਦੇ ਆਜ਼ਾਦ ਰੁਤਬੇ ਦੀ ਬਹਾਲੀ ਲਈ ਕਾਫ਼ੀ ਜਦੋ-ਜਹਿਦ ਕੀਤੀ। ਈਸਾਈ ਤੋਂ ਮੁੜ ਸਿੱਖੀ ਵਲ ਮੁੜਣ ਅਤੇ ਅੰਗਰੇਜ਼ਾਂ ਵਲੋਂ ਧੋਖੇ ਨਾਲ ਖੋਹਿਆ ਰਾਜ ਵਾਪਸ ਲੈਣ ਲਈ ਉਸ ਨੇ ਜਿਹੜੇ ਕੰਮ ਕੀਤੇ ਅਤੇ ਕੁਰਬਾਨੀ ਦਿੱਤੀ, ਉਸ ਬਾਰੇ ਕਿਸੇ ਨੂੰ ਜ਼ਿਆਦਾ ਜਾਣਕਾਰੀ ਹੀ ਨਹੀਂ ਹੈ। ਅੰਗਰੇਜ਼ਾਂ ਨੇ ਦਲੀਪ ਸਿੰਘ ਬਾਰੇ ਤੋੜ ਮਰੋੜ ਕੇ ਜਿਹੜੇ ਤੱਥ ਪੇਸ਼ ਕੀਤੇ, ਇਤਿਹਾਸਕਾਰਾਂ ਨੇ ਉਵੇਂ ਲਿਖ ਦਿੱਤਾ ਅਤੇ ਅਸੀਂ ਉਨ੍ਹਾਂ ਨੂੰ ਹੀ ਸੱਚ ਮੰਨ ਲਿਆ।

ਉਨ੍ਹਾਂ ਕਿਹਾ ਕਿ ਫਿਲਮ ਨੂੰ ਅਮਰੀਕੀ ਕੰਪਨੀ ਨੇ ਉੱਘੇ ਸਿੱਖ ਇਤਿਹਾਸਕਾਰ ਡਾ. ਗੰਡਾ ਸਿੰਘ ਦੀ ਖੋਜ ਤੇ ਹੋਰ ਪ੍ਰਮਾਣਿਕ ਦਸਤਾਵੇਜ਼ਾਂ ਦੇ ਆਧਾਰ 'ਤੇ 4 ਸਾਲਾਂ ਦੀ ਮਿਹਨਤ ਮਗਰੋਂ ਫਿਲਮਾਇਆ ਗਿਆ ਹੈ। ਸਤਿੰਦਰ ਸਰਤਾਜ ਨੇ ਦੱਸਿਆ ਕਿ ਭਾਰਤੀਆਂ ਨਾਲੋਂ ਐਨ.ਆਰ.ਆਈਜ਼. ਪੰਜਾਬੀਅਤ ਦੇ ਵੱਧ ਕਦਰਦਾਨ ਹਨ।

ਇਸ ਫਿਲਮ ਦੇ ਨਾਮ ਬਾਰੇ ਉਨ੍ਹਾਂ ਦੱਸਿਆ ਕਿ ਮਹਾਰਾਣੀ ਵਿਕਟੋਰੀਆ ਦਲੀਪ ਸਿੰਘ ਨੂੰ ਲਾਡ ਨਾਲ 'ਬਲੈਕ ਪ੍ਰਿੰਸ' ਕਹਿੰਦੀ ਸੀ, ਇਸ ਲਈ ਫਿਲਮ ਦਾ ਨਾਮ 'ਦਿ ਬਲੈਕ ਪ੍ਰਿੰਸ' ਰੱਖਿਆ ਗਿਆ ਹੈ। ਗ਼ੌਰਤਲਬ ਹੈ ਕਿ ਇਸ ਫਿਲਮ ਵਿੱਚ ਸ਼ਬਾਨਾ ਆਜ਼ਮੀ ਵੀ ਹੈ, ਜਿਸ ਵੱਲੋਂ ਮਹਾਰਾਣੀ ਜਿੰਦਾਂ ਦਾ ਕਿਰਦਾਰ ਨਿਭਾਇਆ ਜਾ ਰਿਹਾ ਹੈ।

### 'ਮਹਾਰਾਜਾ ਦਲੀਪ ਸਿੰਘ ਨਾਲ ਬਰਤਾਨਵੀ ਸਾਮਰਾਜ ਦੇ ਵਰਤਾਓ ਉੱਤੇ ਆਮ ਲੋਕਾਂ ਨੂੰ ਰੋਸ ਤੇ ਅਫਸੋਸ'

ਇਹ ਪੁੱਛੇ ਜਾਣ ਉੱਤੇ ਫਿਲਮ ਕਿ ਇਸ ਫਿਲਮ ਵਿੱਚ ਬਰਤਾਨੀਆ ਦੇ ਸ਼ਾਹੀ ਘਰਾਣੇ ਦੀਆਂ ਕੂਟ ਚਾਲਾਂ ਨੂੰ ਨੰਗਿਆਂ ਕੀਤੇ ਜਾਣ ਸਬੰਧੀ ਇੰਗਲੈਂਡ ਦੇ ਆਮ ਲੋਕਾਂ ਖ਼ਾਸ ਕਰ ਅੰਗਰੇਜ਼ਾਂ ਦਾ ਕੀ ਪ੍ਰਤੀਕਰਮ ਹੈ, ਸਰਤਾਜ ਨੇ ਕਿਹਾ, "ਕਈ ਬਰਤਾਨਵੀਆਂ ਨੂੰ ਬ੍ਰਿਟਿਸ਼ ਨਾਗਰਿਕ ਹੋਣ 'ਤੇ ਅਫ਼ਸੋਸ ਹੈ ਕਿਉਂਕਿ ਉਨ੍ਹਾਂ ਨੇ ਭਾਰਤੀਆਂ ਖ਼ਾਸ ਕਰ ਕੇ ਮਹਾਰਾਜਾ ਰਣਜੀਤ ਸਿੰਘ ਦੇ ਵਾਰਸ ਤੇ ਉਸ ਦੇ ਪਰਿਵਾਰ ਨਾਲ ਮਾੜਾ ਵਰਤਾਓ ਕੀਤਾ ਸੀ। ਹੋਰ ਤਾਂ ਹੋਰ ਇਤਿਹਾਸਕਾਰਾਂ ਨੇ ਮਹਾਰਾਜਾ ਦਲੀਪ ਸਿੰਘ ਦੇ ਕਿਰਦਾਰ ਦੇ ਸਕਾਰਾਤਮਕ ਪੱਖ ਨੂੰ ਉਭਾਰਿਆ ਹੀ ਨਹੀਂ।"

ਸਤਿੰਦਰ ਸਰਤਾਜ ਨੇ ਦੱਸਿਆ ਕਿ ਇੰਗਲੈਂਡ ਵਿੱਚ ਇਸ ਫਿਲਮ ਦਾ ਪ੍ਰੀਮੀਅਰ ਸ਼ੋਅ ਦਿਖਾਏ ਜਾਣ ਮਗਰੋਂ ਕਈ ਬਰਤਾਨਵੀ ਨਾਗਰਿਕਾਂ ਨੇ ਮਹਾਰਾਜਾ ਦਲੀਪ ਸਿੰਘ ਦੇ ਪਰਿਵਾਰ ਨਾਲ ਬ੍ਰਿਟਿਸ਼ ਸਾਮਰਾਜੀਆਂ ਵੱਲੋਂ ਕੀਤੇ ਵਰਤਾਓ 'ਤੇ ਗਿਲਾ ਅਤੇ ਅਫਸੋਸ ਪ੍ਰਗਟਾਇਆ।

### ਰਾਜਕੁਮਾਰੀ ਡਿਆਨਾ ਦੇ ਪੇਕੇ ਘਰ ਹੋਈ ਕਾਫ਼ੀ ਸ਼ੂਟਿੰਗ

ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਟੀਮ ਨੂੰ ਇੰਗਲੈਂਡ ਦੇ ਸ਼ਾਹੀ ਘਰਾਣੇ ਦੀਆਂ ਕਈ ਥਾਵਾਂ 'ਤੇ ਸ਼ੂਟਿੰਗ ਕਰਨ ਵਾਸਤੇ ਸ਼ੁਰੂ ਸ਼ੁਰੂ ਵਿੱਚ ਕੁਝ ਮੁਸ਼ਕਲ ਜ਼ਰੂਰ ਆਈ ਕਿਉਂਕਿ ਇਹ ਫਿਲਮ ਬ੍ਰਿਟਿਸ਼ ਸਾਮਰਾਜ ਦੀਆਂ ਨੀਤੀਆਂ ਬਾਰੇ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਪਰ ਬੜੀ ਮਾਣ ਵਾਲੀ ਗੱਲ ਹੈ ਕਿ 'ਦਿ ਬਲੈਕ ਪ੍ਰਿੰਸ' ਫਿਲਮ ਦੀ ਜ਼ਿਆਦਾਤਰ ਸ਼ੂਟਿੰਗ ਇੰਗਲੈਂਡ ਵਿੱਚ ਅਤੇ ਕਾਫ਼ੀ ਸ਼ੂਟਿੰਗ ਰਾਜਕੁਮਾਰੀ ਡਿਆਨਾ ਦੇ ਪੇਕੇ ਘਰ ਹੋਈ ਹੈ।

ਰਾਜਕੁਮਾਰੀ ਲੇਡੀ ਡਿਆਨਾ ਦੇ ਮਾਪਿਆਂ ਦੇ ਜੱਦੀ ਮਹਿਲ 'ਚ ਜਾਣ ਦਾ ਮੌਕਾ ਮਿਲਣ ਸਬੰਧੀ ਉਨ੍ਹਾਂ ਦੱਸਿਆ ਕਿ ਅਸੀਂ ਬੜੀ ਮੁਸ਼ਕਲ ਨਾਲ ਡਿਆਨਾ ਦੇ ਰਿਸ਼ਤੇਦਾਰਾਂ ਤੋਂ ਮਹਿਲ 'ਚ ਸ਼ੂਟਿੰਗ ਕਰਨ ਦੀ ਇਜਾਜ਼ਤ ਹਾਸਲ ਕੀਤੀ।

### 'ਦ ਬਲੈਕ ਪ੍ਰਿੰਸ' ਨਾਲ ਫ਼ਿਲਮੀ ਸਫ਼ਰ ਦੀ ਸ਼ੁਰੂਆਤ

'ਦ ਬਲੈਕ ਪ੍ਰਿੰਸ' ਰਾਹੀਂ ਆਪਣੇ ਫ਼ਿਲਮੀ ਜੀਵਨ ਦੀ ਸ਼ੁਰੂਆਤ ਹਾਲੀਵੁੱਡ ਤੋਂ ਕਰਨ ਬਾਰੇ ਸਤਿੰਦਰ ਸਰਤਾਜ ਦਾ ਕਹਿਣਾ ਹੈ ਕਿ ਉਨ੍ਹਾਂ ਕਦੇ ਸੋਚਿਆ ਵੀ ਨਹੀਂ ਸੀ ਕਿ ਉਹ ਅਜਿਹੀ ਕਿਸੇ ਫ਼ਿਲਮ 'ਚ ਕੰਮ ਕਰਨਗੇ ਪਰ ਰੱਬ-ਸਬੱਬੀ ਉਨ੍ਹਾਂ ਨੂੰ ਨਾ ਕੇਵਲ ਹਾਲੀਵੁੱਡ ਫ਼ਿਲਮ 'ਚ ਹੀ ਬਲਕਿ ਬਾਲੀਵੁੱਡ ਦੀ ਨਾਮਵਰ ਅਦਾਕਾਰਾ ਸ਼ਬਾਨਾ ਆਜ਼ਮੀ ਨਾਲ ਵੀ ਕੰਮ ਕਰਨ ਦਾ ਮੌਕਾ ਮਿਲਿਆ। ਸਤਿੰਦਰ ਸਰਤਾਜ ਨੇ ਫ਼ਿਲਮ ਨੂੰ ਆਪਣੇ ਦਿਲ ਦੇ ਕਾਫੀ ਕਰੀਬ ਦੱਸਦੇ ਹੋਏ ਕਿਹਾ ਹੈ ਕਿ ਮਹਾਰਾਜਾ ਦਲੀਪ ਸਿੰਘ ਦਾ ਕਿਰਦਾਰ ਨਿਭਾ ਕੇ ਜਿੱਥੇ ਉਸ ਦੇ ਮਨ ਨੂੰ ਸਕੂਨ ਮਿਲਿਆ ਹੈ, ਉੱਥੇ ਸ਼ਬਾਨਾ ਆਜ਼ਮੀ ਵੱਲੋਂ ਵੀ ਮਹਾਰਾਣੀ ਜਿੰਦਾਂ ਦੇ ਕਿਰਦਾਰ ਨੂੰ ਜਿਸ ਸ਼ਿੱਦਤ ਤੇ ਸੰਜੀਦਗੀ ਨਾਲ ਨਿਭਾਇਆ ਗਿਆ ਹੈ, ਉਸ ਨਾਲ ਫ਼ਿਲਮ ਸਿਨੇਮਾ ਜਗਤ 'ਚ ਨਵੀਆਂ ਉੱਚਾਈਆਂ ਛੋਹੇਗੀ।

ਸ਼ਬਾਨਾ ਆਜ਼ਮੀ ਨਾਲ ਕੰਮ ਕਰਨ ਬਾਰੇ ਆਪਣੇ ਤਜ਼ਰਬੇ ਸਾਂਝੇ ਕਰਦੇ ਹੋਏ ਸਰਤਾਜ ਨੇ ਕਿਹਾ, "ਸ਼ਬਾਨਾ ਆਜ਼ਮੀ ਜੀ ਜਿੱਥੇ ਬਾਕਮਾਲ ਅਦਾਕਾਰਾ ਹਨ, ਉੱਥੇ ਉਨ੍ਹਾਂ ਦਾ ਸਬੰਧ ਸਾਹਿਤਕ ਪਰਿਵਾਰ ਨਾਲ ਹੋਣ ਕਾਰਨ ਉਨ੍ਹਾਂ ਦਾ ਸ਼ਾਇਰੀ ਨਾਲ ਵੀ ਗੂੜ੍ਹਾ ਰਿਸ਼ਤਾ ਹੈ।"

## 'ਦੀ ਬਲੈਕ ਪ੍ਰਿੰਸ'- ਨਵੀਂ ਪੀੜ੍ਹੀ ਲਈ ਆਪਣੇ ਵਿਰਸੇ ਨੂੰ ਜਾਣਨਾ ਬਹੁਤ ਜ਼ਰੂਰੀ : ਸ਼ਬਾਨਾ

ਕਿ ਆਪਣੀ ਜ਼ਿੰਦਗੀ ਦੇ ਇਸ ਮੁਕਾਮ 'ਤੇ ਅਜਿਹੀ ਭੂਮਿਕਾ ਨਿਭਾ ਕੇ ਉਹ ਇਸ ਤੋਂ ਬੇਹੱਦ ਖ਼ੁਸ਼ ਹੈ। ਸ਼ਬਾਨਾ ਦਸਦੀ ਹੈ ਕਿ ਮਹਾਰਾਣੀ ਜਿੰਦਾਂ ਬਹੁਤ ਹੀ ਹੌਸਲੇ ਵਾਲੀ ਔਰਤ ਹੈ ਜੋ ਬਰਤਾਨਵੀ ਹਕੂਮਤ ਵਲੋਂ ਸਭ ਕੁਝ ਖੋਹੇ ਜਾਣ, ਆਪਣਾ ਪੁੱਤਰ ਦੂਰ ਹੋ ਜਾਣ ਦੇ ਬਾਵਜੂਦ ਮਜ਼ਬੂਤ ਇਰਾਦੇ ਵਾਲੀ ਔਰਤ ਹੈ ਜੋ ਬਰਤਾਨਵੀ ਹਕੂਮਤ ਖਿਲਾਫ਼ ਟੱਕਰ ਲੈਂਦੀ ਹੈ।

ਸ਼ਿਲਪਾ ਜਮਖਾਂਡੀਕਰ ਨੂੰ ਦਿੱਤੇ ਇੰਟਰਵਿਊ 'ਚ ਸ਼ਬਾਨਾ ਦਸਦੀ ਹੈ, "ਮੈਂ ਬਿਲਕੁਲ ਇਮਾਨਦਾਰੀ ਨਾਲ ਕਹਾਂਗੀ। ਮੈਂ ਮਹਾਰਾਣਾ ਜਿੰਦਾਂ ਬਾਰੇ ਬਹੁਤ ਘੱਟ ਜਾਣਦੀ ਸੀ। ਜਦੋਂ ਮੈਨੂੰ ਸਕਰਿਪਟ ਦਿੱਤੀ ਗਈ ਤਾਂ ਮੈਂ ਉਸ ਬਾਰੇ ਪੜ੍ਹ ਕੇ ਬਹੁਤ ਹੈਰਾਨ ਹੋਈ। ਮੈਂ ਨਿਰਮਾਤਾ ਤੇ ਨਿਰਦੇਸ਼ਕ ਤੋਂ ਪੁਛਿਆ ਕਿ ਕੀ ਵਾਕਿਆ ਹੀ ਇੰਜ ਵਾਪਰਿਆ? ਉਨ੍ਹਾਂ ਦੱਸਿਆ ਕਿ ਇਹ ਸਭ ਸੱਚ ਹੈ। ਇਸ ਕਿਰਦਾਰ ਨੇ ਮੈਨੂੰ ਅੰਦਰ ਤੱਕ ਛੂਹ ਲਿਆ। ਮੈਨੂੰ ਮਹਿਸੂਸ ਹੋਇਆ ਕਿ ਇਸ ਕਹਾਣੀ ਬਾਰੇ ਲੋਕਾਂ ਨੂੰ ਦੱਸਿਆ ਜਾਣਾ ਚਾਹੀਦਾ ਹੈ। ਇਸ ਫ਼ਿਲਮ ਦੇ ਨਿਰਮਾਤਾ ਇਤਿਹਾਸਕਾਰ ਹਨ ਤੇ ਇਸ ਵਿਸ਼ੇ ਬਾਰੇ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ। ਇਹ ਫ਼ਿਲਮ ਨਾਲੋਂ ਵੀ ਬਹੁਤ ਕੁਝ ਹੈ ਜਿਸ ਬਾਰੇ ਨਵੀਂ ਪੀੜ੍ਹੀ ਲਈ ਜਾਣਨਾ ਬਹੁਤ ਜ਼ਰੂਰੀ ਹੈ। ਇਸ ਤੋਂ ਬਾਅਦ ਮੈਂ ਮਹਾਰਾਣੀ ਜਿੰਦਾਂ ਬਾਰੇ ਬਹੁਤ ਕੁਝ ਪੜ੍ਹਿਆ। ਉਸ ਦੇ ਕਿਰਦਾਰ ਨੂੰ ਆਪਣੇ ਅੰਦਰ ਢਾਲਣ ਦੀ ਕੋਸ਼ਿਸ਼ ਕੀਤੀ।"

ਮੈਨੂੰ ਯਕੀਨ ਹੈ ਕਿ ਇਸ ਨੂੰ ਡਰਾਮਾਟਾਈਜ਼ ਕੀਤਾ ਗਿਆ ਹੈ ਪਰ ਕਿਉਂਕਿ ਫ਼ਿਲਮ ਦੇ ਨਿਰਮਾਤਾ ਜਸਜੀਤ ਸਿੰਘ ਇਤਿਹਾਸਕਾਰ ਹਨ, ਸੋ ਉਨ੍ਹਾਂ ਨੇ ਇਸ ਬਾਰੇ ਪੂਰੀ ਖੋਜ ਕੀਤੀ ਹੈ। ਮੈਂ ਨਹੀਂ ਸਮਝਦੀ ਕਿ ਉਨ੍ਹਾਂ ਨੇ ਫ਼ਿਲਮ ਬਣਾਉਣ ਲੱਗਿਆਂ ਇਸ ਦੇ ਇਤਿਹਾਸਕ ਪੱਖਾਂ ਨਾਲ ਛੇੜਛਾੜ ਕਰਨ ਦੀ ਖੁੱਲ੍ਹ ਲਈ ਹੈ। ਹਾਂ, ਮੈਂ ਇਸ ਬਾਰੇ ਯਕੀਨ ਨਾਲ ਨਹੀਂ ਕਹਿ ਸਕਦੀ ਜੋ ਮਹਾਰਾਣੀ ਜਿੰਦਾ ਕਹਿੰਦੀ ਹੈ, ਮੇਰੇ ਡਾਇਲਾਗ ਠੀਕ ਉਸੇ ਤਰ੍ਹਾਂ ਸਨ।


Office for Lease in Union City, CA



Nice clean office

1200 to 1500 Sq feet in the business area of Union City.

Best for Trucking company if extra warehouse needed.

Call at:

510-875-3279


## ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ 20 ਅਗਸਤ ਨੂੰ ਸਟਾਕਟਨ ਵਿਖੇ

ਰਾਹੀਂ ਖੁੱਲ੍ਹਾ ਵਿਚਾਰ ਵਿਟਾਂਦਰਾ ਹੋਵੇਗਾ। ਇਸ ਦੇ ਇਲਾਵਾ ਕੁਲਵਿੰਦਰ ਦੀ ਗਜ਼ਲ ਐਲਬਮ: 'ਸੰਦਲੀ ਆਥਣ' ਦੀਆਂ ਕੁਝ ਕੁ ਗ਼ਜ਼ਲਾਂ ਦਾ ਸੁਖਦੇਵ ਸਾਹਿਲ ਵੱਲੋਂ ਗਾਇਨ ਕੀਤਾ ਜਾਵੇਗਾ। ਦੂਜੇ ਸੈਸ਼ਨ ਵਿਚ ਕਹਾਣੀ ਦਰਬਾਰ ਹੋਵੇਗਾ। ਇਸ ਵਿਚ ਮਹਿਮਾਨ ਕਹਾਣੀਕਾਰ ਅਮਰਜੀਤ ਚਾਹਲ, ਗੁਰਮੀਤ ਪਨਾਗ ਅਤੇ ਹੋਰ ਹਾਜ਼ਰ ਕਹਾਣੀਕਾਰ ਆਪਣੀਆਂ ਅਣਛਪੀਆਂ ਕਹਾਣੀਆਂ ਦਾ ਪਾਠ ਕਰਨਗੇ। ਤੀਜੇ ਸੈਸ਼ਨ ਵਿਚ ਸ਼ਾਨਦਾਰ ਕਵੀ ਦਰਬਾਰ ਹੋਵੇਗਾ, ਇਸ ਵਿਚ ਹਾਜ਼ਰ ਸ਼ਾਇਰ ਆਪਣੀਆਂ ਤਾਜ਼ਾ ਤਰੀਨ ਰਚਨਾਵਾਂ ਦਾ ਪਾਠ ਕਰਨਗੇ।

ਸ਼ਾਇਰ ਦਰਸ਼ਨ ਬੁਲੰਦਵੀ ਇਸ ਸੰਮੇਲਨ ਦੇ ਮੁੱਖ ਮਹਿਮਾਨ ਹੋਣਗੇ। ਪ੍ਰੋ. ਹਰਭਜਨ ਸਿੰਘ ਵੱਲੋਂ ਨਵ-ਪ੍ਰਕਾਸ਼ਤ ਪੁਸਤਕਾਂ ਦੀ ਸੇਲ ਲਗਾਈ ਜਾਵੇਗੀ। ਚਾਹ-ਪਾਣੀ ਅਤੇ ਦੁਪਹਿਰ ਦੇ ਖਾਣੇ ਦਾ ਮੇਜ਼ਬਾਨ ਯੂਨਿਟ ਵੱਲੋਂ ਉਚਿਤ ਪ੍ਰਬੰਧ ਹੋਵੇਗਾ। ਸਮੂਹ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਇਸ ਸੰਮੇਲਨ ਵਿਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ। ਵਧੇਰੇ ਜਾਣਕਾਰੀ ਲਈ ਪ੍ਰੋ. ਹਰਭਜਨ ਸਿੰਘ (ਫੋਨ: 209-222-3866) ਅਤੇ ਹਰਜਿੰਦਰ ਪੰਧੇਰ (ਫੋਨ: 209-610-5055) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਫਰਿਜ਼ਨੋ ਏਰੀਏ ਦੀ ਸਿੱਖ ਸੰਗਤ ਦੀ ਗੋਰਿਆਂ ਦੇ ਸਮਾਗਮਾਂ 'ਚ ਸਮੂਲੀਅਤ ਸਿੱਖ ਪਹਿਚਾਣ ਲਈ ਮੀਲ ਪੱਥਰ ਸਾਬਤ ਹੋਈ

ਇੰਗਲਸ ਚੈਨਲਾਂ ਤੇ "ਵੂਈ ਆਰ ਸਿੱਖਸ" ਦੇ ਬੈਨਰ ਹੇਠ ਸਿੱਖ ਪਹਿਚਾਣ ਲਈ ਐਡ ਸੁਰੂ ਕੀਤੀ ਗਈ ਸੀ ਜਿਸਨੂੰ ਭਰਵਾ ਹੁੰਗਾਰਾ ਮਿਲਣ ਮਗਰੋਂ ਸਿੱਖ ਸੰਸਥਾਵਾਂ ਨੇ ਇਸ ਸਾਲ ਫੋਰਥ ਆਫ ਜੁਲਾਈ ਸਮਾਗਮਾਂ ਵਿੱਚ ਹਿੱਸਾ ਲੈਣ ਦਾ ਫੈਸਲਾ ਲਿਆ "ਤੇ ਸ਼ਾਇਦ ਪਹਿਲੀ ਵਾਰ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਪੰਜਾਬੀ ਸੂਟ ਪਹਿਨ ਕੇ ਤੇ ਦਸਤਾਰਾਂ ਸਜਾ ਕੇ ਫਰਿਜ਼ਨੋ ਸਹਿਰ ਦੇ ਚੱਕਚਾਂਸੀ ਪਾਰਕ ਵਿੱਚ ਨੈਸਨਲ ਗੇਮ ਬੇਸਬਾਲ ਵੇਖਣ ਲਈ ਹੁੰਮ-ਹੁਮਾ ਕੇ ਪਹੁੰਚੀ ਤੇ ਪੂਰਾ ਗਰਿਜ਼ਲੀ ਸਟੇਡੀਅਮ ਖਾਲਸਾਈ ਰੰਗ ਵਿੱਚ ਰੰਗਿਆ ਪ੍ਰਤੀਤ ਹੋ ਰਿਹਾ ਸੀ। ਬੇਸਬਾਲ ਗੇਮ ਸੁਰੂ ਹੋਣ ਤੋਂ ਪਹਿਲਾਂ ਤਕਰੀਬਨ ਪੰਜਾਹ ਸਿੱਖਾਂ ਨੇ ਫਲੈਗ ਮਾਰਚ ਰਸਮ ਵਿੱਚ ਹਿੱਸਾ ਲਿਆ।

ਇਸ ਮੌਕੇ ਗੱਲਬਾਤ ਕਰਦਿਆਂ ਸਾਬਕਾ ਕਰਮਨ ਸਿਟੀ ਕੌਂਸਲਰ ਬਿੱਲ ਨਿੱਝਰ ਨੇ ਕਿਹਾ ਕਿ ਉਹਨਾਂ ਪੀਸੀਏ ਅਤੇ ਹੋਰ ਸਿੱਖ ਸੰਸਥਾਵਾਂ ਨਾਲ ਰਲ ਕੇ ਗਰਿਜ਼ਲੀ ਬੇਸਬਾਲ ਦੀਆਂ ਤਿੰਨ ਸੌ ਦੇ ਕਰੀਬ ਟਿਕਟਾਂ ਖਰੀਦ ਲਈਆਂ ਸਨ ਤੇ ਮੁਫ਼ਤ ਵਿੱਚ ਸਿੱਖ ਸੰਗਤ ਨੂੰ ਇਸ ਗੇਮ ਦਾ ਨਜ਼ਾਰਾ ਵੇਖਣ ਲਈ ਸੱਦਾ ਦਿੱਤਾ ਗਿਆ ਸੀ। ਫਰਿਜਨੋ ਏਰੀਏ ਦੀ ਸਿੱਖ ਸੰਗਤ ਨੇ ਵੱਡੀ ਗਿਣਤੀ ਵਿੱਚ ਦਸਤਖਤ ਦੇ ਕੇ ਸਾਡਾ ਮਾਣ ਰੱਖਿਆ। ਇਸ ਮੌਕੇ ਬਹੁਤ ਸਾਰੇ ਗੋਰੇ ਲੋਕ ਸਿੱਖਾਂ ਦਾ ਗੇਮ ਉਤੇ ਸਵਾਗਤ ਕਰਦੇ ਵੀ ਵੇਖੇ ਗਏ। ਇਸ ਮੌਕੇ ਸ਼ਾਮ ਨੂੰ ਫਾਇਰ-ਵਰਕਸ ਵੇਖਣਯੋਗ ਸੀ। ਪੀਸੀਏ ਮੈਂਬਰ ਗੁਰਨੇਕ ਸਿੰਘ ਬਾਗੜੀ ਨੇ ਕਿਹਾ ਕਿ ਜਿਸ ਮਕਸਦ ਲਈ ਅਸੀਂ ਉਪਰਾਲਾ ਅਰੰਭਿਆ ਸੀ ਉਹ ਕਾਮਯਾਬ ਰਿਹਾ । ਕਮਿਊਨਿਟੀ ਵਲੋਂ ਮਿਲੇ ਇੰਨੇ ਭਰਵੇਂ ਸਹਿਯੋਗ ਲਈ ਉਹਨਾਂ ਸਮੂਹ ਸਿੱਖ ਸੰਗਤ ਦਾ ਧੰਨਵਾਦ ਕੀਤਾ।

ਇਸੇ ਤਰਾਂ ਫੋਰਥ ਜੁਲਾਈ ਨੂੰ ਮੁੱਖ ਰੱਖਕੇ ਵਾਈਸਾਲੀਆ ਸਹਿਰ ਦਾ ਫਾਇਰਵਰਕਸ ਵੀ ਸਿੱਖ ਕਮਿਊਨੰਟੀ ਵੱਲੋਂ ਸਪਾਂਸਰ ਕੀਤਾ ਗਿਆ ਸੀ। ਪੰਜ ਜੁਲਾਈ ਨੂੰ ਸਿਲਮਾਂ ਸਿਟੀ ਦੇ ਸਹਿਯੋਗ ਨਾਲ ਸਥਾਨਿਕ ਪਾਰਕ ਵਿੱਚ ਸਿੱਖ ਸੰਗਤ ਵੱਲੋਂ ਸਭ ਜਾਤੀਆਂ-ਧਰਮਾਂ ਲਈ ਸਾਂਝਾਂ ਲੰਗਰ ਲਾਇਆ ਗਿਆ। ਇਸ ਮੌਕੇ ਬਿਲਕੁਲ ਮੁਫ਼ਤ ਅਮਰੀਕਨ, ਇੰਡੀਅਨ ਤੇ ਮੈਕਸੀਕਨ ਫੂਡ ਵਰਤਾਇਆ ਗਿਆ ਤੇ ਸਿੱਖ ਲਿਟਰੇਚਰ ਵੀ ਵੰਡਿਆ ਗਿਆ। ਸਿੱਖ ਪਹਿਚਾਣ ਨੂੰ ਮੁੱਖ ਰੱਖਕੇ ਸੰਗਤ ਦਸਤਾਰਾ ਅਤੇ ਦੁਪੱਟੇ ਸਜਾਕੇ ਪਹੁੰਚੀਆਂ ਹੋਈਆਂ ਸਨ। ਇਸ ਮੌਕੇ ਪ੍ਰਬੰਧਕ ਵੀਰ ਜਿਨ੍ਹਾਂ ਵਿੱਚ ਜਸਵੰਤ ਸਿੰਘ ਬੱਲ, ਬੇਅੰਤ ਸੰਧੂ (ਹੈਨਫਰਡ), ਨਿੱਕ ਸਹੋਤਾ ( ਸਿਲਮਾਂ), ਸਮਰਵੀਰ ਸਿੰਘ ਵਿਰਕ, ਪ੍ਰਮੋਧ ਲੋਈ, ਸੁਖਬੀਰ ਸਿੰਘ ਭੰਡਾਲ, ਡਾ. ਸ਼ਰਨਜੀਤ ਸਿੰਘ ਪੁਰੇਵਾਲ, ਅੰਮ੍ਰਿਤਪਾਲ ਸਿੰਘ ਔਲਖ (ਵਾਈਸਾਲੀਆ) ਨੇ ਸਾਝੇ ਪ੍ਰੈਸ ਨੋਟ ਵਿੱਚ ਕਿਹਾ ਕਿ ਸਿੱਖ ਪਹਿਚਾਣ ਨੂੰ ਮੁੱਖ ਰੱਖਕੇ ਉਲੀਕੇ ਇਹ ਪ੍ਰੋਗ੍ਰਾਮ ਬੇਹੱਦ ਸਫ਼ਲ ਰਹੇ ਅਤੇ ਸਮੂਹ ਸੰਗਤ ਇਸ ਸੁਭ ਕਾਰਜ ਨੂੰ ਨੇਪਰੇ ਚਾੜਨ ਲਈ ਵਧਾਈ ਦੀ ਪਾਤਰ ਹੈ।

## ਸਿੱਖ ਸਦਭਾਵਨਾ ਦਲ ਦੇ ਜਨਰਲ ਇਜਲਾਸ ਦੌਰਾਨ 23 ਮੈਂਬਰੀ ਜਥੇਬੰਦਕ ਢਾਂਚਾ ਕਾਇਮ

ਭਾਈ ਗੁਰਬਿੰਦਰ ਸਿੰਘ ਫ਼ਰੀਦਕੋਟ, ਭਾਈ ਨਰਿੰਦਰਪਾਲ ਸਿੰਘ ਮਾਛੀਵਾੜਾ, ਭਾਈ ਮਨਜੀਤ ਸਿੰਘ ਕਾਨ੍ਹਪੁਰ ਤੇ ਬਾਬਾ ਰਾਜਨ ਸਿੰਘ ਅੰਮ੍ਰਿਤਸਰ ਸਾਹਿਬ (ਸੱਤੇ ਮੀਤ ਪ੍ਰਧਾਨ), ਭਾਈ ਭੁਪਿੰਦਰ ਸਿੰਘ ਫਤਿਹਗੜ੍ਹ ਸਾਹਿਬ, ਬੀਬੀ ਸੁਰਿੰਦਰ ਕੌਰ ਪਟਿਆਲਾ, ਭਾਈ ਪੂਰਨ ਸਿੰਘ ਅੰਮ੍ਰਿਤਸਰ ਸਾਹਿਬ ਤੇ ਭਾਈ ਗੁਰਪ੍ਰੀਤ ਸਿੰਘ ਜਗਰਾਓਂ (ਚਾਰੇ ਸਕੱਤਰ), ਬੀਬੀ ਕੰਵਲਜੀਤ ਕੌਰ ਸ੍ਰੀ ਅੰਮ੍ਰਿਤਸਰ ਸਾਹਿਬ, ਭਾਈ ਸੁਖਪ ਸਿੰਘ ਤਰਨ ਤਾਰਨ ਸਾਹਿਬ, ਬਾਪੂ ਗੁਲਜ਼ਾਰ ਸਿੰਘ ਫ਼ਿਰੋਜ਼ਪੁਰ, ਭਾਈ ਪਿੱਪਲ ਸਿੰਘ ਬਠਿੰਡਾ ਤੇ ਭਾਈ ਮਨਜੀਤ ਸਿੰਘ ਪਟਿਆਲਾ (ਪੰਜੇ ਜਥੇਬੰਦਕ ਸਕੱਤਰ), ਭਾਈ ਮਨਜੀਤ ਸਿੰਘ ਲੁਧਿਆਣਾ (ਮੁੱਖ ਖ਼ਜ਼ਾਨਚੀ) ਤੇ ਭਾਈ ਇਕਬਾਲ ਸਿੰਘ ਅੰਮ੍ਰਿਤਸਰ ਸਾਹਿਬ (ਸਹਾਇਕ ਖ਼ਜ਼ਾਨਚੀ) ਨਿਯੁਕਤ ਕੀਤੇ ਗਏ।

## ਲਾਈਵਓਕ ਦੀਆਂ ਤੀਆਂ 'ਚ ਬੀਬੀਆਂ ਨੂੰ ਮਿਸ ਪੂਜਾ ਨੇ ਨਚਾਇਆ

ਮੁੱਖ ਪ੍ਰਬੰਧਕ ਜਸਮਿੰਦਰ ਮੱਟੂ ਨੇ ਦਸਿਆ ਕਿ ਪਹਿਲੇ ਸਾਲਾਂ ਨਾਲੋਂ ਗਰਮੀ ਦੇ ਬਾਵਜੂਦ ਬੀਬੀਆਂ ਦੀ ਰਿਕਾਰਡ ਤੋੜ ਆਮਦ ਰਹੀ। ਉਨ੍ਹਾਂ ਇਸ ਮੌਕੇ ਸਾਰੇ ਸਪੌਂਸਰਾਂ ਦਾ ਮਾਲੀ ਤੌਰ ਤੇ ਮਦਦ ਕਰਨ ਦਾ ਧੰਨਵਾਦ ਵੀ ਕੀਤਾ।

ਸਟੇਜ ਦੀ ਕਾਰਵਾਈ ਪੰਜਾਬੀ ਸਟੇਜਾਂ ਦੀ ਮਲਿਕਾ ਵਜੋਂ ਜਾਣੀ ਜਾਂਦੀ ਬੀਬੀ ਆਸ਼ਾ ਸ਼ਰਮਾ ਨੇ ਬਾਖੂਬੀ ਨਿਭਾਈ। ਇਸ ਪ੍ਰੋਗਰਾਮ ਵਿਚ ਬੀਬੀਆਂ ਦਾ ਗਿੱਧਾ, ਬੱਚਿਆਂ ਦਾ ਗਿੱਧਾ, ਭੰਗੜੇ ਤੋਂ ਇਲਾਵਾ ਬੀਬੀਆਂ ਦੀਆਂ ਖੁਲ੍ਹੀਆਂ ਬੋਲੀਆਂ ਆਕਰਸ਼ਿਤ ਰਹੀਆਂ। ਬੀਬੀਆਂ ਨੇ ਅਖੀਰ ਵਿਚ ਪਿੜ ਮੱਲ ਲਿਆ ਤੇ ਖੂਬ ਧਮਾਲ ਪਾਈ। ਬਖਸ਼ਿੰਦਰ ਥਿਆੜਾ ਤੇ ਪ੍ਰਬੰਧਕਾਂ ਵੱਲੋਂ ਮਿਸ ਪੂਜਾ ਨੂੰ ਪਲੈਕ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

## ਜੀਐਸਟੀ ਦੇ ਵਿਰੋਧ 'ਚ ਚਮੜੇ ਦੇ ਵਪਾਰੀਆਂ ਵੱਲੋਂ ਮਰੇ ਪਸ਼ੂ ਚੁੱਕਣ ਤੋਂ ਇਨਕਾਰ

ਹੱਡਾਰੋੜੀ 'ਤੇ ਲਿਜਾ ਕੇ ਉਨ੍ਹਾਂ ਦਾ ਕੱਚਾ ਚਮੜਾ ਉਤਾਰ ਕੇ ਅੱਗੇ ਵੇਚਦੇ ਹਨ, ਜਿਸ ਨਾਲ ਉਨ੍ਹਾਂ ਦੇ ਘਰਾਂ ਦਾ ਗੁਜ਼ਾਰਾ ਚੱਲਦਾ ਹੈ। ਉਨ੍ਹਾਂ ਕਿਹਾ ਕਿ ਇਸ ਧੰਦੇ ਨਾਲ ਜੁੜੇ ਜ਼ਿਆਦਾਤਰ ਵਪਾਰੀ ਤੇ ਕਾਰੋਬਾਰੀ ਅਨਪੜ੍ਹ ਹਨ, ਜੋ ਜੀਐਸਟੀ ਦਾ ਹਿਸਾਬ ਨਹੀਂ ਰੱਖ ਸਕਦੇ ਹਨ। ਉਨ੍ਹਾਂ ਨੂੰ ਏਨਾ ਪਤਾ ਹੈ ਕਿ ਜੀਐਸਟੀ ਲੱਗਣ ਨਾਲ ਉਨ੍ਹਾਂ ਨੂੰ ਵਪਾਰ ਵਿੱਚ ਵੱਡਾ ਘਾਟਾ ਪਵੇਗਾ। ਇਸ ਦੌਰਾਨ ਪੰਜਾਬ ਹਾਈਡ ਐਂਡ ਸਕਿਨ ਮਰਚੈਂਟ ਐਸੋਸੀਏਸ਼ਨ ਨਾਲ ਜੁੜੇ ਜਲੰਧਰ ਦੇ ਸਾਬਕਾ ਮੇਅਰ ਸੁਰਿੰਦਰ ਮਹੇ ਦਾ ਕਹਿਣਾ ਸੀ ਕਿ ਸੂਬੇ ਵਿੱਚ 12000 ਪਿੰਡ ਹਨ। ਇਨ੍ਹਾਂ ਵਿੱਚੋਂ ਲੱਖਾਂ ਦੀ ਗਿਣਤੀ ਵਿੱਚ ਲੋਕ ਕੱਚੇ ਚਮੜੇ ਦੇ ਵਪਾਰ ਨਾਲ ਜੁੜੇ ਹੋਏ ਹਨ, ਜੋ ਗ਼ਰੀਬ ਤੇ ਅਨਪੜ੍ਹ ਹਨ। ਉਨ੍ਹਾਂ ਕਿਹਾ ਕਿ ਉਹ ਸਿਰਫ਼ ਮਰੇ ਜਾਨਵਰ ਨੂੰ ਚੁੱਕਦੇ ਹਨ ਤੇ ਉਸ ਦਾ ਚਮੜਾ ਉਤਾਰ ਕੇ ਅੱਗੇ ਵਪਾਰੀਆਂ ਨੂੰ ਭੇਜ ਦਿੰਦੇ ਹਨ, ਇਸ ਲਈ ਉਹ ਜੀਐਸਟੀ ਕਿਉਂ ਭਰਨ?

ਉਨ੍ਹਾਂ ਕਿਹਾ ਕਿ 2002 ਵਿੱਚ ਵੀ ਸੂਬਾ ਸਰਕਾਰ ਕੋਲੋਂ ਇਸ ਵਪਾਰ ਨੂੰ ਵੈਟ ਮੁਕਤ ਕਰਵਾਇਆ ਸੀ ਤੇ ਹੁਣ ਵੀ ਉਹ ਸੂਬੇ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਕੇਂਦਰ ਸਰਕਾਰ ਦੇ ਅਧਿਕਾਰੀਆਂ ਨੂੰ ਮਿਲੇ ਸਨ। ਉਨ੍ਹਾਂ ਭਰੋਸਾ ਦਿਵਾਇਆ ਸੀ ਕਿ ਕੱਚੇ ਚਮੜੇ 'ਤੇ ਜੀਐਸਟੀ ਨਹੀਂ ਲੱਗੇਗਾ, ਇਸ ਦੇ ਬਾਵਜੂਦ ਕੱਚੇ ਚਮੜੇ 'ਤੇ 5 ਫ਼ੀਸਦੀ ਜੀਐਸਟੀ ਲਾ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਪੂਰੇ ਉਤਰੀ ਭਾਰਤ ਵਿੱਚ ਚਾਰ ਮੰਡੀਆਂ ਹਨ, ਜਿੱਥੇ ਕੱਚਾ ਚਮੜਾ ਵਿਕਦਾ ਹੈ। ਇਸ ਵਿੱਚ ਬੂਟਾ ਮੰਡੀ ਨਕੋਦਰ ਰੋਡ, ਫਿਲੌਰ, ਅੰਮ੍ਰਿਤਸਰ ਤੇ ਮਾਲੇਰਕੋਟਲਾ ਸ਼ਾਮਲ ਹਨ। ਇਨ੍ਹਾਂ ਮੰਡੀਆਂ ਵਿੱਚ ਵਪਾਰੀਆਂ ਨੇ ਕੰਮਕਾਜ ਬੰਦ ਕਰ ਦਿੱਤਾ ਹੈ ਤੇ ਅਣਮਿਥੇ ਸਮੇਂ ਦੀ ਹੜਤਾਲ 'ਤੇ ਚਲੇ ਗਏ ਹਨ। ਉਨ੍ਹਾਂ ਕਿਹਾ ਕਿ ਸਰਕਾਰ ਇਸ ਵਪਾਰ ਨੂੰ ਜੀਐਸਟੀ ਮੁਕਤ ਕਰੇ ਤਾਂ ਜੋ ਇਹ ਕੰਮ ਲੀਹ 'ਤੇ ਆ ਸਕੇ।


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sunsolarmax.com

SUNPREME
Premium Bifacial Thin Film Solar


THATH
ਵੱਖਰੇ
BIKKAR
BADSHAH
ENTERTAINMENT
BULLET
JUS 24X7
FREE PREVIEW!
Only on Dish TV
CH 743
March 29 -April 12
subscribe now
JUS Pack
has it all!
jus punjabi
JUS one
JUS 24X7
9X TASHAN
4 channels for only $14.99 on dish | sling
Call 1-888-246-6242 to Subscribe
and get a gift card worth $200
Promotion code: JUS
*only for new customers limited time
for advertisement & more information call: +1-718-752-9290
www.jusbroadcasting.com


Canadian
Highest Grade Wheat
Say Bana
SHER®
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com